# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 02 | 10 January 2018 to 16 January 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਅਮਰੀਕਾ ਦੇ ਗੁਰਦੁਆਰਿਆਂ ਵਿੱਚ ਵੀ ਭਾਰਤ ਸਰਕਾਰ ਦੇ ਨੁਮਾਇੰਦਿਆਂ ਦਾ ਦਾਖ਼ਲਾ ਰੋਕਿਆ

**➪ 96 ਗੁਰਦੁਆਰਿਆਂ ਦੇ ਨੁਮਾਇੰਦਿਆਂ ਵਲੋਂ ਭਰਵੇਂ ਵਿਚਾਰ ਵਟਾਂਦਰੇ ਬਾਅਦ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਅਹਿਮ ਐਲਾਨ**




**ਨਿਊਯਾਰਕ/ਬਿਊਰੋ ਨਿਊਜ਼:**
ਯੂਰਪ ਵਿਚਲੇ ਗੁਰਦੁਆਰਿਆਂ ਵਿੱਚ ਭਾਰਤ ਸਰਕਾਰ ਦੇ ਨੁਮਾਇੰਦਿਆਂ 'ਤੇ ਦਾਖ਼ਲੇ ਉੱਤੇ ਰੋਕਾਂ ਬਾਅਦ ਅਮਰੀਕੀ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਂਝੇ ਤੌਰ ਲਏ ਗਏ ਫੈਸਲੇ ਅਨੁਸਾਰ ਅਮਰੀਕਾ ਦੇ 96 ਗੁਰਦੁਆਰਿਆਂ ਵਿਚ ਦਾਖ਼ਲੇ ਅਤੇ ਨਗਰ ਕੀਰਤਨਾ ਵਿਚ ਸ਼ਮੂਲੀਅਤ ਅਤੇ ਭਾਰਤੀ ਸਰਕਾਰ ਦੇ ਅਧਿਕਾਰੀਆਂ/ਨੁਮਾਇੰਦਿਆਂ 'ਤੇ ਸਖ਼ਤ ਪਾਬੰਦੀ ਲਾਗੂ ਕਰਨ ਦਾ ਅਹਿਮ ਐਲਾਨ ਕੀਤਾ ਗਿਆ ਹੈ। ਇਸ ਮਹੱਤਵਪੂਰਨ ਫੈਸਲਾ ਅਮਰੀਕੀ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਦੀ 6 ਜਨਵਰੀ 2018 ਸ਼ਨਿੱਚਰਵਾਰ ਨੂੰ ਹੋਈ ਟੈਲੀਕਾਨਫਰੰਸ ਰਾਹੀਂ ਲਿਆ ਗਿਆ । ਇਸ ਬਾਰੇ ਸਰਬਸੰਮਤੀ ਨਾਲ ਮਨਜ਼ੂਰ ਕੀਤਾ ਮਤਾ ਤੁਰੰਤ ਲਾਗੂ ਹੋਵੇਗਾ। ਇਸ ਮਤੇ ਦੀਆਂ ਕਾਪੀਆਂ ਟੈਲੀਕਾਨਫਰੰਸ ਵਿਚ ਭਾਗ ਲੈਣ ਵਾਲੇ ਸਮੂਹ ਗੁਰਦੁਆਰਿਆਂ ਦੇ ਬੁਲੇਟਿਨ ਬੋਰਡਾਂ 'ਤੇ ਲਾਈ ਜਾਵੇਗੀ।

ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਹਿੰਮਤ ਸਿੰਘ ਨੇ ਦੱਸਿਆ ਕਿ ਇਸ ਸਾਂਝੇ ਫ਼ੈਸਲੇ ਤਹਿਤ ਅਮਰੀਕਾ ਦੇ 96 ਗੁਰਦੁਆਰਿਆਂ ਵਿੱਚ ਭਾਰਤ ਸਰਕਾਰ ਦੇ ਅਧਿਕਾਰੀਆਂ ਅਤੇ ਨੁਮਾਇੰਦਿਆਂ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਨਗਰ ਕੀਰਤਨ ਜਾਂ ਸਮਾਜਿਕ ਤੇ ਧਾਰਮਿਕ ਸਮਾਗਮਾਂ ਵਿੱਚ ਵੀ

ਬਾਕੀ ਸਫ਼ਾ 31 'ਤੇ

## 'ਆਧਾਰ' ਡੇਟਾ ਨੂੰ ਸੰਨ੍ਹ ਲਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ

***ਜਾਣਕਾਰੀ ਗੁਪਤ ਰੱਖਣ ਬਾਰੇ ਮੋਦੀ ਸਰਕਾਰ ਦੇ ਦਾਅਵਿਆਂ ਦੀ ਚਿੱਟੇ ਦਿਨ ਖੁਲ੍ਹੀ ਪੋਲ***

**ਨਵੀਂ ਦਿੱਲੀ/ਬਿਊਰੋ ਨਿਊਜ਼:**
ਭਾਰਤ ਦੇ ਹਰ ਨਾਗਰਿਕ ਲਈ ਆਧਾਰ ਜ਼ਰੂਰੀ ਕਰਨ ਵਾਲੀ ਮੋਦੀ ਸਰਕਾਰ ਵਲੋਂ ਕਾਰਡ ਧਾਰਕਾਂ ਦੀ ਨਿੱਜੀ ਜਾਣਕਾਰੀ ਗੁਪਤ ਰੁਖਣ ਦੇ ਦਾਅਵਿਆਂ ਦੀ ਪੋਲ ਸ਼ਰੇਆਮ ਖੁਲ੍ਹ ਜਾਣ ਬਾਅਦ ਸਰਕਾਰ ਨੇ ਉਲਟਾ ਇਹ ਗੰਭੀਰ ਮਾਮਲਾ ਉਭਾਰਣ ਵਾਲਿਆਂ ਖਿਲਾਫ਼ ਹੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦਿੱਲੀ ਪੁਲੀਸ ਨੇ ਚੰਡੀਗੜ੍ਹ ਤੋਂ ਛਪਦੇ ਉੱਤਰੀ ਭਾਰਤ ਦੇ ਉੱਘੇ ਅਖ਼ਬਾਰ ਦ ਟ੍ਰਿਬਿਊਨ, ਉਸ ਦੀ ਪੱਤਰਕਾਰ ਅਤੇ ਅਣਪਛਾਤੇ ਲੋਕਾਂ ਖ਼ਿਲਾਫ਼ ਆਧਾਰ ਡੇਟਾ ਤਕ ਗੈਰਕਾਨੂੰਨੀ ਪਹੁੰਚ ਦੇ ਮਾਮਲੇ ਵਿੱਚ ਦਰਜ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਏਸੀਪੀ ਸੰਦੀਪ ਲਾਂਬਾ ਨੇ ਦੱਸਿਆ ਕਿ ਉਨ੍ਹਾਂ ਨੂੰ ਨਿਊਜ਼ ਰਿਪੋਰਟ ਤੋਂ ਅਜਿਹਾ ਕਰਨ ਵਾਲੇ ਤਿੰਨ ਲੋਕਾਂ ਦੇ ਨਾਵਾਂ ਦੀ ਜਾਣਕਾਰੀ ਮਿਲੀ ਹੈ। ਪੁਲੀਸ ਡੇਟਾ ਤਕ ਗੈਰਕਾਨੂੰਨੀ ਪਹੁੰਚ ਹਾਸਲ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਯੋਜਨਾ ਬਣਾ ਰਹੀ ਹੈ।

ਜੁਆਇੰਟ ਕਮਿਸ਼ਨਰ ਆਲੋਕ ਕੁਮਾਰ ਨੇ ਦੱਸਿਆ ਕਿ ਪੁਲੀਸ ਦ ਟ੍ਰਿਬਿਊਨ ਦੀ ਰਿਪੋਰਟਰ ਰਚਨਾ ਖਹਿਰਾ ਦੀ ਭੂਮਿਕਾ ਨੂੰ ਸਕਾਰਾਤਮਕ ਨਜ਼ਰੀਏ ਨਾਲ ਦੇਖ ਰਹੀ ਹੈ ਅਤੇ ਉਸ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਜਾਵੇਗਾ।

AADHAAR

ਉਨ੍ਹਾਂ ਕਿਹਾ, ਅਸੀਂ ਚਾਹੁੰਦੇ ਹਾਂ ਕਿ ਉਹ ਗਵਾਹ ਬਣੇ ਕਿਉਂਕਿ ਉਸ ਕੋਲ ਇਸ ਸਬੰਧੀ ਪੂਰੇ ਸਬੂਤ ਹਨ। ਉਨ੍ਹਾਂ ਕਿਹਾ ਕਿ ਉਹ ਡਾਟਾਬੇਸ ਤਕ ਪਹੁੰਚ ਦੇਣ ਵਾਲੀ ਲੌਗ ਇਨ ਆਈ ਡੀ ਬਣਾਉਣ ਵਾਲੇ ਤੋਂ ਵੀ ਪੁੱਛਗਿਛ ਕਰਨ ਦੀ ਤਿਆਰੀ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸਾਈਬਰ ਅਪਰਾਧ ਸ਼ਾਖਾ ਨੇ ਐਤਵਾਰ ਨੂੰ ਯੂਨੀਕ ਆਇਡੈਂਟੀਫਿਕੇਸ਼ਨ ਆਫ ਇੰਡੀਆ (ਯੂਆਈਡੀਏਆਈ) ਦੇ ਇਕ ਅਫਸਰ

ਬਾਕੀ ਸਫ਼ਾ 33 'ਤੇ

## ਐਚ-1ਬੀ ਵੀਜ਼ਾ ਮਾਮਲੇ 'ਚ ਭਾਰਤੀ ਆਈਟੀ ਮਾਹਿਰਾਂ ਨੂੰ ਰਾਹਤ

**ਵਾਸ਼ਿੰਗਟਨ/ਬਿਊਰੋ ਨਿਊਜ਼:**
ਭਾਰਤੀ ਆਈਟੀ ਮਾਹਿਰਾਂ ਨੂੰ ਰਾਹਤ ਦਿੰਦਿਆਂ ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਅਜਿਹੀ ਕਿਸੇ ਤਜਵੀਜ਼ ਬਾਰੇ ਵਿਚਾਰ ਨਹੀਂ ਕਰ ਰਿਹਾ ਹੈ ਜਿਸ ਤਹਿਤ




ਐਚ-1ਬੀ ਵੀਜ਼ਾ ਧਾਰਕਾਂ ਨੂੰ ਮੁਲਕ ਛੱਡਣਾ ਪਏ। ਅਮਰੀਕੀ ਨਾਗਰਿਕ ਅਤੇ ਪਰਵਾਸ ਸੇਵਾਵਾਂ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਰਿਪੋਰਟਾਂ ਆਈਆਂ ਸਨ ਕਿ ਟਰੰਪ ਪ੍ਰਸ਼ਾਸਨ ਐਚ-1ਬੀ ਵੀਜ਼ਾ ਨੇਮਾਂ ਨੂੰ ਸਖ਼ਤ ਕਰਨ ਬਾਰੇ ਵਿਚਾਰਾਂ ਕਰ ਰਿਹਾ ਹੈ ਜਿਸ ਨਾਲ ਸਾਢੇ 7 ਲੱਖ ਭਾਰਤੀਆਂ ਦੀ ਮੁਲਕ ਵਾਪਸੀ ਹੋ ਸਕਦੀ ਹੈ। ਰਿਪੋਰਟਾਂ 'ਚ ਕਿਹਾ ਗਿਆ ਸੀ ਕਿ ਐਚ-1ਬੀ ਧਾਰਕਾਂ ਦੀ ਮਿਆਦ ਨੂੰ ਵਧਾਉਣ ਬਾਰੇ ਵਿਚਾਰ ਨਹੀਂ ਕੀਤਾ ਜਾ ਰਿਹਾ। ਅਧਿਕਾਰੀ ਨੇ ਕਿਹਾ ਕਿ ਹੁਣ ਐਚ-1ਬੀ ਵੀਜ਼ਾਧਾਰਕ 6 ਸਾਲ

ਬਾਕੀ ਸਫ਼ਾ 31 'ਤੇ

## ਹਨੇਰੇ ਅਨਸਰਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਈ 'ਰੌਸ਼ਨਰੂਹ'

### *ਚੀਫ ਖਾਲਸਾ ਦੀਵਾਨ ਦੇ ਅਹੁਦਿਓਂ ਲਾਹੇ ਪ੍ਰਧਾਨ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਨੇ ਬਦਨਾਮੀ ਡਰੋਂ ਖ਼ੁਦਕੁਸ਼ੀ ਕੀਤੀ*

**ਅੰਮ੍ਰਿਤਸਰ/ਬਿਊਰੋ ਨਿਊਜ਼**
ਇਤਰਾਜ਼ਯੋਗ ਵੀਡੀਓ ਮਾਮਲੇ ਵਿੱਚ ਘਿਰੇ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਨੇ ਬੇਵਜ੍ਹਾ ਹੋਈ ਬਦਨਾਮੀ ਤੋਂ ਨਿਰਾਸ਼ ਹੋ ਕੇ ਲੰਘੇ ਬੁੱਧਵਾਰ (3 ਜਨਵਰੀ) ਨੂੰ ਆਪਣੇ ਲਾਇਸੈਂਸੀ ਹਥਿਆਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ।

ਪ੍ਰਾਪਤ ਵੇਰਵਿਆਂ ਅਨੁਸਾਰ ਇੰਦਰਪ੍ਰੀਤ ਸਿੰਘ ਚੱਢਾ ਦਾ ਇਸ ਵੀਡੀਓ ਨਾਲ ਕੋਈ ਸਬੰਧ ਨਹੀਂ ਸੀ। ਸਾਰੀ ਘਟਨਾ ਉਸਦੇ ਪਿਓ ਨਾਲ ਸਬੰਧਿਤ ਦੱਸੀ ਜਾਂਦੀ। ਪਰ ਚੰਡੀਗੜ੍ਹ 'ਚ ਉੱਘੇ ਸਮਾਜ ਸੇਵੀ ਵਜੋਂ ਜਾਣਿਆ ਜਾਂਦਾ ਇਹ ਸਖ਼ਸ਼ ਬਲਾਤਕਾਰ ਦੀ ਅਖੌਤੀ ਸਾਜ਼ਿਸ਼ ਦੇ ਘਿਣਾਉਣੇ ਘਟਨਾਚੱਕਰ ਦਾ ਸ਼ਿਕਾਰ ਹੋ ਗਿਆ। ਦਾਜ ਅਤੇ ਬਲਾਤਕਾਰ ਵਰਗੀਆਂ ਸਮਾਜਿਕ ਬੁਰਾਈਆਂ ਦੀ ਆੜ 'ਚ ਸਿਆਸੀ ਤੇ ਆਰਥਿਕ ਲਾਹਾ ਲੈਣ ਵਾਲੇ ਹਨੇਰੇ ਅਨਸਰਾਂ ਵਲੋਂ ਵਿਛਾਏ ਜਾਲ ਵਲੋਂ ਇੱਕ ਰੌਸ਼ਨ ਰੂਹ ਨੂੰ ਖ਼ੁਦਕੁਸ਼ੀ ਕਰਨ ਲਈ





ਇੰਦਰਪ੍ਰੀਤ ਚੱਢਾ ਦੇ ਸਸਕਾਰ ਮੌਕੇ ਉਸ ਦੇ ਪਰਿਵਾਰਕ ਮੈਂਬਰ ਅਤੇ ਇੰਦਰਪ੍ਰੀਤ ਸਿੰਘ ਦੀ ਫਾਇਲ ਫੋਟੋ।

ਮਜਬੂਤ ਕਰਨ ਦੀ ਇਹ ਦੁਖਦਾਈ ਘਟਨਾ ਇਸ ਸਾਰੇ ਮਾਮਲੇ ਪਿਛਲੀ ਸੱਚਾਈ ਸਬੰਧੀ ਗੰਭੀਰ ਸਵਾਲ ਖੜ੍ਹੇ ਕਰ ਗਈ ਹੈ।

ਸੀਨੀਅਰ ਪੁਲੀਸ ਅਧਿਕਾਰੀ ਨੇ ਘਟਨਾ ਸਥਾਨ 'ਤੇ ਪੁੱਜ ਕੇ ਕੀਤੀ ਬਾਅਦ ਡਿਪਟੀ ਕਮਿਸ਼ਨਰ ਪੁਲੀਸ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇੰਦਰਪ੍ਰੀਤ ਸਿੰਘ ਚੱਢਾ ਨੇ ਬਾਅਦ ਦੁਪਹਿਰ 2:00 ਵਜੇ ਆਪਣੀ ਫਾਰਚੂਨਰ ਗੱਡੀ ਵਿੱਚ ਆਪਣੇ ਸਿਰ 'ਚ ਗੋਲੀ ਮਾਰ ਕੇ ਖ਼ੁਦਕੁਸ਼ੀ ਕੀਤੀ।

ਬਾਕੀ ਸਫ਼ਾ 30 'ਤੇ

## 'ਬਾਬਾ' ਇੰਦਰਪ੍ਰੀਤ ਸਿੰਘ ਚੱਢਾ ਦੇ ਜਾਣ ਨਾਲ ਪੀਜੀਆਈ ਦੇ ਸੈਂਕੜੇ ਮਰੀਜ਼ ਹੋਏ ਬੇਸਹਾਰਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਚੀਫ਼ ਖਾਲਸਾ ਦੀਵਾਨ ਦੇ ਮੁਖੀ ਚਰਨਜੀਤ ਚੱਢਾ ਸਬੰਧੀ ਇਕ ਵੀਡੀਓ ਵਾਇਰਲ ਹੋਣ ਮਗਰੋਂ ਸ੍ਰੀ ਚੱਢਾ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਦੇ ਖੁਦਕੁਸ਼ੀ ਕਰਨ ਨਾਲ ਜਿੱਥੇ ਚੱਢਾ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਥੇ ਪੀ ਜੀ ਆਈ ਚੰਡੀਗੜ੍ਹ ਵਿਚ ਜ਼ੇਰੇ ਇਲਾਜ ਸੈਂਕੜੇ ਮਰੀਜ਼ ਅਤੇ ਉਨ੍ਹਾਂ ਦੇ ਵਾਰਿਸ ਵੀ ਆਪਣੇ ਆਪ ਨੂੰ ਬੇਸਹਾਰਾ ਅਤੇ ਅਨਾਥ ਮਹਿਸੂਸ ਕਰਨ ਲੱਗ ਪਏ ਹਨ।

ਸ੍ਰੀ ਚੱਢਾ ਦੇ ਖੁਦਕੁਸ਼ੀ ਕਰਨ ਮਗਰੋਂ ਉਨ੍ਹਾਂ ਵੱਲੋਂ ਚੰਡੀਗੜ੍ਹ 'ਚ ਪੀ ਜੀ ਆਈ ਦੇ ਮਰੀਜ਼ਾਂ ਦੀ ਸਹਾਇਤਾ ਲਈ ਚਲਾਈ ਜਾ ਰਹੀ ਸੰਸਥਾ ਬਾਰੇ ਇਕ ਟੈਲੀਵਿਜ਼ਨ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਦਰਪ੍ਰੀਤ ਸਿੰਘ ਚੱਢਾ ਪੀ ਜੀ ਆਈ ਦੇ ਕੋਈ 700 ਰਜਿਸਟਰਡ ਮਰੀਜ਼ਾਂ ਦੀ ਸਹਾਇਤਾ ਕਰਦੇ ਸਨ ਜਿਸ ਵਿਚ ਉਨ੍ਹਾਂ ਦੀਆਂ ਦਵਾਈਆਂ

ਬਾਕੀ ਸਫ਼ਾ 30 'ਤੇ


ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਸਾਹਿਬ -ਏ-ਕਮਾਲ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





**ਮਿਲਪੀਟਸ/ਬਿਊਰੋ ਨਿਊਜ਼:** ਮਿਲਪੀਟਸ ਦੀਆਂ ਸਮੂਹ ਸੰਗਤਾਂ ਵਲੋਂ ਸਾਹਿਬ-ਏ-ਕਮਾਲ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 351ਵਾਂ ਆਗਮਨ ਗੁਰਪੁਰਬ ਮੂਲ ਨਾਨਕ ਸ਼ਾਹੀ ਕੈਲੰਡਰ 2003 ਅਨੁਸਾਰ ਭਾਰੀ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਸੋਸਾਇਟੀ ਵਾਲੀਆਂ ਬੀਬੀਆਂ ਵਲੋਂ ਅਰੰਭੇ ਸ੍ਰੀ ਸਹਿਜ ਪਾਠ ਦੇ ਭੋਗ ਤੋਂ ਬਾਅਦ ਖਾਲਸਾ ਸਕੂਲ ਦੇ ਬੱਚਿਆਂ ਵਲੋਂ ਗੁਰਬਾਣੀ ਕੀਰਤਨ ਦੀ ਆਰੰਭਤਾ ਕੀਤੀ ਗਈ ਜਿਸ ਵਿੱਚ ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਕੀਰਤਨ ਕੀਤਾ ਗਿਆ । ਪੰਥ ਪ੍ਰਸਿੱਧ ਕੀਰਤਨੀਏ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਡਾ ਗੁਰਨਾਮ ਸਿੰਘ ਜੀ ਵਲੋਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਕੀਤਾ ਗਿਆ। ਸ੍ਰੀ ਸੁਖਮਨੀ ਸਾਹਿਬ ਸੋਸਾਇਟੀ ਵਾਲੀਆਂ ਬੀਬੀਆਂ ਵਲੋਂ ਵੀ ਗੁਰੂ ਸਾਹਿਬ ਦੀ ਆਮਦ ਦੇ ਮੌਕੇ ਤੇ ਗੁਰੂ ਸਾਹਿਬ ਦੀ ਉਸਤਤ ਵਿੱਚ ਕਵਿਤਾਵਾਂ ਰਾਹੀਂ ਕੀਰਤਨ ਦਰਬਾਰ ਦੀ ਸ਼ੋਭਾ ਵਧਾਈ ਗਈ। ਅੰਤ ਵਿੱਚ ਵਿਸ਼ੇਸ਼ ਸੱਦੇ ਤੇ ਪਹੁੰਚੇ ਬੀਬੀ ਚੰਚਲਦੀਪ ਕੌਰ ਦੇ ਢਾਢੀ ਜੱਥੇ ਨੇ ਗੁਰੂ ਸਾਹਿਬ ਦੀ ਜਨਮ ਸਾਖੀ ਤੇ ਵਿਸਤਾਰ ਨਾਲ ਚਾਨਣਾ ਪਾਇਆ। ਬੀਬੀ ਜੀ ਨੇ ਸਮੂਹ ਸੰਗਤ ਨੂੰ ਅਪਣੇ ਬੱਚਿਆਂ ਪ੍ਰਤੀ ਫਰਜ ਨਿਭਾਉਣ ਦੀ ਬੇਨਤੀ ਵੀ ਕੀਤੀ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਸਮੂਹ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਅਸੀਂ ਸਾਰੇ ਅਪਣੇ ਧਾਰਮਿਕ ਦਿਨ ਮੂਲ ਨਾਨਕ ਸ਼ਾਹੀ ਕੈਲੰਡਰ 2003 ਅਨੁਸਾਰ ਮਨਾਉਣ ਦੇ ਉਪਰਾਲੇ ਕਰੀਏ ਕਿਉਂਕਿ ਪੰਥ ਦੋਖੀਆਂ ਵਲੋਂ ਕਥਿਤ ਤੋਰ ਤੇ ਥੋਪੇ ਗਏ ਬਿਕ੍ਰਮੀ ਕੈਲੰਡਰ ਦੇ ਨਾਮ ਦੇ ਸਿੱਖ ਕੌਮ ਨੂੰ ਹਿੰਦੂਵਾਦ ਦੇ ਗਲਬੇ ਵਿੱਚ ਧੱਕਿਆ ਜਾ ਰਿਹਾ ਹੈ ਅਤੇ ਇਹ ਕੈਲੰਡਰ ਸਿੱਖਾਂ ਦੀ ਅਪਣੀ ਹੋਂਦ ਨੂੰ ਦਰਸ਼ਾਂਦਾ ਹੈ, ਜਦੋਂ ਤੋਂ ਇਸ ਗੁਰੂ ਘਰ ਦੀ ਸਥਾਪਨਾ ਹੋਈ ਹੈ ਇਥੋਂ ਦੀਆਂ ਸੰਗਤਾਂ ਵਲੋਂ ਇਸ ਕੈਲੰਡਰ ਦੇ ਅਨੁਸਾਰ ਹੀ ਸਾਰੇ ਦਿਨ ਮਨਾਏ ਜਾਂਦੇ ਹਨ ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਵੀ ਸੰਗਤਾਂ ਨੂੰ ਮੂਲ ਨਾਕਸ਼ਾਹੀ ਕੈਲੰਡਰ ਅਨੁਸਾਰ ਹੀ ਸਾਰੇ ਦਿਨ ਮਨਾਉਣ ਦੀ ਬੇਨਤੀ ਕੀਤੀ। ਅੰਤ ਵਿੱਚ ਸਰਬਤ ਦੇ ਭਲੇ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ਅਤੇ ਗੁਰੂ ਕੇ ਲੰਗਰ ਅਤੁਟ ਵਰਤੇ।

# ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਏ ਜਾਣ ਲਈ ਏਜੀਪੀਸੀ ਵਲੋਂ ਸਮੂਹ ਜਗਤ ਦਾ ਸ਼ੁਕਰਾਨਾ

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਪੂਰਨ ਤੌਰ ’ਤੇ ਲਾਗੂ ਕਰਕੇ ਸਮੂਹ ਸੰਗਤ ਨੂੰ ਦੁਬਿਧਾ ’ਚੋਂ ਕੱਢਣ ਦੀ ਕੀਤੀ ਅਪੀਲ

**ਫ਼ਰੀਮਾਂਟ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਨਾਨਕਸ਼ਾਹੀ ਕੈਲੰਡਰ 2003 ਮੁਤਾਬਕ ਹਿੰਦੁਸਤਾਨ ਸਮੇਤ ਵਿਦੇਸ਼ਾਂ ’ਚ 5 ਜਨਵਰੀ ਨੂੰ ਸਾਹਿਬ-ਏ-ਕਮਾਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਸਹਿਤ ਮਨਾਉਣ ’ਤੇ ਸਮੂਹ ਜਗਤ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਏਜੀਪੀਸੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਸਿੱਖ ਜਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਜਾਰੀ ਅਪੀਲ ’ਚ ਉਨ੍ਹਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ-2003 ਨੂੰ ਪੂਰਨ ਤੌਰ ’ਤੇ ਲਾਗੂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਿਆ ਕਿਹਾ ਕਿ ਮਨਾਏ ਜਾਣ ਵਾਲੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜਿਆਂ ਦੀ ਉਲਝਣ ’ਚੋਂ ਸਮੂੰਹ ਜਗਤ ਨੂੰ ਕੱਢਣਾ ਅਤਿਅੰਤ ਜ਼ਰੂਰੀ ਹੋ ਗਿਆ ਹੈ। ਏਜੀਪੀਸੀ ਨੇ ਜ਼ੋਰ ਦੇ ਕਿਹਾ ਕਿ ਪੰਥ ਨੂੰ ਭਰੋਸਾ ’ਚ ਲਏ ਬਿਨ੍ਹਾਂ ਮੂਲ ਕੈਲੰਡਰ ’ਚ ਕੀਤੀਆਂ ਗਈਆ ਤਬਦੀਲੀਆਂ ਨਾਲ ਗੁਰਪੁਰਬ ਤੇ ਹੋਰ ਦਿਹਾੜੇ ਉਲਝ ਕੇ ਰਹਿ ਗਏ ਹਨ, ਇਸ ਲਈ ਮੂਲ ਕੈਲੰਡਰ ਦਾ ਲਾਗੂ ਹੋਣਾ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ ’ਤੇ ਲਾਗੂ ਕੀਤਾ ਹੁੰਦਾ ਤਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਪ੍ਰਤੀ ਬਣਿਆ ਵਿਵਾਦ ਵੀ ਨਹੀਂ ਸੀ ਉਪਜਨਾ। ਉਨ੍ਹਾਂ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪਈ ਉਲਝਣ ਦਾ ਕਾਰਨ ਇਹ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ ’ਤੇ ਸੋਧਾਂ ਕਰਕੇ ਸਹੀ ਤਰੀਕੇ ਨਾਲ ਲਾਗੂ ਨਾ ਕਰਨਾ ਹੈ। ਉਨ੍ਹਾਂ ਮੰਗ ਕਰਦਿਆ ਕਿਹਾ ਜਦੋਂ ਤੱਕ ਨਾਨਕਸ਼ਾਹੀ ਕੈਲੰਡਰ ਸਹੀ ਢੰਗ ਨਾਲ ਜਾਰੀ ਨਹੀਂ ਹੁੰਦਾ, ਉਦੋਂ ਤੱਕ ਸਮੂੰਹ ਜਗਤ ਨੂੰ ਅਜਿਹੀ ਉਲਝਣ ਦਾ ਸਾਹਮਣਾ ਕਰਨਾ ਪਵੇਗਾ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਡੀਨੇਟਰ ਸ. ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ ’ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਅਗਵਾਈ ਸਿੱਖ ਲਈ ਉਚ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸਿੱਖਾਂ ਨੇ 5 ਜਨਵਰੀ ਨੂੰ ਦਸਮ ਪਿਤਾ ਦਾ ਗੁਰਪੁਰਬ ਮਨਾਉਣ ਦਾ ਫੈਸਲਾ ਕੀਤਾ ਹੈ। ਜਦ ਕਿ ਕਈ ਸਿੱਖਾਂ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ 2017 ਨੂੰ ਮਨਾ ਲਿਆ ਹੈ। ਸਿੱਖ ਕੌਮ ਨੂੰ ਇਸ ਉਲਝ ’ਚੋਂ ਕੱਢਣ ਲਈ ਸੋਚ-ਵਿਚਾਰ ਕੇ ਦਿਹਾੜਿਆਂ ਤੇ ਗੁਰਪੁਰਬ ਦਾ ਇਕ ਸਮਾਂ ਮਿਥਿਆ ਜਾਵੇ ਤਾਂ ਜੋ ਸਮੂੰਹ ਜਗਤ ਤਿਉਹਾਰ ਨੂੰ ਇਕਜੁਟਤਾ ਨਾਲ ਮਨਾ ਸਕੇ। ਅਮਰੀਕਾ ਦੇ ਦੋਹਾਂ ਸਿੱਖ ਲੀਡਰਾਂ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦੇ ਹਨ ਅਤੇ ਇਹ ਸਮਝਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਤਖ਼ਤਾਂ ਅਤੇ ਸਮੂਹ ਸਿੱਖ ਸੰਗਤ ਨਾਲ ਵਿਚਾਰ ਕਰਕੇ ਇਸ ਸੰਜੀਦਾ ਧਾਰਮਿਕ ਮੁੱਦੇ ’ਤੇ ਫ਼ੈਸਲੇ ਲਈ ਇਕ ਆਮ ਸਹਿਮਤੀ ਬਣਾਉਣਗੇ। ਉਨ੍ਹਾਂ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਪੰਥ ’ਚ ਕਿਸੇ ਤਰ੍ਹਾਂ ਦੇ ਵਲ-ਵਲੇਵੇ ਪਏ ਰਹਿਣ ਇਸ ਕਰਕੇ ਇਸ ਤਰ੍ਹਾਂ ਦੇ ਮਸਲੇ ਜਲਦ ਤੋਂ ਜਲਦ ਹੱਲ ਹੋਣੇ ਚਾਹੀਦੇ ਹਨ।




# “ਬ੍ਰਾਹਮਣਵਾਦ ਤੋਂ ਹਿੰਦੂਵਾਦ: ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ”

## ਕਿਤਾਬ ਅਜੋਕੇ ਸਮੇਂ ਦੇ ਭਖਵੇਂ ਵਿਸ਼ੇ ’ਤੇ ਚਰਚਾ ਦੀ ਪਹਿਲਕਦਮੀ • ਸਿੱਖ ਵਿਦਵਾਨਾਂ ਨੇ ਲੇਖਕ ਡਾ. ਗੁਰਮੀਤ ਸਿੰਘ ਦੀ ਘਾਲਣਾ ਨੂੰ ਸਰਾਹਿਆ

**ਚੰਡੀਗੜ੍ਹ/ਬਿਊਰੋ ਨਿਊਜ਼:** ਸਿੱਖ ਵਿਦਵਾਨ ਡਾ. ਗੁਰਮੀਤ ਸਿੰਘ ਦੀ ਨਵੀਂ ਕਿਤਾਬ “ਬ੍ਰਾਹਮਣਵਾਦ ਤੋਂ ਹਿੰਦੂਵਾਦ: ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ” ਬੁੱਧਵਾਰ ਨੂੰ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ (ਕੇਂਦਰੀ ਸ੍ਰੀ ਗੁਰੂ ਸਿੰਘ ਸਭਾ) 28 ਸਥਿਤ ਚੰਡੀਗੜ੍ਹ ਵਿਖੇ ਇੱਕ ਵਿਸ਼ੇਸ਼ ਮੌਕੇ ਜਾਰੀ ਕੀਤੀ ਗਈ। ਲੇਖਕ ਡਾ. ਗੁਰਮੀਤ ਸਿੰਘ, ਜੋ ਕਿ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਖੇ ਧਰਮ ਅਧਿਐਨ ਵਿਭਾਗ ਦੇ ਮੁਖੀ ਹਨ, ਨੇ ਇਸ ਕਿਤਾਬ ਬਾਰੇ ਸਬੰਧੀ ਸੰਖੇਪ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਲਿਖਤ ਰਾਹੀਂ ਅਜੋਕੇ ਚਿੰਤਨ ਦੇ ਸੰਦਰਭ ਵਿਚ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਬ੍ਰਾਹਮਣਵਾਦ ਵੱਲੋਂ ਰਾਸ਼ਟਰਵਾਦ ਦੇ ਨਾਂ ਹੇਠ ਕਿਵੇਂ ਹਿੰਦੂ ਰਾਸ਼ਟਰ ਦੀ ਸਿਰਜਣਾ ਕਰਨ ਲਈ ਰਸਤਾ ਤਿਆਰ ਕੀਤਾ ਗਿਆ ਹੈ। ਇਸ ਖਿੱਤੇ ਵਿਚ “ਨੇਸ਼ਨ-ਸਟੇਟ” ਦੀ ਉਸਾਰੀ ’ਚ ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ ਨੂੰ ਹਿੰਦੂ ਰਾਸ਼ਟਰ ਦੇ ਸੰਦਾਂ ਵਜੋਂ ਵਰਤਿਆ ਜਾ ਰਿਹਾ ਹੈ।

ਸਮਾਗਮ ਦੇ ਪ੍ਰਧਾਨਗੀ ਭਾਸ਼ਨ ’ਚ ਪ੍ਰੋ. ਮੇਹਰ ਸਿੰਘ ਗਿੱਲ ਨੇ ਪੁਸਤਕ ਸਬੰਧੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗਿਆਨ ਅਤੇ ਸੱਤਾ ਦੀ ਤਾਕਤ ਆਰੰਭ ਤੋਂ ਹੀ ਬ੍ਰਾਹਮਣ ਦੇ ਕਬਜ਼ੇ ’ਚ ਰਹੇ ਹਨ। ਘੱਟ ਗਿਣਤੀ ਹੋਣ ਦੇ ਬਾਵਜੂਦ ਬ੍ਰਾਹਮਣ ਨੇ ਬਹੁਗਿਣਤੀ ਨੂੰ ਸਦੀਆਂ ਤੋਂ ਕਿਵੇਂ ਗੁਲਾਮ ਬਣਾਇਆ ਹੋਇਆ ਹੈ ਇਸ ਗੁੰਝਲਦਾਰ ਵਰਤਾਰੇ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਘੱਟ ਗਿਣਤੀ ਕੌਮਾਂ ਆਪਣੀ ਪਛਾਣ ਬਚਾ ਸਕਣ।

ਸਾਬਕਾ ਆਈ. ਏ. ਐਸ. ਤੇ ਸਿੱਖ ਲੇਖਕ ਸ. ਗੁਰਤੇਜ ਸਿੰਘ ਨੇ ਇਸ ਕਿਤਾਬ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਦੇ ਬਹੁ ਗਿਣਤੀ ਦੀ ਅਗਵਾਈ ਕਰਨ ਵਾਲੇ ਡਾ. ਅੰਬੇਦਕਰ ਵੱਲੋਂ ਸਿੱਖ ਧਰਮ ਨੂੰ ਨਾ ਅਪਣਾਉਣ ਸਬੰਧੀ ਕਾਰਨਾਂ ਦਾ ਵਰਨਣ ਕਰਦੇ ਹੋਏ ਕਿਹਾ ਬ੍ਰਾਹਮਣਵਾਦ ਇਕ ਗੁੰਝਲਦਾਰ ਵਰਤਾਰਾ ਹੈ ਜਿਸ ਵਿਚੋਂ ਬਾਹਰ ਆਉਣਾ ਸੌਖਾ ਨਹੀਂ। ਉਨ੍ਹਾਂ ਡਾ. ਅੰਬੇਦਕਰ ਵੱਲੋਂ ਸਿੱਖੀ ਵਿੱਚ ਨਾ ਆਉਣ ਦੇ ਕਿਤਾਬ ਵਿਚ ਦੱਸੇ ਕਾਰਨਾਂ ਉੱਤੇ ਸਵਾਲ ਚੁੱਕਦਿਆਂ ਕਿਹਾ ਕਿ ਲਿਖਤ ਵਿਚ ਜਿੱਥੇ ਬਾਕੀ ਵਿਸ਼ਾ-ਵਸਤੂ ਬਾਰੇ ਠੋਸ ਹਵਾਲੇ ਅਤੇ ਸਿੱਟੇ ਦਰਜ਼ ਕੀਤੇ ਗਏ ਹਨ ਓਥੇ ਇਸ ਪੱਖ ’ਤੇ ਦਿੱਤੀ ਜਾਣਕਾਰੀ ਪਹਿਲਾਂ ਤੋਂ ਪ੍ਰਚੱਲਤ ਧਾਰਨਾਵਾਂ ਨੂੰ ਹੀ ਦਹੁਰਾਉਂਦੀ ਹੈ।

ਸਿੱਖ ਵਿਦਵਾਨ ਅਜਮੇਰ ਸਿੰਘ ਨੇ ਲੇਖਕ ਦੇ ਉੱਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਡਾ. ਗੁਰਮੀਤ ਸਿੰਘ ਨੇ ਵਿਸ਼ਵ ਪੱਧਰ ਉਤੇ ਵਾਪਰ ਰਹੀਆਂ ਤਬਦੀਲੀਆਂ ਅਤੇ ਅਜੋਕੇ ਚਿੰਤਨ ਅੰਦਰ ਸੰਵਾਦ ਰਚਾਉਣ ਲਈ ਇਸ ਪੁਸਤਕ ਦੁਆਰਾ ਇਕ ਨਿੱਗਰ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਲੇਖਕ ਨੇ ਜਿਸ ਵਿਸ਼ੇ ’ਤੇ ਚਰਚਾ ਛੇੜਨ ਦਾ ਕਦਮ ਚੁੱਕਿਆ ਹੈ ਉਹ ਅੱਜ ਦੇ ਸਮੇਂ ਦਾ ਭਖਵਾਂ ਵਿਸ਼ਾ ਹੈ ਤੇ ਅਜਿਹੇ ਕਾਰਜ ਨੂੰ ਹੱਥ ਪਾਉਣ ਲਈ ਲੇਖਕ ਵਧਾਈ ਦਾ ਪਾਤਰ ਹੈ। ਉਨ੍ਹਾਂ ਕਿਹਾ ਕੁਝ ਪੱਖਾਂ ਤੋਂ ਸਾਹਮਣੇ ਆਈਆਂ ਊਣਤਾਈਆਂ ਦੇ ਬਾਵਜੂਦ ਇਸ ਕਿਤਾਬ ਵਿਚ ਗੰਭੀਰ ਚਰਚਾ ਛੇੜਨ ਦੀ ਭਰਪੂਰ ਸੰਭਾਵਨਾ ਹੈ।



“ਬ੍ਰਾਹਮਣਵਾਦ ਤੋਂ ਹਿੰਦੂਵਾਦ: ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ” ਕਿਤਾਬ ਜਾਰੀ ਕੀਤੇ ਜਾਣ ਦਾ ਦ੍ਰਿਸ਼।

ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੇ ਲੇਖਕ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਇਹ ਪੁਸਤਕ ਸੰਵਾਦ ਦੇ ਨਵੇਂ ਰਸਤੇ ਖੋਲ੍ਹਦੀ ਹੈ। ਨਵੀਂ ਪੀੜ੍ਹੀ ਦੇ ਉਨ੍ਹਾਂ ਖੋਜਾਰਥੀਆਂ ਲਈ ਇਹ ਪੁਸਤਕ ਲਾਹੇਵੰਦ ਸਿੱਧ ਹੋਵੇਗੀ ਜੋ ਭਾਰਤੀ ਸਮਾਜ ਦੀ ਬਣਤਰ ’ਚ ਘੱਟ ਗਿਣਤੀਆਂ ਬਾਰੇ ਖੋਜ ਕਰਨ ਲਈ ਉਤਾਵਲੇ ਹਨ। ਡਾ. ਗੁਰਬੀਰ ਸਿੰਘ ਪਟਿਆਲਾ ਨੇ ਪੁਸਤਕ ਨੂੰ ਬ੍ਰਾਹਮਣਵਾਦ ਅਤੇ ਘੱਟ ਗਿਣਤੀਆਂ ਦੇ ਟਕਰਾਅ ਵਾਲੇ ਅਜੋਕੇ ਮਸਲਿਆਂ ਨੂੰ ਸਮਝਣ ਲਈ ਲਾਹੇਵੰਦ ਦੱਸਦਿਆਂ ਕਿਹਾ ਕਿ ਭਾਰਤ ’ਚ ਘੱਟ ਗਿਣਤੀਆਂ ਅੰਦਰ ਜੋ ਤੌਖਲੇ ਪੈਦਾ ਹੋਏ ਹਨ ਉਨ੍ਹਾਂ ਨੂੰ ਲੇਖਕ ਨੇ ਸਮਝਣ ਦਾ ਯਤਨ ਕੀਤਾ ਹੈ। ਇਸ ਮੌਕੇ ਮੰਚ ਦੀ ਕਾਰਵਾਈ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਸਿੰਘ ਨੇ ਨਿਭਾਉਂਦਿਆਂ ਕਿਹਾ ਸੰਸਥਾ ਵੱਲੋਂ ਭਵਿੱਖ ਵਿਚ ਵੀ ਉਭਰਦੇ ਲੇਖਕਾਂ ਨੂੰ ਪਲੇਟਫਾਰਮ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਜਾਂਦਾ ਰਹੇਗਾ। ਸੰਸਥਾ ਦੇ ਵਿੱਤ ਸਕੱਤਰ ਸ. ਗੁਰਪ੍ਰੀਤ ਸਿੰਘ ਨੇ ਲੇਖਕ, ਸਮਾਗਮ ’ਚ ਪਹੁੰਚੇ ਵਿਦਵਾਨਾਂ ਅਤੇ ਵਿਦਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਜੁਗਰਾਜ ਸਿੰਘ ਗਿੱਲ, ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਪ੍ਰੋ. ਹਰਪਾਲ ਸਿੰਘ ਬੰਗਾ, ਨੌਜਵਾਨ ਵਿਚਾਰਕ ਪ੍ਰਭਜੋਤ ਸਿੰਘ ਨਵਾਂਸ਼ਹਿਰ ਅਤੇ ਇੰਜੀਨੀਅਰ. ਜਗਦੇਵ ਸਿੰਘ ਸੋਢੀ ਵੀ ਹਾਜ਼ਰ ਸਨ।

## ਉਘੇ ਪੱਤਰਕਾਰ ਹਰਬੀਰ ਸਿੰਘ ਭੰਵਰ ਨੂੰ 2018 ਦਾ ਸ: ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ

**ਵੈਨਕੂਵਰ/ਬਿਊਰੋ ਨਿਊਜ਼:** ਉੱਘੇ ਪੱਤਰਕਾਰ ਹਰਬੀਰ ਸਿੰਘ ਭੰਵਰ ਨੂੰ ਸਾਲ 2018 ਦੇ ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਨਮਾਨ ਬਾਰੇ ਜਾਣਕਾਰੀ ਦਿੰਦਿਆਂ ਸ.ਮੰਗਾ ਸਿੰਘ ਬਾਸੀ ਨੇ ਦਸਿਆ ਕਿ ਇਹ ਪੰਜਵਾਂ ਅਵਾਰਡ , ਜੋ ਉਨ੍ਹਾਂ ਅਪਣੇ ਸਵਰਗਵਾਸੀ ਪਿਤਾ ਸ. ਪ੍ਰੀਤਮ ਸਿੰਘ ਬਾਸੀ ਦੀ ਯਾਦ ਵਿਚ ਦੇਣਾ ਸ਼ੁਰੂ ਕੀਤਾ ਹੈ, ਪਤਰਕਾਰੀ ਦੇ ਖੇਤਰ ਵਿਚ ਯੋਗਦਾਨ



ਤੇ ਸੇਵਾਵਾਂ ਲਈ ਹਰਬੀਰ ਸਿੰਘ ਭੰਵਰ ਨੂੰ ਦਿਤਾ ਜਾ ਰਿਹਾ ਹੈ।ਸਨਮਾਨ ਦੀ ਸਲਾਹਕਾਰ ਕਮੇਟੀ ਨੇ ਪਿਛਲੇ ਦਿਨੀ ਮੀਟਿੰਗ ਕਰਕੇ ਇਹ ਸਨਮਾਨ ਸ੍ਰੀ ਭੰਵਰ ਨੂੰ ਦੇਣ ਦਾ ਫੈਸਲਾ ਕੀਤਾ। ਬੀ. ਸੀ. ਕਲਚਰਲ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਇਸ ਸਮਾਗਮ ਵਿਚ ਸ੍ਰੀ ਹਰਬੀਰ ਸਿੰਘ ਭੰਵਰ ਨੂੰ 51 ਹਜ਼ਾਰ, ਪਲੈਕ ਤੇ ਸ਼ਾਲ ਨਾਲ ਸਨਮਾਨਿਤ ਕੀਤਾ ਜਾਵੇਗਾ । ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਡਾ. ਐਸ. ਪੀ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਡਾ.ਦਰਿਆ, ਡਾ. ਜਗਬੀਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਗਿਲ, ਡਾ. ਰਵਿੰਦਰ ਭੱਠਲ ਅਤੇ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਨਗੇ। ਵਰਨਣਯੋਗ ਹੈ ਕਿ ਪੱਤਰਕਾਰੀ ਤੋਂ ਇਲਾਵਾ ਸ੍ਰੀ ਭੰਵਰ ਡਾਇਰੀ ਦੇ ਪੰਨੇ, ਚਿਤਰਕਾਰ ਸੋਭਾ ਸਿੰਘ ਦੀ ਜੀਵਨੀ ਅਤੇ ਅਪਰੇਸ਼ਨ ਬਲੂ ਸਟਾਰ ਸਮੇਂ ਪਤਰਕਾਰੀ ਦੇ ਅਨੁਭਵਾਂ ਬਾਰੇ ਪੁਸਤਕਾਂ ਵੀ ਲਿਖ ਚੁਕੇ ਹਨ ਜਿਨ੍ਹਾਂ ਦਾ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ।ਇਸ ਤੋਂ ਪਹਿਲਾਂ ਇਹ ਸਨਮਾਨ ਸ੍ਰੀ ਸਰਵਣ ਰਾਹੀ, ਉਘੇ ਗਜ਼ਲਗੋ ਨਦੀਮ ਪਰਮਾਰ, ਉਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਤੇ ਸ਼ਾਇਰ ਸੁਖਵਿੰਦਰ ਕੰਬੋਜ ਨੂੰ ਦਿਤਾ ਜਾ ਚੁਕਾ ਹੈ। ਵਰਨਣਯੋਗ ਹੈ ਕਿ ਅਨੇਕਾਂ ਪੁਸਤਕਾਂ ਦੇ ਲੇਖਕ ਸ੍ਰੀ ਮੰਗਾ ਸਿੰਘ ਬਾਸੀ ਖੁਦ ਸ਼ਾਇਰ ਹਨ ਤੇ ਸਾਹਿਤਕ ਖੇਤਰ ਵਿਚ ਯੋਗਦਾਨ ਲਈ ਉਨ੍ਹਾਂ ਨੂੰ ਕਈਂ ਮਾਨ ਸਨਮਾਨ ਮਿਲ ਚੁਕੇ ਹਨ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544





CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

## ਸ. ਗੋਬਿੰਦ ਸਿੰਘ ਤੁੰਗ ਦਾ ਅਕਾਲ ਚਲਾਣਾ

### *ਸਸਕਾਰ ਤੇ ਅੰਤਮ ਅਰਦਾਸ 13 ਜਨਵਰੀ ਨੂੰ*

**ਬੇਕਰਜ਼ਫੀਲਡ/ਬਿਊਰੋ ਨਿਊਜ਼**

ਬੇਕਰਜ਼ਫੀਲਡ ਨਿਵਾਸੀ ਸ. ਗੋਬਿੰਦ ਸਿੰਘ ਤੁੰਗ ਵਾਹਿਗੁਰੂ ਵਲੋਂ ਬਖ਼ਸ਼ੀ 101 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਚਲਾਣੇ ਮਗਰੋਂ ਪਰਿਵਾਰ ਨੂੰ ਗਹਿਰਾ ਸਦਮਾ ਪਹੁੰਚਿਆ। ਉਨ੍ਹਾਂ ਦਾ ਪਿਛਲਾ ਪਿੰਡ ਸੰਧੂ ਕਲਾਂ ਜ਼ਿਲ੍ਹਾ ਬਰਨਾਲਾ ਪੰਜਾਬ ਸੀ। ਸ. ਗੋਬਿੰਦ ਸਿੰਘ ਤੁੰਗ ਦਾ ਅੰਤਿਮ ਸੰਸਕਾਰ 13 ਜਨਵਰੀ ਸ਼ਨਿੱਚਰਵਾਰ ਨੂੰ ਗਰੀਨ ਲਾਅਨ ਸਾਊਥ ਮੌਰਚਰੀ (Green Lawn South west Mortuary Celebration of Life Building A 2739 Panama Lane, Bakersfield, CA 93313) ਵਿਖੇ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 12:00 ਤੋਂ 2:30 ਵਜੇ ਦੇ ਵਿਚਕਾਰ ਗੁਰਦੁਆਰਾ ਸਿੱਖ ਟੈਂਪਲ (2400, South P. Street Bakersfeld CA 93304) ਵਿਖੇ ਹੋਵੇਗੀ।



ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 661-303-9562, 661-332-8920 ਅਤੇ 661-805-1878 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਭਾਰੀ ਉਤਸ਼ਾਹ ਨਾਲ ਮਨਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਰਬੰਸ ਦਾਨੀ ਸਾਹਿਬੇ ਕਮਾਲ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 351ਵਾਂ ਪ੍ਰਕਾਸ਼ ਪੁਰਬ ਭਾਰੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਸ਼ੁਕਰਵਾਰ ਨੂੰ ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ। ਉਪਰੰਤ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਗਏ। ਸ਼ਨਿਚਰਵਾਰ ਸਵੇਰੇ ਪ੍ਰਭਾਤ ਫੇਰੀ ਕੱਢੀ ਗਈ। 7 ਜਨਵਰੀ ਐਤਵਾਰ ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪ੍ਰਮਿੰਦਰਜੀਤ ਸਿੰਘ ਵੱਲੋਂ ਗੁਰੂ ਇਤਿਹਾਸ ਕਥਾ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਇਆ। ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵੱਲੋਂ ਸ਼ਬਦ ਗਾਇਨ ਕੀਤੇ ਗਏ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਦੇਸ ਰਾਜ ਸਿੰਘ ਦੀਵਾਨਾਂ ਦੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ। ਇਸ ਵਿਸ਼ੇਸ਼ ਦਿਹਾੜੇ ਤੇ ਸੰਗਤਾਂ ਭਰਵੀਂ ਗਿਣਤੀ ਵਿਚ ਗੁਰਦੁਆਰਾ ਸਾਹਿਬ ਪਹੁੰਚੀਆਂ।





# ਪਰਵਾਸੀ ਸਿੱਖਾਂ ਦਾ ਫੈਸਲਾ ਭਾਰਤ ਸਰਕਾਰ ਦੇ ਸਿੱਖ-ਵਿਰੋਧੀ ਹਮਲਿਆਂ ਦਾ ਢੁੱਕਵਾਂ ਜਵਾਬ: ਦਲ ਖਾਲਸਾ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਸੰਸਥਾਵਾਂ ਵੱਲੋਂ ਆਪਣੇ-ਆਪਣੇ ਮੁਲਕਾਂ ਦੇ ਗੁਰਦੁਆਰਿਆਂ 'ਚ ਭਾਰਤੀ ਅਧਿਕਾਰੀਆਂ ਦੀਆਂ ਸਰਗਰਮੀਆਂ ਉੱਤੇ ਲਾਈ ਗਈ ਪਾਬੰਦੀ ਦਾ ਦਲ ਖਾਲਸਾ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕਰਦਿਆਂ ਕਿਹਾ ਕਿ ਇਹ ਫੈਸਲਾ ਦਿੱਲੀ ਦੇ ਸਿੱਖ-ਵਿਰੋਧੀ ਹਮਲਿਆਂ ਦਾ ਢੁੱਕਵਾਂ ਜਵਾਬ ਹੈ। ਪਾਰਟੀ ਆਗੂ ਹਰਪਾਲ ਸਿੰਘ ਚੀਮਾ, ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਵੱਲੋਂ ਲਿਆ ਗਿਆ ਇਹ ਫੈਸਲਾ ਲਗਾਤਾਰ ਹੋ ਰਹੀਆਂ ਭਾਰਤੀ ਜ਼ਿਆਦਤੀਆਂ ਖਿਲ਼ਾਫ ਸਿੱਖ-ਵਿਰੋਧ ਦਾ ਹੀ ਹਿੱਸਾ ਹੈ। ਭਾਰਤੀ ਅਧਿਕਾਰੀਆਂ ਅਤੇ ਭੁੱਲੜ ਸਿੱਖਾਂ ਵੱਲੋਂ ਕੀਤਾ ਜਾ ਰਿਹਾ ਪ੍ਰਚਾਰ ਕਿ ਇਹ ਫੈਸਲਾ ਫ਼ਿਰਕਾਪ੍ਰਸਤ ਅਤੇ ਗੁਰਮੱਤ ਦੇ ਫਲਸਫੇ ਦੇ ਅਨੂਕੂਲ ਨਹੀਂ ਉਤੇ ਸਖਤ ਟਿਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਗੁਰਦੁਆਰੇ ਵਿੱਚ ਆ ਕੇ ਨਤਮਸਤਕ ਹੋਣ ਅਤੇ ਲੰਗਰ ਛੱਕਣ ਉਤੇ ਕੋਈ ਪਾਬੰਦੀ ਨਹੀਂ ਲਗਾਈ ਗਈ । ਉਹਨਾਂ ਕਿਹਾ ਕਿ ਹਰ ਵਿਅਕਤੀ ਦਰਸ਼ਨ-ਦਿਦਾਰੇ ਲਈ ਗੁਰੂ-ਘਰ ਆ ਸਕਦਾ ਹੈ। ਉਹਨਾਂ ਸਪਸ਼ਟ ਕੀਤਾ ਕਿ ਭਾਰਤੀ ਰਾਜਦੂਤਾਂ ਦੀਆਂ ਗੁਰਦੁਆਰਾ ਸਾਹਿਬ ਅੰਦਰ ਸਰਗਰਮੀਆਂ 'ਤੇ ਰੋਕ ਲਾਈ ਗਈ ਹੈ ।

ਉਨ੍ਹਾਂ ਕਿਹਾ ਕਿ ਭਾਰਤੀ ਰਾਜਦੂਤਾਂ ਵੱਲੋਂ ਸਮਾਜਿਕ ਅਤੇ ਧਾਰਮਿਕ ਗਤੀਵਿਧੀਆ ਦੀ ਆੜ ਹੇਠ ਸਿੱਖ ਧਾਰਮਿਕ ਸੰਸਥਾਵਾਂ ਵਿੱਚ ਦਖਲਅੰਦਾਜੀ ਕਿਸੇ ਤੋਂ ਲੁਕੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਦੂਤਘਰ ਦੇ ਲੋਕ ਕੂਟਨੀਤੀ ਦੇ ਨੈਤਿਕ ਅਸੂਲ ਦੀ ਉਲੰਘਣਾ ਕਰਕੇ ਆਪਣਾ ਬਹੁਤ ਸਾਰਾ ਧਨ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿੱਚ ਲਗਾਉਂਦੇ ਹਨ ਤਾਂ ਜੋ ਇਨ੍ਹਾਂ ਦੇ ਮਨਪਸੰਦੀ ਲੋਕ ਜਿੱਤ ਸਕਣ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਅੰਦਰ ਗੁਰਦੁਆਰਾ ਸਾਹਿਬਾਨਾਂ ਵੱਲੋਂ ਲਿਆ ਗਿਆ ਇਹ ਫੈਸਲਾ ਭਾਰਤੀ ਅਧਿਕਾਰੀਆਂ ਦੇ ਮਨਸੂਬਿਆਂ ਨੂੰ ਕੁਝ ਹੱਦ ਤੱਕ ਠੱਲ ਜ਼ਰੂਰ ਪਾਵੇਗਾ।



ਉਨ੍ਹਾਂ ਕਿਹਾ ਕਿ ਬਹੁਤ ਸਾਰੇ ਖੁਫੀਆ ਵਿਭਾਗ ਦੇ ਲੋਕ ਜੋ ਦੂਤਾਘਰ ਵਿੱਚ ਬਤੌਰ ਡਿਪਲੋਮੈਟ ਕੰਮ ਕਰੇ ਹਨ ਉਹ ਸਿੱਖਾਂ ਵਿਚਾਲੇ ਪਾੜਾ ਪਾਉਣ ਅਤੇ ਸਿੱਖਾਂ ਵਿੱਚ ਆਪਸੀ ਝੜਪਾਂ ਕਰਵਾਉਣ ਲਈ ਗੁਰਦੁਆਰਿਆਂ ਅੰਦਰ ਆਪਣੀ ਘੁਸਪੈਠ ਬਣਾ ਕੇ ਰੱਖਦੇ ਹਨ । ਉਨ੍ਹਾਂ ਕਿਹਾ ਅਜਿਹੇ ਅਨਸਰਾਂ ਨੂੰ ਨੱਥ ਪਾਉਣ ਦੀ ਜ਼ਰੂਰਤ ਸੀ । ਉਹਨਾਂ ਕਿਹਾ ਕਿ ਵਿਦੇਸ਼ਾਂ ਅੰਦਰ ਵਸੱਦੇ ਸਿੱਖ ਚੇਤੰਨ ਹਨ ਅਤੇ ਉਹ ਭਾਰਤੀ ਕੂਟਨੀਤਿਕ ਹਮਲਿਆਂ ਦਾ ਜੁਆਬ ਦੇਣ ਦੇ ਸਮੱਰਥ ਹਨ।

ਉਨ੍ਹਾਂ ਨੇ ਅਜਿਹੇ ਅਧਿਕਾਰੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਲੋਕ ਉਨ੍ਹਾਂ ਸਿੱਖਾਂ ਨੂੰ ਕਾਲੀ ਸੂਚੀ ਵਿਚ ਸ਼ਾਮਿਲ ਕਰਵਾ ਦਿੰਦੇ ਹਨ ਜੋ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਵਿਰੁੱਧ ਜਾਂ ਭਾਰਤੀ ਸਰਕਾਰ ਦੇ ਅਤਿਆਚਾਰ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦੇ ਹਨ ਅਤੇ ਇਸ ਸੂਚੀ ਨੂੰ ਆਧਾਰ ਬਣਾਕੇ ਇਨ੍ਹਾਂ ਸਿੱਖਾਂ ਨੂੰ ਆਪਣੇ ਹੋਮਲੈਂਡ ਵਾਪਸ ਆਉਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ।


HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਆਖ਼ਰ ਕੈਪਟਨ ਨੇ ਕੀਤੀ ਕਰਜ਼ਾ ਮੁਆਫ਼ੀ ਸਕੀਮ ਦੀ ਸ਼ੁਰੂਆਤ

## *ਵਾਅਦੇ ਤੋਂ ਮੁਕਰਣ ਦੇ ਦੋਸ਼ ਲਾਉਣ ਵਾਲੇ ਵਿਰੋਧੀਆਂ ਨੂੰ ਲੰਮੇ ਹੱਥੀਂ ਲਿਆ*

**ਮਾਨਸਾ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਢਾਈ ਏਕੜ ਜ਼ਮੀਨਾਂ ਦੇ ਮਾਲਕ ਕਰਜ਼ਦਾਰ ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਦੀ ਸ਼ੁਰੂਆਤ ਐਤਵਾਰ ਨੂੰ ਮਾਲਵੇ ਦੇ ਸ਼ਹਿਰ ਮਾਨਸਾ ਤੋਂ ਕੀਤੀ। ਇਸ ਸਬੰਧੀ 7 ਜਨਵਰੀ ਐਤਵਾਰ ਨੂੰ ਇੱਥੇ ਕੀਤੇ ਸੂਬਾ ਪੱਧਰੀ ਸਮਾਗਮ ਵਿੱਚ ਪੰਜ ਜ਼ਿਲ੍ਹਿਆਂ ਦੇ ਤਕਰੀਬਨ 47 ਹਜ਼ਾਰ ਕਿਸਾਨਾਂ ਨੂੰ ਰਾਹਤ ਦੇਣ ਦਾ ਦਾਅਵਾ ਕੀਤਾ ਗਿਆ ਹੈ। ਸਮਾਗਮ ਵਿੱਚ ਮੁੱਖ ਮੰਤਰੀ ਨੇ ਸੰਕੇਤਕ ਤੌਰ 'ਤੇ ਮਾਨਸਾ, ਬਠਿੰਡਾ, ਫਰੀਦਕੋਟ, ਮੁਕਤਸਰ ਅਤੇ ਮੋਗਾ ਜ਼ਿਲ੍ਹਿਆਂ ਦੇ 10-10 ਕਿਸਾਨਾਂ ਨੂੰ ਕਰਜ਼ਾ ਮੁਆਫੀ ਦੇ ਸਰਟੀਫਿਕੇਟ ਦਿੱਤੇ। ਇਸ ਮੌਕੇ ਕੀਤੀ ਤਕਰੀਰ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਸ ਸ਼ੁਰੂਆਤ ਨਾਲ 47 ਹਜ਼ਾਰ ਕਿਸਾਨਾਂ ਦੇ ਖਾਤਿਆਂ ਵਿਚ ਪੈਸਾ ਪਹੁੰਚ ਗਿਆ ਹੈ। ਪੰਜਾਬ ਸਰਕਾਰ ਛੇਹੀ ਹੀ ਅਜਿਹੇ ਹੋਰ ਸਮਾਗਮ ਕਰੇਗੀ ਤਾਂ ਜੋ ਰਾਜ ਦੇ ਹਰੇਕ ਜ਼ਿਲ੍ਹੇ ਨੂੰ ਇਸ ਵਿਚ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਛੇਤੀ ਹੀ ਸਰਕਾਰ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦਾ

ਬਾਕੀ ਸਫ਼ਾ 32 'ਤੇ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮਾਨਸਾ ਤੋਂ ਕਰਜ਼ਾ ਮੁਆਫ਼ੀ ਸਕੀਮ ਦੀ ਸ਼ੁਰੂਆਤ ਕਰਦੇ ਹੋਏ

# ਕੈਪਟਨ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਮੁਕਰਿਆ: ਖਹਿਰਾ

**ਜਲੰਧਰ/ਬਿਊਰੋ ਨਿਊਜ਼,** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਪੰਜਾਬ ਦੇ ਕਿਸਾਨਾਂ ਦਾ ਭਰੋਸਾ ਤੋੜਨ ਦੇ ਦੋਸ਼ ਲਾਉਂਦਿਆਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਕਰਜ਼ਾ ਮੁਆਫ਼ੀ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਨ ਦੇ ਵਾਅਦੇ ਕਰਕੇ ਸੱਤਾ ਹਥਿਆਉਣ ਵਾਲੀ ਕਾਂਗਰਸ ਹੁਣ ਸਿਰਫ਼ ਸਹਿਕਾਰੀ ਸੁਸਾਇਟੀਆਂ ਦਾ ਕਰਜ਼ਾ ਹੀ ਮੁਆਫ਼ ਕਰਨ ਜਾ ਰਹੀ ਹੈ।



ਆਮ ਆਦਮੀ ਪਾਰਟੀ ('ਆਪ') ਦੇ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਸੂਬੇ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੇ ਪਿੰਡਾਂ ਵਿੱਚ ਕਾਂਗਰਸੀਆਂ ਨੂੰ ਨਾ ਵੜਨ ਦੇਣ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਹੁੰਦਿਆਂ ਕਰਜ਼ਈ ਕਿਸਾਨਾਂ ਨਾਲ ਹਰ ਤਰ੍ਹਾਂ ਦਾ ਕਰਜ਼ਾ ਮੁਆਫ਼ ਕਰਨ ਦਾ ਲਿਖਤੀ ਕਰਾਰ ਕੀਤਾ ਸੀ। ਹੁਣ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਾਸੀਆਂ ਨਾਲ ਧੋਖਾ ਕੀਤਾ ਹੈ ਤੇ ਉਹ ਕਿਸਾਨਾਂ ਕੋਲੋਂ ਮੁਆਫ਼ੀ ਮੰਗਣ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸੀ ਆਗੂਆਂ ਨੂੰ ਉਹ ਫਾਰਮ ਦਿਖਾਉਣ, ਜਿਸ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਦਸਤਖ਼ਤ ਕੀਤੇ ਸਨ ਕਿ ਉਹ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਨਗੇ।

ਸ੍ਰੀ ਖਹਿਰਾ ਨੇ ਮੀਡੀਆ ਨੂੰ ਉਹ ਸੂਚੀ ਵੀ ਦਿੱਤੀ ਜਿਸ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ 312 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਝੂਠੇ ਸਾਬਿਤ ਹੋਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਸਰਕਾਰ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਨਿਭਾਉਂਦੀ ਹੈ ਤਾਂ ਵੀ ਸਰਕਾਰ ਨੂੰ 20 ਹਜ਼ਾਰ ਕਰੋੜ ਰੁਪਏ ਦਾ ਇੰਤਜ਼ਾਮ ਕਰਨਾ ਪਵੇਗਾ, ਜਦੋਂਕਿ ਪੰਜਾਬ ਆਰਥਿਕ ਤੌਰ 'ਤੇ ਕੰਗਾਲ ਹੋ ਚੁੱਕਿਆ ਹੈ। ਉਨ੍ਹਾਂ ਆਪਣੇ ਵਿਧਾਨ ਸਭਾ ਹਲਕਾ ਭੁਲੱਥ ਦੇ ਤਿੰਨ ਪਿੰਡਾਂ ਮੁਗਲ ਚੱਕ, ਬੁਤਾਲਾ ਤੇ ਮਨਸੂਰਵਾਲ ਬੇਟ ਦੀਆਂ ਸੂਚੀਆਂ ਦਿਖਾਈਆਂ, ਜਿਨ੍ਹਾਂ ਵਿੱਚ ਪਿੰਡ ਬੁਤਾਲਾ ਦੇ ਇੱਕ ਕਿਸਾਨ ਬਲਵਿੰਦਰ ਸਿੰਘ ਦਾ ਕਰਜ਼ਾ ਸਿਰਫ਼ 7412 ਰੁਪਏ ਹੀ ਹੈ। ਉਨ੍ਹਾਂ ਕਿਹਾ ਕਿ ਏਨੀ ਛੋਟੀ ਰਕਮ ਦਾ ਕਰਜ਼ਾ ਮੁਆਫ਼ ਕਰਕੇ ਵੀ ਕੈਪਟਨ ਸਰਕਾਰ ਦਾਅਵਾ ਕਰੇਗੀ ਕਿ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫ਼ੀ ਪਟਵਾਰੀਆਂ ਰਾਹੀਂ ਕਰਵਾਈ ਜਾ ਰਹੀ ਹੈ ਤੇ ਇਹ ਖ਼ਦਸ਼ਾ ਵੀ ਹੈ ਕਿ ਇਸ ਨਾਲ ਮਾਲ ਵਿਭਾਗ ਵਿੱਚ ਭ੍ਰਿਸ਼ਟਾਚਾਰ ਵਧੇਗਾ।

# ਕਿਸਾਨ ਕਰਜ਼ਾ ਮੁਆਫ਼ੀ: ਖਾਤਿਆਂ ਦਾ ਮਿਲਾਣ ਕਰਨ ਵਾਲੇ ਸਾਫਟਵੇਅਰ ਵਲੋਂ 40 ਫੀਸਦ ਤੋਂ ਵੱਧ ਕਿਸਾਨਾਂ ਦੇ ਕੇਸ ਰੱਦ

ਚੰਡੀਗੜ੍ਹ/ਹਮੀਰ ਸਿੰਘ: ਪੰਜਾਬ ਸਰਕਾਰ ਵੱਲੋਂ ਕਰਜ਼ਾ ਮੁਆਫ਼ੀ ਦੀ ਸ਼ੁਰੂ ਕੀਤੀ ਪ੍ਰਕਿਰਿਆ ਦੌਰਾਨ ਸਬੰਧਤ ਕਿਸਾਨਾਂ ਦੇ ਆਧਾਰ ਕਾਰਡ ਲਿੰਕ ਕਰਕੇ ਖਾਤਿਆਂ ਦਾ ਮਿਲਾਣ ਕਰਨ ਵਾਲੇ ਸਾਫਟਵੇਅਰ ਨੇ ਹੀ 40 ਫੀਸਦ ਤੋਂ ਵੱਧ ਕਿਸਾਨਾਂ ਦੇ ਕੇਸ ਰੱਦ ਕਰ ਦਿੱਤੇ ਹਨ। ਕਿਸੇ ਦੇ ਨਾਂ, ਪਿਤਾ ਦੇ ਨਾਂ ਜਾਂ ਕੋਈ ਹੋਰ ਹਿੰਦਸਾ ਨਾ ਮਿਲਣ ਕਰਕੇ ਬਹੁਤ ਸਾਰੇ ਕਿਸਾਨਾਂ ਦੇ ਨਾਵਾਂ ਦੀ ਪੁਸ਼ਟੀ ਨਹੀਂ ਹੋਈ ਹੈ। ਮਾਲ ਵਿਭਾਗ ਵਿੱਚ ਹੇਠਲੇ ਪੱਧਰ ਦਾ ਭ੍ਰਿਸ਼ਟਾਚਾਰ ਵੀ ਬਹੁਤ ਸਾਰੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਾਉਣ ਦਾ ਕਾਰਨ ਬਣ ਰਿਹਾ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਸਬੰਧੀ ਹੁਣ ਤੱਕ 5 ਲੱਖ 7 ਹਜ਼ਾਰ 328 ਕਿਸਾਨ ਪਰਿਵਾਰਾਂ ਦੇ ਨਾਂ ਸਾਫਟਵੇਅਰ 'ਤੇ ਅਪਲੋਡ ਕੀਤੇ ਹਨ। ਕੰਪਿਊਟਰ ਸਾਫਟਵੇਅਰ ਨੇ ਇਨ੍ਹਾਂ ਵਿੱਚੋਂ 2,99,717 ਕੇਸਾਂ ਨੂੰ ਹੀ ਹਰੀ ਝੰਡੀ ਦਿੱਤੀ ਹੈ, ਜਦਕਿ 10,435 ਪਰਿਵਾਰਾਂ ਦੇ ਖਾਤਿਆਂ ਬਾਰੇ ਸੂਚਨਾ ਅਸਫ਼ਲ ਹੋ ਗਈ ਅਤੇ 1,97,176 ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ ਹੈ। ਸੂਬੇ ਭਰ ਵਿੱਚ ਪ੍ਰਕਿਰਿਆ ਪੂਰੀ ਹੋ ਜਾਣ ਤੋਂ ਬਾਅਦ 2,99,241 ਕਿਸਾਨਾਂ ਦੇ ਖਾਤੇ ਹੀ ਪਾਸ ਹੋਏ ਹਨ।

ਸੂਬਾ ਸਰਕਾਰ ਨੇ ਪਹਿਲੇ ਪੜਾਅ ਵਜੋਂ ਸਿਰਫ਼ ਸੀਮਾਂਤ ਕਿਸਾਨਾਂ ਭਾਵ ਢਾਈ ਏਕੜ ਤੋਂ ਘੱਟ ਜ਼ਮੀਨ ਵਾਲਿਆਂ ਦਾ ਸਹਿਕਾਰੀ ਕਰਜ਼ਾ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਹੈ। ਪਹਿਲੀ ਕਿਸ਼ਤ ਵਜੋਂ ਸਹਿਕਾਰੀ ਫਸਲੀ ਕਰਜ਼ਾ ਮੁਆਫ਼ ਕਰਨ ਲਈ ਨਿਸ਼ਾਨਦੇਹੀ ਕੀਤੇ ਜਾਣ ਵਾਲੇ ਪੰਜ ਜ਼ਿਲ੍ਹੇ ਮਾਨਸਾ, ਬਠਿੰਡਾ, ਫਰੀਦਕੋਟ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਅਪਲੋਡ ਕੀਤੇ ਗਏ 1,61,568 ਕਿਸਾਨਾਂ ਦੇ ਨਾਵਾਂ ਵਿੱਚੋਂ 58814 ਕਿਸਾਨਾਂ ਦੇ ਕੇਸ ਪ੍ਰੋਸੈੱਸ ਹੀ ਨਹੀਂ ਹੋਏ। ਇਹ ਸਮੁੱਚੇ ਕਰਜ਼ੇ ਦਾ ਮਾਮਲਾ ਹੈ ਜਦਕਿ ਸਿਰਫ਼ ਸਹਿਕਾਰੀ ਫਸਲੀ ਕਰਜ਼ੇ ਲਈ ਇਨ੍ਹਾਂ ਜ਼ਿਲ੍ਹਿਆਂ 'ਚ ਪੁਸ਼ਟੀ ਹੋਣ ਤੋਂ ਬਾਅਦ ਸਿਰਫ਼ 47 ਹਜ਼ਾਰ ਕਿਸਾਨਾਂ ਦੇ ਕਰਜ਼ੇ ਹੀ ਕਲੀਅਰ ਹੋਏ ਹਨ। ਇਨ੍ਹਾਂ ਦੇ 170 ਕਰੋੜ ਰੁਪਏ ਮੁਆਫ਼ ਹੋਣਗੇ। ਸਰਕਾਰ ਵੱਲੋਂ ਕਰਜ਼ਾ ਮੁਆਫ਼ੀ ਦੇ ਜਾਰੀ ਨੋਟੀਫਿਕੇਸ਼ਨ ਮੁਤਾਬਿਕ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਜ਼ਿਲ੍ਹਾਵਾਰ ਪੈਸੇ ਦੀ ਮੰਗ ਡਾਇਰੈਕਟਰ ਖੇਤੀਬਾੜੀ ਨੂੰ ਭੇਜਣੀ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੀਰ ਸਿੰਘ ਬੈਂਸ ਨੇ ਕਿਹਾ ਕਿ ਅਜੇ ਤੱਕ ਉਨ੍ਹਾਂ ਕੋਲ ਕਿਸੇ ਡੀਸੀ ਤੋਂ ਮੰਗ ਨਹੀਂ ਆਈ ਹੈ।

# ਜੱਟਾ ਖ਼ੁਦਕੁਸ਼ੀ ਨਾ ਕਰਨਾ...

**ਡਾ. ਚਰਨਜੀਤ ਸਿੰਘ ਪੰਨੂੰ**

ਮੰਗ ਆਈ ਵੱਧ ਗਈ ਠੇਕਾ ਪੰਜਾਹ ਹਜ਼ਾਰ ਹੋ ਗਿਆ।
ਮੁੰਡੇ ਸਾਰੇ ਕੰਮ ਛੱਡਗੇ ਜੱਟਾ ਕੰਮ ਖਰਾਬ ਹੋ ਗਿਆ।
ਥਰਮਲ ਬੰਦ ਹੋ ਗਏ ਬਿਜਲੀ ਦਾ ਬਿਲ ਕਈ ਹਜ਼ਾਰ ਹੋ ਗਿਆ।
ਵਸਤਾਂ ਦੇ ਭਾਅ ਅਸਮਾਨੀ ਚੜ੍ਹੇ, ਖਰਚਾ ਬੇਸੁਮਾਰ ਹੋ ਗਿਆ।
ਕਦੇ ਵੱਧ ਗਰਮੀ, ਕਦੇ ਸਰਦੀ, ਮੀਂਹ ਝੱਖੜ ਨਾਲ ਮਾਰ ਹੋ ਗਿਆ।
ਕਣਕ ਝੋਨੇ ਦਾ ਹੋਰ ਥੱਲੇ ਨੂੰ ਝਾੜ ਹੋ ਗਿਆ।
ਚੁੱਗਿਆ ਦਾਣਾ ਦਾਣਾ ਸੀ ਮੰਡੀ ਵਿਚ ਲਤਾੜ ਹੋ ਗਿਆ।
ਬੋਲੀ ਫਿਰ ਵੀ ਨਾ ਲੱਗੀ ਰਾਤ ਦੀ ਠੰਢ ਨਾਲ ਬਿਮਾਰ ਹੋ ਗਿਆ।
ਲਾਗੂ ਜੀ ਐਸ ਟੀ ਹੋਇਆ ਖਾਲ੍ਹੀ ਜਿਹਾ ਬਾਜ਼ਾਰ ਹੋ ਗਿਆ।
ਸਿਰ ਖੁਰਕਣ ਦਾ ਸਮਾਂ ਨਹੀਂ ਸੀ ਹੁੰਦਾ ਵੇਹਲਾ ਦੁਕਾਨਦਾਰ ਹੋ ਗਿਆ।
ਰਸਮਾਂ ਵੱਡੀਆਂ, ਫੈਸ਼ਨ ਵਧਗੇ ਕਰਜ਼ੇ ਦੀ ਹੇਠ ਮਾਰ ਹੋ ਗਿਆ।
ਰੋਕੜਿਆਂ ਦੀਆਂ ਕਲਮਾਂ ਕਰਦਿਆਂ ਅੜਾਤੀਆਂ ਨਾਲ ਤਕਰਾਰ ਹੋ ਗਿਆ।
ਦੋਵਾਂ ਨੂੰ ਫਿਕਰ ਪੈ ਗਿਆ ਮਾਨਸਿਕ ਰੋਗ ਦਾ ਬੀਮਾਰ ਹੋ ਗਿਆ।
ਅੰਦਰੋ ਅੰਦਰੀਂ ਘੁਟਦਾ ਘੁਟਦਾ ਨਸ਼ਿਆਂ ਦਾ ਸ਼ਿਕਾਰ ਹੋ ਗਿਆ।
ਨਮੋਸ਼ੀ ਤੋ ਡਰਦਾ ਡਰਦਾ ਖੁਦਕੁਸ਼ੀ ਲਈ ਲਾਚਾਰ ਹੋ ਗਿਆ।
ਨਾ ਵਈ ਜੱਟਾ ਖੁਦਕੁਸ਼ੀ ਨਾ ਕਰਨਾ।
ਬੱਚੇ ਛੋਟੇ ਨੇ, ਇਦਾਂ ਨੀ ਸਰਨਾ।
ਪਿਛੇ ਪਰਿਵਾਰ ਨੇ ਭੁਗਤਣਾ ਤੇ ਭਰਨਾ।
ਸਰਕਾਰ ਨੇ ਤਾਂ ਫੱਟਾ ਫੱਟਾ ਐਲਾਨ ਹੈ ਕਰਨਾ।
ਜੇ ਕੇਸ ਠੀਕ ਹੈ ਤਾਂ ਹੀ ਚੈੱਕ ਤਿਆਰ ਕਰਨਾ।
ਕਰਜ਼ਾ ਫਿਰ ਵੀ ਪਰਿਵਾਰ ਨੇ ਹੀ ਭਰਨਾ।
ਵਿਆਹ ਤੇ ਖਰਚੇ ਘੱਟ ਕਰੇ ਬਿਨਾਂ ਨਹੀਂ ਸਰਨਾ।
ਗਲਤੀਆਂ ਤਾਂ ਕਈ ਕੀਤੀਆਂ, ਹੁਣ ਪਛਤਾਵਾ ਹੀ ਕਰਨਾ।
ਲੀਡਰਾਂ ਨੇ ਡੇਰੇ ਤੇ ਨੱਕ ਰਗੜੇ, ਪਛਤਾਵਾ ਪੈ ਕਰਨਾ।
ਉਨ੍ਹਾਂ ਖੁਦਕੁਸ਼ੀ ਨੀ ਕੀਤੀ, ਤੂੰ ਵੀ ਨਾ ਕਰਨਾ।
ਲੀਡਰ ਤਾਂ ਲੀਡਰ ਨੇ ਉਨ੍ਹਾਂ ਨੂੰ ਪੈਂਦਾ ਫਾਲੋ ਕਰਨਾ।
ਉਨ੍ਹਾਂ ਖੁਦਕੁਸ਼ੀ ਨੀ ਕੀਤੀ ਤੂੰ ਵੀ ਨਾ ਕਰਨਾ।
ਤੂੰ ਵੀ ਨਾ ਕਰਨਾ, ਤੂੰ ਵੀ ਨਾ ਕਰਨਾ।
ਨਹੀਂ ਓ ਜੱਟਾ ਖੁਦਕੁਸ਼ੀ ਨਾ ਕਰਨਾ।

# ਕੇਂਦਰ ਸਰਕਾਰ ਬੈਂਕ ਕਰਜ਼ਿਆਂ ਵਾਲੇ ਵੱਡੇ ਕਾਰੋਬਾਰੀ ਡਿਫਾਲਟਰਾਂ ਦੇ ਨਾਂਅ ਦੱਸਣ ਤੋਂ ਵੱਟ ਰਹੀ ਹੈ ਟਾਲਾ

**ਬਠਿੰਡਾ/ਬਿਊਰੋ ਨਿਊਜ਼** :ਕੇਂਦਰ ਸਰਕਾਰ ਨੇ ਸੌ ਕਰੋੜ ਤੋਂ ਉਪਰ ਵਾਲੇ ਵੱਡੇ ਡਿਫਾਲਟਰਾਂ ਦੇ ਨਾਮ ਨਸ਼ਰ ਕਰਨ ਤੋਂ ਟਾਲਾ ਵੱਟ ਲਿਆ ਹੈ। ਜਨਤਕ ਖੇਤਰ ਦੇ 21 ਬੈਂਕਾਂ ਦੇ 1463 ਅਜਿਹੇ ਵੱਡੇ ਡਿਫਾਲਟਰ ਹਨ, ਜਿਨ੍ਹਾਂ ਸਿਰ 4,29,999 ਕਰੋੜ ਦਾ ਕਰਜ਼ਾ ਹੈ। ਇਹ ਉਹ ਕਰਜ਼ ਹੈ ਜੋ ਡਿਫਾਲਟਰਾਂ/ਫਰਮਾਂ ਵੱਲ ਲੰਮੇ ਅਰਸੇ ਤੋਂ ਫਸਿਆ ਹੋਇਆ ਹੈ। ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਇਹ ਨਾਨ ਪਰਫਾਰਮਿੰਗ ਐਸੈਟਸ (ਐਨਪੀਏ) ਹਨ। ਦੂਜੇ ਪਾਸੇ, ਪੰਜਾਬ ਸਰਕਾਰ ਕਰਜ਼ਈ ਕਿਸਾਨਾਂ ਬਾਰੇ ਢਿੰਡੋਰਾ ਪਿੱਟ ਰਹੀ ਹੈ। ਸਰਕਾਰੀ ਵੇਰਵਿਆਂ ਅਨੁਸਾਰ ਸਟੇਟ ਬੈਂਕ ਆਫ਼ ਇੰਡੀਆ ਇਸ ਮਾਮਲੇ ਵਿੱਚ ਮੋਹਰੀ ਹੈ, ਜਿਸ ਦੇ ਸੌ ਕਰੋੜ ਤੋਂ ਉਪਰ ਵਾਲੇ 265 ਵੱਡੇ ਡਿਫਾਲਟਰ ਹਨ ਤੇ ਇਨ੍ਹਾਂ ਸਿਰ 77,538 ਕਰੋੜ ਦਾ ਕਰਜ਼ਾ ਹੈ। ਵਿੱਤ ਮੰਤਰਾਲੇ ਮੁਤਾਬਕ ਦੂਜੇ ਨੰਬਰ 'ਤੇ ਪੰਜਾਬ ਨੈਸ਼ਨਲ ਬੈਂਕ ਹੈ, ਜਿਸ ਦੇ 143 ਵੱਡੇ ਡਿਫਾਲਟਰਾਂ/ਫਰਮਾਂ ਵੱਲ 45,973 ਕਰੋੜ ਦਾ ਕਰਜ਼ਾ ਖੜ੍ਹਾ ਹੈ। ਕੇਨਰਾ ਬੈਂਕ ਤੀਜੇ ਨੰਬਰ 'ਤੇ ਹੈ, ਜਿਸ ਦੇ 86 ਡਿਫਾਲਟਰਾਂ ਸਿਰ 28,992 ਕਰੋੜ ਰੁਪਏ ਕਰਜ਼ਾ ਹੈ। ਇਸੇ ਤਰ੍ਹਾਂ ਬੈਂਕ ਆਫ਼ ਬੜੌਦਾ ਦੇ 81 ਵੱਡੇ ਡਿਫਾਲਟਰਾਂ ਵੱਲ 24,174 ਕਰੋੜ ਦਾ ਕਰਜ਼ਾ ਹੈ, ਜਦੋਂਕਿ ਸੈਂਟਰਲ ਬੈਂਕ ਆਫ਼ ਇੰਡੀਆ ਦੇ 75 ਵੱਡੇ ਡਿਫਾਲਟਰਾਂ ਵੱਲ 22,001 ਕਰੋੜ ਦਾ ਕਰਜ਼ਾ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਸਰਕੁਲਰ ਅਨੁਸਾਰ ਇਨ੍ਹਾਂ ਬੈਂਕਾਂ ਕੋਲ ਲੋਨ ਰਿਕਵਰੀ ਪਾਲਿਸੀ ਤਹਿਤ ਹੀ ਕਰਜ਼ ਵਸੂਲੀ ਜਾਂ ਮੁਆਫ਼ੀ ਦੇ ਅਧਿਕਾਰ ਹਨ। ਕੇਂਦਰੀ ਮੰਤਰਾਲੇ ਨੇ ਜਨਤਕ ਖੇਤਰ ਦੀਆਂ ਇਨ੍ਹਾਂ ਬੈਂਕਾਂ ਦੀ 4,29,999 ਕਰੋੜ ਦੀ ਰਾਸ਼ੀ ਨੂੰ ਐੱਨਪੀਏ ਮੰਨਿਆ ਹੈ ਤੇ ਇਨ੍ਹਾਂ ਵੱਡੇ ਡਿਫਾਲਟਰਾਂ ਅਤੇ ਫਰਮਾਂ ਦੇ ਨਾਮ ਜਨਤਕ ਕਰਨ ਤੋਂ ਟਾਲਾ ਵੱਟ ਲਿਆ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਖੁਦ ਹੀ ਕਰਜ਼ਾ ਮੁਆਫ਼ੀ ਸਮਾਗਮ ਕਰਕੇ ਸਟੇਜਾਂ ਤੋਂ ਕਰਜ਼ਾ ਮੁਆਫ਼ੀ ਵਾਲੇ ਕਿਸਾਨਾਂ ਦਾ ਢੰਡੋਰਾ ਪਿੱਟਿਆ ਗਿਆ। ਮਾਨਸਾ ਵਿੱਚ ਕੀਤੇ ਐਲਾਨ ਅਨੁਸਾਰ ਪਹਿਲੇ ਪੜਾਅ ਤਹਿਤ ਪੰਜ ਜ਼ਿਲ੍ਹਿਆਂ ਦੇ 47 ਹਜ਼ਾਰ ਕਿਸਾਨਾਂ ਦੇ 170 ਕਰੋੜ ਰੁਪਏ ਮੁਆਫ਼ ਹੋਏ ਹਨ, ਜਿਸ ਦੀ ਔਸਤ ਪ੍ਰਤੀ ਕਿਸਾਨ ਸਿਰਫ਼ 36 ਹਜ਼ਾਰ ਰੁਪਏ ਹੀ ਬਣਦੀ ਹੈ।

## ਕੈਪਟਨ ਕਿਸਾਨਾਂ ਦੇ ਦਰਦ ਦਾ ਉਡਾ ਰਿਹੈ ਮਜ਼ਾਕ: ਭਗਵੰਤ ਮਾਨ



'ਆਪ' ਦੇ ਕਨਵੀਨਰ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਕਰਜ਼ਾ ਮੁਆਫ਼ੀ ਸਮਾਗਮ ਕਰਕੇ ਕਿਸਾਨਾਂ ਦੇ ਦੁੱਖਾਂ ਦਾ ਮਜ਼ਾਕ ਉਡਾਇਆ ਹੈ ਤੇ ਸਰਕਾਰੀ ਡਰਾਮਾ ਕਰਕੇ ਖ਼ਜ਼ਾਨੇ ਦੇ ਕਰੋੜਾਂ ਰੁਪਏ ਵੀ ਫੂਕੇ ਹਨ। ਉਨ੍ਹਾਂ ਕਿਹਾ ਕਿ ਜਦੋਂ ਪੈਸਾ ਕਿਸਾਨਾਂ ਦੇ ਖਾਤਿਆਂ ਵਿੱਚ ਜਾਣਾ ਹੈ ਤਾਂ ਸਮਾਗਮ ਕਾਹਦੇ ਲਈ ਕੀਤੇ ਗਏ ? ਸਮਾਗਮਾਂ 'ਤੇ ਖ਼ਰਚ ਹੋਏ ਪੈਸੇ ਨਾਲ ਹੋਰ ਕਿਸਾਨਾਂ ਦਾ ਕਰਜ਼ ਮੁਆਫ਼ ਕੀਤਾ ਜਾ ਸਕਦਾ ਸੀ। ਉਨ੍ਹਾਂ ਆਖਿਆ ਕਿ ਸਿਰਫ਼ 'ਬਾਦਸ਼ਾਹੀ' ਦਿਖਾਉਣ ਖ਼ਾਤਰ ਇਹ ਸਭ ਕੀਤਾ ਗਿਆ ਹੈ।

# ਅਮਰੀਕੀ ਨਾਗਰਿਕਤਾ ਰੱਦ ਕੀਤੇ ਜਾਣ ਦਾ ਪਹਿਲਾ ਸ਼ਿਕਾਰ ਬਣਿਆ ਬਲਵਿੰਦਰ ਸਿੰਘ

**ਵਾਸ਼ਿੰਗਟਨ/ਬਿਊਰੋ ਨਿਊਜ਼** , ਅਮਰੀਕਾ ਨੇ ਇਥੇ ਰਹਿੰਦੇ ਇਕ ਭਾਰਤੀ ਦੀ ਨਾਗਰਿਕਤਾ ਖ਼ਤਮ ਕਰ ਦਿੱਤੀ ਹੈ। ਆਪਣੇ ਕਿਸਮ ਦਾ ਇਹ ਅਜਿਹਾ ਪਹਿਲਾ ਮਾਮਲਾ ਹੈ। ਅਧਿਕਾਰੀਆਂ ਅਨੁਸਾਰ ਉਸ ਨੇ ਫਰਜ਼ੀ ਤਰੀਕੇ ਨਾਲ ਨਾਗਰਿਕਤਾ ਹਾਸਲ ਕੀਤੀ ਸੀ। ਜ਼ਿਕਰਯੋਗ ਹੈ ਕਿ ਭਾਰਤੀ ਬਲਜਿੰਦਰ ਸਿੰਘ ਉਰਫ ਦਵਿੰਦਰ ਸਿੰਘ (43 ਸਾਲ) 25 ਸਤੰਬਰ 1991 ਨੂੰ ਟਰੈਵਲ ਦਸਤਾਵੇਜ਼ਾਂ ਦੇ ਬਿਨਾਂ ਸਾਨਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਾ ਸੀ। ਉਦੋਂ ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਨਾਂ ਦਵਿੰਦਰ ਸਿੰਘ ਹੈ। ਉਸ 'ਤੇ ਰੋਕ ਲਾ ਦਿੱਤੀ ਗਈ ਤੇ ਉਸ ਨੂੰ ਇਮੀਗਰੇਸ਼ਨ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਪਰ ਉਹ ਉਥੇ ਪੇਸ਼ ਨਹੀਂ ਹੋਇਆ। ਜਨਵਰੀ 7, 1992 ਨੂੰ ਉਸ ਨੂੰ ਦੇਸ਼ 'ਚੋਂ ਕੱਢਣ ਦਾ ਹੁਕਮ ਦਿੱਤਾ ਗਿਆ। ਪਰ ਚਾਰ ਹਫ਼ਤੇ ਮਗਰੋਂ 6 ਫਰਵਰੀ 1992 ਵਿੱਚ ਉਸ ਨੇ ਬਲਜਿੰਦਰ ਸਿੰਘ ਦੇ ਨਾਂ 'ਤੇ ਸ਼ਰਣ ਲਈ ਅਰਜ਼ੀ ਦਿੱਤੀ। ਉਸ ਨੇ ਦਾਅਵਾ ਕੀਤਾ ਕਿ ਉਹ ਭਾਰਤੀ ਹੈ ਤੇ ਬਿਨਾਂ ਜਾਂਚ ਅਮਰੀਕਾ ਆਇਆ ਹੈ। ਇਸੇ ਦੌਰਾਨ ਉਸ ਨੇ ਅਮਰੀਕੀ ਨਾਗਰਿਕ ਨਾਲ ਵਿਆਹ ਕਰਾ ਲਿਆ। ਜਿਸ ਨੇ ਉਸ ਵੱਲੋਂ ਵੀਜ਼ਾ ਪਟੀਸ਼ਨ ਫਾਈਲ ਕੀਤੀ। ਨਿਊ ਜਰਸੀ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਨੇ 5 ਜਨਵਰੀ ਨੂੰ ਉਸ ਦੀ ਨਾਗਰਿਕਤਾ ਰੱਦ ਕਰਨ ਦਾ ਫੈਸਲਾ ਸੁਣਾਇਆ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਖੰਡ ਪਾਠ ਗੋਦ ਲਏ ਜਾਣ ਦੇ ਮਾਮਲੇ ਦੀ ਪੜਤਾਲ ਪੂਰੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼**

ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਮਨਾਈ ਸ਼ਹੀਦੀ ਸਭਾ ਦੌਰਾਨ ਛਿੜੇ ਅਖੰਡ ਪਾਠ ਵਿਵਾਦ ਸਬੰਧੀ ਪੜਤਾਲ ਕਰਵਾਉਣ ਲਈ ਇੱਥੇ ਭੇਜੇ ਪੜਤਾਲੀਆ ਅਧਿਕਾਰੀ ਐਡੀਸ਼ਨ ਸਕੱਤਰ ਪ੍ਰਤਾਪ ਸਿੰਘ ਵੱਲੋਂ ਰਿਪੋਰਟ ਪੇਸ਼ ਕਰ ਦਿੱਤੀ ਗਈ ਹੈ। ਹਾਲਾਂਕਿ ਸ਼ੁੱਕਰਵਾਰ



ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅਵਤਾਰ ਸਿੰਘ ਰਿਆ ਤੇ ਰਵਿੰਦਰ ਸਿੰਘ ਖ਼ਾਲਸਾ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਸਪਸ਼ਟੀਕਰਨ ਦਿੱਤਾ ਗਿਆ ਸੀ, ਪਰ ਉਸ ਨੂੰ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਦਲੀਲਾਂ ਸਹਿਤ ਰੱਦ ਕਰਦਿਆਂ ਇਸ ਨੂੰ ਭੁਲੇਖਾਪਾਊ ਦੱਸਿਆ ਹੈ। ਸੂਤਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਫਤਹਿਗੜ੍ਹ ਸਾਹਿਬ ਤੇ ਜੋਤੀ ਸਰੂਪ ਸਾਹਿਬ ਵਿੱਚ ਸੇਵਾ ਨਿਭਾਅ ਰਹੇ ਕਈ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਮੀਡੀਆ ਤਰਜਮਾਨ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਉੱਚ ਅਧਿਕਾਰੀ ਵੱਲੋਂ ਮਾਮਲੇ ਦੀ ਪੜਤਾਲ ਕਰਵਾਉਣ ਮਗਰੋਂ ਰਿਪੋਰਟ ਤਿਆਰ ਕਰ ਲਈ ਗਈ ਹੈ, ਜੋ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਂਦੇੜ ਤੋਂ ਵਾਪਸ ਆਉਣ 'ਤੇ ਉਨ੍ਹਾਂ ਕੋਲ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਮੰਨਿਆਂ ਕਿ ਕੁਝ ਬਦਲੀਆਂ ਜ਼ਰੂਰ ਹੋਈਆਂ ਹਨ, ਪਰ ਇਸ ਸਬੰਧੀ ਅਜੇ ਕੁੱਝ ਵੀ ਸਪਸ਼ਟ ਰੂਪ ਨਾਲ ਨਹੀਂ ਕਿਹਾ ਜਾ ਸਕਦਾ।

## *ਅਖੰਡ ਪਾਠ ਗੋਦ ਲੈਣ ਮਾਮਲੇ 'ਚ ਬੀਰਦਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਘੇਰਿਆ*

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼,**

ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖੰਡ ਪਾਠ ਦਿੱਲੀ ਦੇ ਇਕ ਸਿੱਖ ਸ਼ਰਧਾਲੂ ਦੇ ਨਾਮ 'ਤੇ ਪ੍ਰਕਾਸ਼ ਕਰਾਉਣ ਦਾ ਮੁੱਦਾ ਭਖ਼ਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅਵਤਾਰ ਸਿੰਘ ਰਿਆ ਤੇ ਰਵਿੰਦਰ ਸਿੰਘ ਖ਼ਾਲਸਾ ਵੱਲੋਂ ਪ੍ਰੈੱਸ ਬਿਆਨ ਵਿੱਚ ਦਿੱਤੇ ਸਪਸ਼ਟੀਕਰਨ ਨੂੰ ਮੁੱਢੋਂ ਨਕਾਰਦਿਆਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਸੰਗਤ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੇ ਹਨ, ਜਿਨ੍ਹਾਂ ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪ੍ਰਕਾਸ਼ ਕਰਵਾਏ ਅਖੰਡ ਪਾਠ ਬਾਰੇ ਛਿੜੇ ਵਿਵਾਦ ਨੂੰ ਸੁਲਝਾਉਣ ਲਈ ਭੁਲੇਖਾਪਾਊ ਸਪਸ਼ਟੀਕਰਨ ਦਿੱਤਾ ਹੈ, ਪਰ ਸਿੱਖ ਸੰਗਤ ਦੇ ਮੁਢਲੇ ਇਤਰਾਜ਼ਾਂ ਬਾਰੇ ਚੁੱਪ ਧਾਰ ਰੱਖੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਗਤ ਦਾ ਮੁਢਲਾ ਇਤਰਾਜ਼ ਹੈ ਕਿ 25 ਦਸੰਬਰ ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਜੋ ਅਖੰਡ ਪਾਠ ਆਰੰਭ ਕਰਵਾਏ ਸਨ, ਉਹ ਦਿੱਲੀ ਦੇ ਇੱਕ ਗੁਰਸਿੱਖ ਦਲਵਿੰਦਰ ਸਿੰਘ ਨੇ ਆਰੰਭ ਕਰਵਾਏ ਸਨ। ਆਖੰਡ ਪਾਠ ਦੇ ਆਰੰਭ ਤੋਂ ਬਾਅਦ ਪਾਠੀਆਂ ਅਤੇ ਸੇਵਾਦਾਰਾਂ ਦੇ ਡਿਊਟੀ ਚਾਰਟ ਦੀ ਰੱਖੀ ਤਖ਼ਤੀ 'ਤੇ ਵੀ ਪਾਠ ਦਲਵਿੰਦਰ ਸਿੰਘ ਵੱਲੋਂ ਆਰੰਭ ਕਰਵਾਉਣ ਦਾ ਜ਼ਿਕਰ ਹੈ। ਦਲਵਿੰਦਰ ਸਿੰਘ ਵੱਲੋਂ ਆਰੰਭ ਕਰਵਾਏ ਅਖੰਡ ਪਾਠ ਦੇ ਡਿਊਟੀ ਚਾਰਟ ਦੀ ਰਸੀਦ ਦੀ ਫੋਟੋ ਸਿੱਖ ਸੰਗਤ ਵੱਲੋਂ ਲਈ ਗਈ ਹੈ, ਜਿਸ 'ਤੇ ਗੁਰਦੁਆਰਾ ਜੋਤੀ ਸਰੂਪ ਦੇ ਮੈਨੇਜਰ ਅਤੇ ਅਖੰਡ ਪਾਠਾਂ ਦੇ ਇੰਚਾਰਜ ਦੇ ਦਸਤਖ਼ਤ ਵੀ ਹਨ। ਜਿਸ ਗੁਰਸਿੱਖ ਵੱਲੋਂ ਅਖੰਡ ਪਾਠ ਆਰੰਭ ਕਰਵਾਏ ਗਏ ਹਨ, ਉਸ ਦਾ ਨਾਮ ਵੀ ਦਰਜ ਹੈ, ਪਰ ਇਸ ਤਖ਼ਤੀ 'ਤੇ ਕਿਸੇ ਵੀ ਥਾਂ ਸ਼੍ਰੋਮਣੀ ਕਮੇਟੀ ਜਾਂ ਸਥਾਨਕ ਗੁਰਦੁਆਰਾ ਪ੍ਰਬੰਧਕਾਂ ਦਾ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਇਹ ਨਹੀਂ ਆਖ ਰਹੀ ਕਿ ਅਖੰਡ ਪਾਠ ਆਰੰਭ ਹੀ ਨਹੀਂ ਕਰਵਾਏ, ਸਗੋਂ ਸੰਗਤ ਦੀ ਸ਼ਿਕਾਇਤ ਇਹ ਹੈ ਕਿ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੀ ਲਗਪਗ ਅੱਧੀ ਸਦੀ ਦੀ ਪ੍ਰੰਪਰਾ ਅਨੁਸਾਰ ਇਹ ਪਾਠ ਸਥਾਨਕ ਗੁਰਦੁਆਰਾ ਪ੍ਰਬੰਧਕਾਂ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਨਹੀਂ ਕਰਵਾਏ ਗਏ। ਉਨ੍ਹਾਂ ਕਿਹਾ ਕਿ ਅਖੰਡ ਪਾਠ ਦੀ ਸਮਾਪਤੀ ਦੀ ਅਰਦਾਸ, ਗੁਰਦੁਆਰਾ ਪ੍ਰਬੰਧਕਾਂ ਨੇ ਆਪਣੇ ਨਾਮ 'ਤੇ ਕਰ ਲਈ। ਉਨ੍ਹਾਂ ਮੰਗ ਕੀਤੀ ਕਿ ਇਸੇ ਤਰਜ਼ 'ਤੇ 2018 ਦੌਰਾਨ ਸ਼ਹੀਦੀ ਸਭਾ (11 ਪੋਹ) ਨੂੰ ਨਿਰਧਾਰਿਤ ਵਿਧੀ ਅਨੁਸਾਰ ਅਖੰਡ ਪਾਠ ਸਾਹਿਬ ਦੀ ਬਣਦੀ ਭੇਟਾ ਲੈ ਕੇ ਉਨ੍ਹਾਂ ਦੇ ਨਾਮ 'ਤੇ ਪਾਠ ਬੁੱਕ ਕਰਵਾਏ ਜਾਣ, ਇਸ ਸਬੰਧੀ ਉਹ 8 ਜਨਵਰੀ ਨੂੰ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਦੇ ਦਫ਼ਤਰ ਵਿਖੇ ਬੇਨਤੀ ਕਰਨ ਜਾਣਗੇ। ਉਨ੍ਹਾਂ ਕਿਹਾ ਕਿ ਨਿਰਧਾਰਿਤ ਭੇਟਾ ਕਬੂਲ ਕਰਕੇ ਉਪਰੋਕਤ ਦਰਜ ਤਰੀਕ ਨੂੰ ਉਨ੍ਹਾਂ ਦੇ ਪਰਿਵਾਰ ਦੇ ਨਾਮ 'ਤੇ ਰਸੀਦ ਜਾਰੀ ਕਰ ਦਿੱਤੀ ਜਾਵੇ, ਠੀਕ ਉਸੇ ਤਰ੍ਹਾਂ ਜਿਵੇਂ ਦਿੱਲੀ ਦੇ ਗੁਰਸਿੱਖ ਦਲਵਿੰਦਰ ਸਿੰਘ ਨੂੰ 23 ਅਪਰੈਲ 2017 ਨੂੰ ਰਸੀਦ ਨੰਬਰ 13282 ਜਾਰੀ ਕੀਤੀ ਗਈ ਸੀ।

# ਬੀਰਦਵਿੰਦਰ ਵਲੋਂ ਪਾਠ ਬੁੱਕ ਕਰਾਉਣ ਲਈ ਬੇਨਤੀ



ਪਾਠ ਬੁੱਕ ਕਰਵਾਉਣ ਲਈ ਭੇਟਾ ਤੇ ਬੇਨਤੀ ਪੱਤਰ ਸੌਂਪਦੇ ਹੋਏ ਬੀਰਦਵਿੰਦਰ ਸਿੰਘ।

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼**

ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਸੋਮਵਾਰ ਨੂੰ ਵੱਡੀ ਗਿਣਤੀ ਸੰਗਤ ਨਾਲ ਗੁਰਦੁਆਰਾ ਫਤਹਿਗੜ੍ਹ ਸਾਹਿਬ ਪੁੱਜੇ। ਉਨ੍ਹਾਂ ਗੁਰਦੁਆਰੇ ਦੇ ਮੈਨੇਜਰ ਭਾਈ ਜਸਵੀਰ ਸਿੰਘ ਨੂੰ ਗੁਰਦੁਆਰੇ ਵਿੱਚ ਹੋ ਰਹੀ ਸਿੱਖ ਮਰਿਆਦਾ ਦੀ ਕਥਿਤ ਉਲੰਘਣਾ ਸਬੰਧੀ ਜਾਣੂ ਕਰਵਾਇਆ। ਇਸ ਮੌਕੇ ਉਨ੍ਹਾਂ ਇਕ ਬੇਨਤੀ ਪੱਤਰ ਨਾਲ 7100 ਦੀ ਭੇਟਾ ਪੇਸ਼ ਕਰਦਿਆਂ ਮੰਗ ਕੀਤੀ ਕਿ 11 ਪੋਹ 2018 ਨੂੰ ਹੋਣ ਵਾਲੀ ਸ਼ਹੀਦੀ ਸਭਾ ਦੌਰਾਨ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਉਨ੍ਹਾਂ ਵੱਲੋਂ ਦਿੱਤੀ ਭੇਟਾ ਨਾਲ ਅਖੰਡ ਪਾਠ ਦਾ ਪ੍ਰਕਾਸ਼ ਕਰਵਾਇਆ ਜਾਵੇ ਅਤੇ ਇਸ ਦੌਰਾਨ ਹੋਣ ਵਾਲੀ ਅਰਦਾਸ ਵਿੱਚ ਉਨ੍ਹਾਂ ਦੇ ਪਰਿਵਾਰ ਦਾ ਨਾਮ ਨਾ ਲੈ ਕੇ ਸਮੁੱਚੇ ਇਲਾਕੇ ਦੀ ਸੰਗਤ ਦੀ ਅਰਦਾਸ ਕੀਤੀ ਜਾਵੇ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰੇ ਵਿੱਚ ਫੈਲੀਆਂ ਕਥਿਤ ਕੁਰੀਤੀਆਂ ਖ਼ਿਲਾਫ਼ ਗੁਰਦੁਆਰਾ ਸੁਧਾਰ ਲਹਿਰ ਦਾ ਆਗਾਜ਼ ਕੀਤਾ ਜਾਵੇਗਾ। ਉਨ੍ਹਾਂ 14 ਜਨਵਰੀ ਤੱਕ ਦਾ ਸਮਾਂ ਦਿੰਦਿਆਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਅਖੰਡ ਮਾਮਲੇ ਵਿੱਚ ਊਣਤਾਈਆਂ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰਦੀ ਤਾਂ ਉਹ ਸੰਗਤ ਨਾਲ ਸਲਾਹ ਮਸ਼ਵਰਾ ਕਰ ਕੇ ਗੁਰਦੁਆਰੇ ਦੀ ਮਰਿਆਦਾ ਬਹਾਲ ਕਰਵਾਉਣ ਲਈ ਧਰਮ ਯੁੱਧ ਮੋਰਚਾ ਲਾਉਣਗੇ।

## ਮੈਨੇਜਰ ਨੇ ਬੁਕਿੰਗ ਕਰਨੋਂ ਕੀਤੀ ਨਾਂਹ

ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਸਾਬਕਾ ਸਪੀਕਰ ਬੀਰਦਵਿੰਦਰ ਸਿੰਘ ਉਨ੍ਹਾਂ ਕੋਲ ਪਾਠ ਦੀ ਬੁਕਿੰਗ ਕਰਵਾਉਣ ਲਈ ਆਏ ਸਨ, ਪਰ ਉਨ੍ਹਾਂ ਦਾ ਪਾਠ ਬੁੱਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਹੀਦੀ ਸਭਾ ਦੌਰਾਨ ਹੋਏ ਪਾਠ ਦੇ ਮਾਮਲੇ ਦੀ ਜਾਂਚ ਹਾਲੇ ਚੱਲ ਰਹੀ ਹੈ। ਇਸ ਲਈ ਪਾਠ ਲਈ ਬੁਕਿੰਗ ਬੰਦ ਕੀਤੀ ਗਈ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015 ਅਤੇ 2016 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment



MC NO. # 464630

2936 Farrar Ave. Modesto CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਗੋਰਿਆਂ ਦੇ ਕੀਰਤਨੀ ਜਥੇ ਵੱਲੋਂ ਫਰਿਜ਼ਨੋ ਦੇ ਗੁਰੂਘਰਾਂ ਵਿੱਚ ਕੀਰਤਨ 12 ਤੋਂ 14 ਜਨਵਰੀ ਤੱਕ ਕੀਰਤਨ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਭਾਈ ਹਰਭਜਨ ਸਿੰਘ ਯੋਗੀ ਦੀ ਸੰਸਥਾ ਨਿਊ-ਮੈਕਸੀਕੋ ਤੋਂ ਗੋਰਿਆਂ ਦੇ ਕੀਰਤਨੀ ਜਥੇ ਵੱਲੋਂ 12 ਜਨਵਰੀ ਤੋਂ 14 ਜਨਵਰੀ ਤੱਕ ਫਰਿਜ਼ਨੋ ਸ਼ਹਿਰ ਦੇ ਵੱਖ ਵੱਖ ਗੁਰੂ ਘਰਾਂ ਵਿੱਚ ਰਸ ਭਿੰਨੇ ਕੀਰਤਨ ਦੇ ਪ੍ਰੋਗਰਾਮ ਕੀਤੇ ਜਾਣਗੇ। ਇਸ ਦੌਰਾਨ 12 ਜਨਵਰੀ ਦਿਨ ਸ਼ੁਕਰਵਾਰ ਸ਼ਾਮ ਨੂੰ 6:00 ਵਜੇ ਤੋ 8:00 ਵਜੇ ਤੱਕ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ, ਲੋਹੜੀ ਵਾਲੇ ਦਿਨ 13 ਜਨਵਰੀ ਸ਼ਨੀਵਾਰ ਸ਼ਾਮੀਂ ਸ਼ਾਮ ਨੂੰ 6:00 ਵਜੇ ਤੋ 7:00 ਵਜੇ ਤੱਕ ਗੁਰਦੁਆਰਾ ਨਾਨਕਸਰ ਚੈਰੀ ਰੋਡ ਫਰਿਜ਼ਨੋ, 14 ਜਨਵਰੀ ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਹੋਣਗੇ ਅਤੇ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਬਾਅਦ ਦੁਪਹਿਰ 12:30 ਵਜੇ ਤੋਂ ਬਾਅਦ ਦੁਪਹਿਰ 1:15 ਵਜੇ ਤੱਕ ਹੋਣਗੇ। ਇਸੇ ਤਰ੍ਹਾਂ ਗੁਰਦੁਆਰਾ ਕਲਗੀਧਰ ਸੈਲਮਾ ਅਤੇ ਗੁਰਦੁਆਰਾ ਨਾਨਕਸਰ ਕਰਨੈਲੀਆ ਰੋਡ ਫਰਿਜਨੋ ਦੇ ਪ੍ਰੋਗਰਾਮ ਵੀ ਨਿਯਤ ਕੀਤੇ ਗਏ ਹਨ। ਕੀਰਤਨ ਦੇ ਇਨ੍ਹਾਂ ਪ੍ਰੋਗਰਾਮਾਂ ਸਬੰਧੀ ਵਧੇਰੇ ਜਾਣਕਾਰੀ ਲਈ ਭਾਈ ਦਾਰਾ ਸਿੰਘ ਨਾਲ ਫੋਨ ਨੰਬਰ 559 289 7076 ਸੰਪਰਕ ਕੀਤਾ ਜਾ ਸਕਦਾ ਹੈ।

## ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ ਧਾਰਮਿਕ ਕਵੀ ਦਰਬਾਰ ਸਜਾਏ

**ਸੈਨਮੈਟੀਓ/ਬਿਊਰੋ ਨਿਊਜ਼:** ਸੈਨਫਰਾਂਸਿਸਕੋ ਦੇ ਵਿਸ਼ਾਲ ਖੇਤਰ ਵਿਚ ਅਪ੍ਰੈਲ 2012 ਤੋਂ ਚਲਾਏ ਜਾ ਰਹੇ ਗੁਰਦੁਆਰਾ ਸਾਹਿਬ ਸੈਨਮੈਟੀਓ (Peninsula Temple 1700, Alameda DE LAS Pulgas Sanmateo CA 94403) ਵਿਖੇ ਨਵੇਂ ਸਾਲ ਮੌਕੇ ਵਿਸ਼ੇਸ਼ ਦੀਵਾਨ ਵਿਚ ਅਮਰੀਕੀ ਪੰਜਾਬੀ ਕਵੀਆਂ ਵਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ 'ਸਾਕਾ ਸਰਹਿੰਦ' ਦੇ ਇਤਿਹਾਸ 'ਤੇ ਰੌਸ਼ਨੀ ਪਾਈ । ਉਨ੍ਹਾਂ ਕਿਹਾ ਕਿ ਜਿਥੇ ਸਾਰੀ ਲੁਕਾਈ ਨਵੇਂ ਸਾਲ 2018 ਨੂੰ 'ਜੀ ਆਇਆਂ' ਆਖ ਰਹੀ ਹੈ, ਉਥੇ ਸਿੱਖ ਕੌਮ ਆਪਣੇ ਗੌਰਵਮਈ ਅਤੇ ਵਿਲੱਖਣ ਵਿਰਸੇ ਦੇ ਸ਼ਹੀਦੀ ਇਤਿਹਾਸ ਨੂੰ ਦ੍ਰਿੜ ਕਰ ਰਹੀ ਹੈ। ਪੋਹ ਦਾ ਮਹੀਨਾ ਸਿੱਖ ਇਤਿਹਾਸ ਵਿਚ ਨਿਰੰਤਰ ਸ਼ਹੀਦੀਆਂ ਦਾ ਮਹੀਨਾ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਬੇਸ਼ੁਮਾਰ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਦੱਤੀਆਂ। ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ 'ਸਾਕਾ ਸਰਹਿੰਦ' ਅਤੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਜਲੁਮ, ਅਤਿਆਚਾਰ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਆਪਣਾ ਸਰਬੰਸ ਵਾਰ ਦਿੱਤਾ। ਇਹ ਅਦੁੱਤੀ ਲਾਸਾਨੀ ਸ਼ਹੀਦੀਆਂ ਹਮੇਸ਼ਾ ਅਮਰ ਰਹਿਣਗੀਆਂ। ਸਿੱਖ ਕੌਮ ਨੂੰ ਪੋਹ ਦਾ ਮਹੀਨਾ ਕਦੇ ਨਹੀਂ ਭੁੱਲ ਸਕਦਾ।



ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮਾਂਟ, ਪ੍ਰੋ. ਸੁਰਜੀਤ ਸਿੰਘ ਨਨੂਆ, ਮਹਿੰਦਰ ਸਿੰਘ ਰਾਜਪੂਤ, ਪਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਦਰਸਾਉਂਦੀਆਂ ਜੋਸ਼ਲੀਆਂ ਰਚਨਾਵਾਂ ਨਾਲ ਮਹੌਲ ਨੂੰ ਸੰਜੀਦਾ ਬਣਾ ਦਿੱਤਾ। ਸੰਗਤਾਂ ਨੇ ਬੜੀ ਸੰਜੀਦਗੀ ਨਾਲ ਪ੍ਰੋਗਰਾਮ ਸਰਵਣ ਕੀਤਾ। ਪ੍ਰਬੰਧਕਾਂ ਵਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਵੀਆਂ ਦਾ ਸਨਮਾਨ ਕੀਤਾ ਅਤੇ ਅਜਿਹੇ ਪੋਗਰਾਮ ਸਜਾਉਂਦੇ ਰਹਿਣ ਲਈ ਆਸ ਜਤਾਈ।

## ਵੱਖ ਵੱਖ ਜਥੇਬੰਦੀਆਂ ਵਲੋਂ ਪਾਬੰਦੀਆਂ ਦੀ ਡਟਵੀਂ ਹਮਾਇਤ

### *ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕੀਤਾ ਫੈਸਲੇ ਦਾ ਵਿਰੋਧ*

**ਨਿਊਯਾਰਕ/ਬਿਊਰੋ ਨਿਊਜ਼:**
ਮਨੁੱਖੀ ਅਧਿਕਾਰ ਸੰਗਠਨ ਸਿਖਸ ਫਾਰ ਜਸਟਿਸ ਨੇ ਵੀ ਭਾਰਤੀ ਕੂਟਨੀਤਕਾਂ ਤੇ ਭਾਰਤ ਦੀ ਪ੍ਰਤੀਨਿਧਤਾ ਕਰਨ ਵਾਲੇ ਕਿਸੇ ਵੀ ਅਧਿਕਾਰੀ ਦੇ ਗੁਰਦੁਆਰਿਆਂ ਵਿਚ ਦਾਖ਼ਲੇ, ਸਨਮਾਨਿਤ ਕਰਨ, ਸੰਗਤਾਂ ਨੂੰ ਸੰਬੋਧਨ ਕਰਨ ਅਤੇ ਨਗਰ ਕੀਰਤਨ ਵਿਚ ਸ਼ਮੂਲੀਅਤ 'ਤੇ ਪਾਬੰਦੀ ਲਾਉਣ ਦੀ ਤਾਈਦ ਕੀਤੀ ਹੈ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਾਰੇ ਕੂਟਨੀਤਕ ਉਸੇ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਦੇ ਹਨ, ਜੋ ਕਿ ਸਿੱਖਾਂ ਦੀ ਨਸਲਕੁਸ਼ੀ ਹਿੰਸਾ ਲਈ ਜ਼ਿੰਮੇਵਾਰ ਹੈ ਅਤੇ ਜਿਸ ਨੇ ਭਾਰਤੀ ਪੁਲਿਸ ਅਧਿਕਾਰੀਆਂ ਦੀ ਪੁਸ਼ਤਪਨਾਹੀ ਜਾਰੀ ਰੱਖੀ ਹੋਈ ਹੈ, ਜਿਨ੍ਹਾਂ ਨੇ ਸਿੱਖਾਂ 'ਤੇ ਅੰਨ੍ਹਾ ਤਸ਼ਦਦ ਢਾਹਿਆ ਅਤੇ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਇਆ ਸੀ।

**ਬੀ. ਸੀ. ਅਤੇ ਅਲਬਰਟਾ ਗੁਰਦੁਆਰੇ ਵੱਲੋਂ ਐਲਾਨ**

ਬੀਸੀ, ਅਲਬਰਟਾ, ਓਂਟਾਰੀਓ ਦੇ ਸਾਰੇ ਗੁਰਦੁਆਰਿਆਂ ਦੇ ਸੇਵਾਦਾਰ ਇਸ ਗੱਲ 'ਤੇ ਸਹਿਮਤ ਹਨ ਕਿ ਭਾਰਤ ਸਰਕਾਰ ਦੇ ਅਫ਼ਸਰਾਂ ਦੀ ਗੁਰਦੁਆਰਾ ਪ੍ਰਬੰਧਾਂ ਤੇ ਪੰਥ ਵਿਚ ਦਖਲਅੰਦਾਜ਼ੀ ਨਹੀਂ ਚਾਹੀਦੀ ਤੇ ਉਹ ਗੁਰਦੁਆਰਿਆਂ ਵਿਚ ਲੜਾਈ ਝਗੜੇ ਖੜੇ ਕਰਕੇ ਪੰਥ ਦੀ ਬਦਨਾਮੀ ਕਰਵਾ ਰਹੇ ਹਨ।

**ਜੌਹਲ ਵੀ ਬਣਿਆ ਵੱਡਾ ਕਾਰਨ**

ਇੰਗਲੈਂਡ, ਅਮਰੀਕਾ, ਕੈਨੇਡਾ, ਅਸਟਰੇਲੀਆ ਗੁਰਦੁਆਰੇ ਪ੍ਰਬੰਧਕਾਂ ਤੇ ਪੰਥਕ ਆਗੂਆਂ ਦਾ ਮੰਨਣਾ ਹੈ ਕਿ ਅਪ੍ਰੈਲ 2017 ਤੋਂ ਬਾਅਦ ਬ੍ਰਿਟਿਸ਼ ਸਿੱਖ ਨੌਜਵਾਨ ਜਗਤਾਰ ਸਿੰਘ ਜੌਹਲ ਅਤੇ 50 ਹੋਰ ਸਿੱਖ ਨੌਜਵਾਨਾਂ ਨੂੰ ਹਾਲ ਹੀ ਵਿਚ ਅਗਵਾ ਕਰਕੇ ਤਸੀਹੇ ਦਿੱਤੇ ਗਏ।

**ਰੋਕ ਪਿੱਛੇ ਪ੍ਰਵਾਸੀ ਸਿੱਖਾਂ ਦਾ ਦਰਦ : ਦਿੱਲੀ ਕਮੇਟੀ**

ਨਵੀਂ ਦਿੱਲੀ: ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਦੇ ਦਾਖਲੇ 'ਤੇ ਰੋਕ ਲਗਾਉਣ ਦੇ ਮਾਮਲੇ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਪ੍ਰਵਾਸੀ ਸਿੱਖਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ ਤੇ ਭਾਰਤ ਸਰਕਾਰ ਨੂੰ ਇਸ ਬਾਬਤ ਪੜਚੋਲ ਕਰਨ ਦੀ ਲੋੜ ਹੈ ਕਿ ਆਖਿਰ ਬਾਹਰ ਵੱਸਦੇ ਸਿੱਖਾਂ ਵਿਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਖਿਲਾਫ਼ ਏਨਾ ਗੁੱਸਾ ਕਿਉਂ ਹੈ।

**ਸੁਖਬੀਰ ਬਾਦਲ ਵੱਲੋਂ ਵਿਰੋਧ**

ਜਲੰਧਰ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਦੇ ਦਾਖ਼ਲੇ ਉੱਤੇ ਪਾਬੰਦੀ ਅਫ਼ਸੋਸਨਾਕ ਹੈ ਤੇ ਸਿੱਖ ਸਿਧਾਂਤਾਂ ਅਨੁਸਾਰ ਇਹ ਜਾਇਜ਼ ਨਹੀਂ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਕੌਮ ਦਾ ਅਕਸ ਖਰਾਬ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ ਨੂੰ ਵਿਦੇਸ਼ ਦੀਆਂ ਪੰਥਕ ਜਥੇਬੰਦੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

**ਭਾਰਤ ਦਾ ਅਕਸ ਹੋਵੇਗਾ ਖਰਾਬ**

ਇਸ ਵਿਉਂਤਬੰਦੀ ਨਾਲ ਭਾਰਤ ਦਾ ਮਨੁੱਖੀ ਅਧਿਕਾਰਾਂ ਪੱਖੋਂ ਵਿਦੇਸ਼ਾਂ ਵਿਚ ਅਕਸ ਖਰਾਬ ਹੋਵੇਗਾ। ਹੁਣ ਭਾਰਤੀ ਨੇਤਾ ਜਾਂ ਅਧਿਕਾਰੀ ਗੁਰਦੁਆਰਿਆਂ ਵਿਚ ਔਫੀਸ਼ੀਅਲ ਤੌਰ 'ਤੇ ਨਹੀਂ ਜਾ ਸਕਣਗੇ। ਜੇਕਰ ਉਹ ਜਾਣ ਦੀ ਕੋਸ਼ਿਸ਼ ਕਰਨਗੇ ਤਾਂ ਉਥੇ ਵਿਵਾਦ ਹੋਵੇਗਾ। ਮਾਹਿਰਾਂ ਅਨੁਸਾਰ ਗੁਰਦੁਆਰਿਆਂ ਵਿਚ ਪਾਬੰਦੀ ਤੋਂ ਬਾਅਦ ਹੁਣ ਵਿਦੇਸ਼ਾਂ ਵਿਚ ਖ਼ਾਲਿਸਤਾਨ ਦੀ ਲਹਿਰ ਹੋਰ ਫੈਲੇਗੀ।

ਅਜਿਹਾ ਪਹਿਲੀ ਵਾਰ ਹੈ ਕਿ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਨੂੰ ਪ੍ਰਦੇਸੀ ਖਾਲਸਾ ਜੀ ਵੱਲੋਂ ਚੁਣੌਤੀ ਦਿੱਤੀ ਗਈ ਹੈ। ਮੈਲਬੌਰਨ ਵਿਚ ਤਾਂ ਕੁਝ ਦਿਨ ਪਹਿਲਾਂ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਨਾਲ ਤਾਂ ਝਗੜਾ ਵੀ ਹੋਇਆ ਸੀ ਕਿ ਤੁਸੀਂ ਸਿੱਖਾਂ ਉੱਪਰ ਜ਼ੁਲਮ ਕਰਨੇ ਬੰਦ ਕਰੋ। ਪੰਥਕ ਜਥੇਬੰਦੀਆਂ ਇਹ ਵੀ ਦੋਸ਼ ਲਗਾ ਰਹੀਆਂ ਹਨ ਕਿ ਵਿਦੇਸ਼ ਸਥਿਤ ਭਾਰਤੀ ਦੂਤਘਰਾਂ ਦੇ ਅਧਿਕਾਰੀ ਸਿੱਖਾਂ ਦੇ ਨਾਲ ਸਹੀ ਵਤੀਰਾ ਨਹੀਂ ਕਰਦੇ। ਕੈਨੇਡਾ ਵਿਚ ਤਾਂ ਵਣਜ ਦੂਤਘਰ ਦਫਤਰ 'ਤੇ ਇਹ ਦੋਸ਼ ਲੱਗ ਰਹੇ ਹਨ ਕਿ ਇਸ ਦਫਤਰ ਦੇ ਅਧਿਕਾਰੀਆਂ ਦਾ ਸਿੱਖਾਂ ਪ੍ਰਤੀ ਵਤੀਰਾ ਠੀਕ ਨਹੀਂ ਹੈ, ਉਹ ਵੀਜ਼ਾ ਦੇਣ ਵਿਚ ਨਾਂਹ-ਨੁੱਕਰ ਕਰਦੇ ਹਨ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • ELD No Problem

*Call for more Info:*

Phone: (209) 242-9569, (209)564-8899

2101 MARTIN LUTHER KING JR WAYSTOCKTON, CA 95205

# ਯੂ.ਕੇ.ਦੇ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਭਾਰਤ ਸਰਕਾਰ ਦੇ ਨੁਮਾਇੰਦਿਆਂ ਦੇ ਬੋਲਣ ਅਤੇ ਸਨਮਾਨ 'ਤੇ ਪਾਬੰਦੀ ਦਾ ਮਤਾ ਪਾਸ

## *ਨਤਮਸਤਕ ਹੋ ਕੇ ਕੇਵਲ ਗੁਰਬਾਣੀ, ਕਥਾ, ਕੀਰਤਨ ਸਰਵਣ ਕਰ ਸਕਣਗੇ-ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ*

**ਲੰਡਨ/ਬਿਊਰੋ ਨਿਊਜ਼:**
ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਅਤੇ ਨੌਜਵਾਨਾਂ ਦੀਆਂ ਜਥੇਬੰਦੀਆਂ ਦੀ ਹੰਗਾਮੀ ਮੀਟਿੰਗ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਹੋਈ ਜਿਸ ਵਿੱਚ ਅਹਿਮ ਵਿਚਾਰ ਵਟਾਂਦਰੇ ਉਪਰੰਤ ਸਰਬ ਸੰਮਤੀ ਨਾਲ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਸਰਕਾਰੀ ਨੁਮਾਇੰਦਿਆਂ, ਅਧਿਕਾਰੀਆਂ ਅਤੇ ਸਿੱਖ ਨੌਜਵਾਨਾਂ ਤੇ ਅਣਮਨੁੱਖੀ ਤਸ਼ੱਦਦ ਢਾਹੁਣ ਦੇ ਦੋਸ਼ੀ ਪੁਲਿਸ ਅਫਸਰਾਂ ਤੇ ਗੁਰਦੁਆਰਿਆਂ ਵਿੱਚ ਬੋਲਣ ਅਤੇ ਉਨ੍ਹਾਂ ਦੇ ਸਨਮਾਨ ਤੇ ਪਬੰਦੀ ਦਾ ਮਤਾ ਪਾਸ ਕੀਤਾ ਗਿਆ । ਪਰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ, ਕਥਾ ਕੀਰਤਨ ਸਰਵਣ ਕਰਨ ਅਤੇ ਲੰਗਰ ਛਕਣ ਦੀ ਮਨਾਹੀ ਨਹੀਂ ਹੋਵੇਗੀ । ਉਕਤ



ਕਦਮ ਭਾਰਤ ਵਿੱਚ ਸਿੱਖ ਕੌਮ ਤੇ ਹੋ ਰਹੇ ਨਿਰੰਤਰ ਜ਼ੁਲਮਾਂ ਨੂੰ ਮੱਦੇ ਨਜ਼ਰ ਰੱਖਦਿਆਂ ਸਿੱਖ ਮਾਨਸਿਕਤਾ ਵਿੱਚ ਪਨਪ ਰਹੇ ਵਿਆਪਕ ਵਿਰੋਧ ਅਤੇ ਰੋਸ ਵਜੋਂ ਉਠਾਇਆ ਗਿਆ ਹੈ । ਜ਼ਿਕਰਯੋਗ ਹੈ ਭਾਰਤ ਵਿੱਚ ਸਿੱਖਾਂ ਤੇ ਸਰਕਾਰੀ ਤੌਰ ਤੇ ਚਾਰ ਦਹਾਕਿਆਂ ਤੋਂ ਜਬਰ ਜੁਲਮ ਹੋ ਰਿਹਾ ਹੈ ।ਅਦਾਲਤਾਂ ਵਲੋ ਦਿੱਤੀਆਂ ਗਈਆਂ ਸਜਾਵਾਂ ਕੱਟਣ ਬਲਕਿ ਸਮੇਂ ਤੋਂ ਦੋ ਢਾਈ ਗੁਣਾ ਵੱਧ ਸਮਾਂ ਜੇਹਲਾਂ ਵਿੱਚ ਬੰਦ ਰਹਿਣ ਦੇ ਬਾਵਜੂਦ ਵੀ ਸਿੱਖਾਂ ਦੀਆਂ ਰਿਹਾਈਆਂ ਨਹੀਂ ਹੋ ਰਹੀਆਂ ।ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਅਤੇ ਸਿੱਖ ਕਤਲੇਆਮ ਦੇ ਦੋਸ਼ਨੂੰ ਸਜਾਵਾਂ ਦੇਣ ਦੀ ਬਜਾਏ ਸਰਕਾਰੀ ਪੱਧਰ ਤੇ ਉਹਨਾਂ ਦੀ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ । ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਗ੍ਰਿਫਤਾਰੀ ,ਉਸ ਤੇ ਪੁਲਿਸ ਵਲੋਂ ਕੀਤਾ ਗਿਆ ਅਣਮਨੱਖੀ ਤਸ਼ੱਦਦ ,ਬਰਤਾਨਵੀ ਅਧਿਕਾਰੀਆਂ ਨੂੰ ਉਸ ਦੀ ਇੱਛਾ ਅਨੁਸਾਰ ਮਿਲਣ ਤੋਂ ਵਾਝਾਂ ਰੱਖਣਾ ,ਦੋ ਮਹੀਨੇ ਲਗਾਤਾਰ ਪੁਲਿਸ ਰਿਮਾਂਡ ਵਿੱਚ ਰੱਖਣ ਅਤੇ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹ ਵਿੱਚ ਬੰਦ ਕਰਨਾ ਅਤੇ ਪੰਜਾਬ ਵਿੱਚ ਅਨੇਕਾਂ ਸਿੱਖ ਨੌਜਵਾਨਾਂ ਦੀਆਂ ਹਾਲ ਹੀ ਦੌਰਾਨ ਵੱਡੀ ਪੱਧਰ ਤੇ ਹੋ ਰਹੀਆਂ ਗ੍ਰਿਫਤਾਰੀਆਂ ਤਾਜਾ ਮਿਸਾਲ ਹੈ ।

ਮੀਟਿੰਗ ਵਿੱਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਿੱਚ ਸ਼ਾਮਲ ਸਿੱਖ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂ ਕੇ ਭਾਈ ਅਮਰੀਕ ਸਿੰਘ ਗਿੱਲ, ਬੱਬਰ ਅਕਾਲੀ ਜਥੇਬੰਦੀ ਯੂ ਕੇ ਭਾਈ ਬਲਬੀਰ ਸਿੰਘ , ਯੂਨਾਈਟਿਡ ਖਾਲਸਾ ਦਲ ਯੂ ਕੇ, ਭਾਈ ਬਲਵਿੰਦਰ ਸਿੰਘ ਢਿੱਲੋਂ, ਬ੍ਰਿਟਿਸ਼ ਸਿੱਖ ਕੌਂਸਲ ਭਾਈ ਤਰਸੇਮ ਸਿੰਘ ਦਿਉਲ , ਧਰਮ ਯੁੱਧ ਜਥਾ ਦਮਦਮੀ ਟਕਸਾਲ ਭਾਈ ਚਰਨ ਸਿੰਘ, ਖਾਲਿਸਤਾਨ ਜਲਾਵਤਨ ਸਰਕਾਰ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਯੂ ਕੇ ਭਾਈ ਗੁਰਦੇਵ ਸਿੰਘ ਚੌਹਾਨ, ਸ੍ਰਅਕਾਲੀ ਦਲ ਅੰਮ੍ਰਿਤਸਰ ਯੂ ਕੇ ਭਾਈ ਜਸਪਾਲ ਸਿੰਘ ਬੈਂਸ, ਭਾਈ ਦਵਿੰਦਰਜੀਤ ਸਿੰਘ ਸਲੋਹ, ਭਾਈ ਬਲਵਿੰਦਰ ਸਿੰਘ ਵੂਲਵਰਹੈਂਪਨ, ਵੱਖ ਵੱਖ ਨੌਜਵਾਨ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਭਾਈ ਸਮਸ਼ੇਰ ਸਿੰਘ, ਭਾਈ ਕੀਪਾ ਸਿੰਘ, ਭਾਈ ਦਪਿੰਦਰਜੀਤ ਸਿੰਘ, ਭਾਈ ਸੇਵਾਦਾਰ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਨਿਸ਼ਾਨ ਸਿੰਘ ਅਤੇ ਭਾਈ ਜਗਦੀਪ ਸਿੰਘ ਸ਼ਾਮਲ ਸਨ। ਸਮੂਹ ਸਿੱਖ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਯੂ ਕੇ ਭਰ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸਨਿਮਰ ਅਪੀਲ ਕੀਤੀ ਗਈ ਕਿ ਉਕਤ ਮਤਾ ਸਮੇਂ ਦੀ ਲੋੜ ਹੈ ਜਿਸ ਨੂੰ ਕੌਮੀ ਫਰਜ਼ ਪਛਾਣਦਿਆਂ ਲਾਗੂ ਕੀਤਾ ਜਾਵੇ । ਭਾਰਤ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਨੂੰ ਸਟੇਜ ਤੋਂ ਬੋਲਣ ਨਾ ਦਿੱਤਾ ਜਾਵੇ ਨਾ ਹੀ ਕਿਸੇ ਨੂੰ ਸਿਰੋਪਾਉ ਦਿੱਤਾ ਜਾਵੇ ।ਕਿਉਂਕਿ ਗੁਰਦੁਆਰੇ ਢਾਹੁਣ ਵਾਲਿਆਂ ਦੇ ਨੁਮਾਇੰਦੇ ਗੁਰਦੁਆਰਿਆਂ ਤੋਂ ਸਨਮਾਨ ਦੇ ਹੱਕਦਾਰ ਨਹੀਂ ਹੁੰਦੇ । ਜ਼ਿਕਰਯੋਗ ਹੈ ਕਿ ਇਸ ਮਤੇ ਨੰ ਵੱਡੀ ਗਿਣਤੀ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਹਮਾਇਤ ਅਤੇ ਅਮਲ ਵਿੱਚ ਲਿਆਉਣ ਲਈ ਲਈ ਵਚਨਬੱਧਤਾ ਪ੍ਰਗਟਾਈ ਜਾ ਚੁੱਕੀ ਹੈ ।

# ਗਰਮਖਿਆਲੀਆਂ ਵਲੋਂ ਲਾਈ ਪਾਬੰਦੀ ਵਿਰੁਧ ਭਾਰਤੀ ਦੂਤਾਵਾਸ ਦੇ ਅਧਿਕਾਰੀ ਗੁਰਦੁਆਰਿਆਂ 'ਚ ਜਾ ਕੇ ਕਰਨ ਲੱਗੇ ਲਾਮਬੰਦੀ

**ਲੰਡਨ/ਬਿਊਰੋ ਨਿਊਜ਼:**
ਪੱਖੀ ਸਿੱਖ ਫੈਡਰੇਸ਼ਨ ਯੂਕੇ (ਐਸਐਫਯੂਕੇ) ਵੱਲੋਂ ਗੁਰਦੁਆਰਿਆਂ 'ਚ ਭਾਰਤੀ ਕੂਟਨੀਤਕਾਂ ਦੇ ਦਾਖ਼ਲੇ 'ਤੇ ਲਾਈ ਗਈ ਪਾਬੰਦੀ ਦਾ ਬ੍ਰਿਟੇਨ 'ਚ ਭਾਰਤੀ ਹਾਈ ਕਮਿਸ਼ਨ ਨੇ ਸਨਿੱਚਰਵਾਰ ਨੂੰ ਇਸ ਦਾ ਵਿਰੋਧ ਕਰਦਿਆਂ ਉਥੋਂ ਦਾ ਦੌਰਾ ਕੀਤਾ। ਮਿਸ਼ਨ ਦੇ ਅਧਿਕਾਰੀ ਨੇ ਪੱਛਮੀ ਲੰਡਨ 'ਚ ਸਾਊਥਾਲ ਦੇ ਗੁਰਦੁਆਰੇ ਦਾ ਦੌਰਾ ਕਰਕੇ ਉਥੇ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਅਜਿਹਾ ਇਕ ਦੌਰਾ ਐਤਵਾਰ ਨੂੰ ਮਿਡਲੈਂਡਜ਼ ਦੇ ਗੁਰਦੁਆਰੇ 'ਚ ਕੀਤਾ ਜਾਵੇਗਾ। ਡਿਪਟੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕਿਹਾ,ਗੁਰਦੁਆਰਾ ਇਬਾਦਤ ਦਾ ਅਸਥਾਨ ਹੈ ਅਤੇ ਇਸ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ।' ਬ੍ਰਿਟੇਨ 'ਚ ਭਾਰਤੀ ਮੂਲ ਦੇ ਸਾਬਕਾ ਮੰਤਰੀ ਅਤੇ ਤਾਕਤਵਰ ਗ੍ਰਹਿ ਮਾਮਲਿਆਂ ਬਾਰੇ ਸਿਲੈਕਟ ਕਮੇਟੀ ਦੇ ਮੁਖੀ ਕੀਥ ਵਾਜ਼ ਨੇ ਵੀ ਐਸਐਫਯੂਕੇ ਦੇ ਐਲਾਨ ਦੀ ਨਿਖੇਧੀ ਕਰਦਿਆਂ ਕਿਹਾ, ਇਹ ਅਲੋਕਾਰੀ ਅਤੇ ਫਿਕਰਾਂ 'ਚ ਪਾਉਣ ਵਾਲਾ ਫ਼ੈਸਲਾ ਹੈ। ਮੈਨੂੰ ਆਸ ਹੈ ਕਿ ਜਿਨ੍ਹਾਂ ਇਹ ਫ਼ੈਸਲਾ ਲਿਆ ਹੈ, ਉਨ੍ਹਾਂ ਨੂੰ ਛੇਤੀ ਇਸ ਦਾ ਅਹਿਸਾਸ ਹੋਏਗਾ ਅਤੇ ਉਹ ਫ਼ੌਰੀ ਇਸ ਦੀ ਨਜ਼ਰਸਾਨੀ ਕਰਨਗੇ। ਯੂਕੇ 'ਚ ਸਾਰੇ ਧਾਰਮਿਕ ਅਸਥਾਨ ਹਰ ਕਿਸੇ ਲਈ ਖੁਲ੍ਹੇ ਰਹਿਣੇ ਚਾਹੀਦੇ ਹਨ।' ਐਸਐਫਯੂਕੇ ਜਥੇਬੰਦੀ, ਕੌਮਾਂਤਰੀ ਸਿੱਖ ਯੂਥ ਫੈਡਰੇਸ਼ਨ (ਆਈਐਸਵਾਈਐਫ) 'ਚੋਂ ਨਿਕਲੀ ਹੈ



ਜਿਸ 'ਤੇ ਬ੍ਰਿਟਿਸ਼ ਸਰਕਾਰ ਨੇ 2001 'ਚ ਯੂਕੇ ਦੇ ਦਹਿਸ਼ਤੀ ਐਕਟ ਤਹਿਤ ਪਾਬੰਦੀ ਲਾ ਦਿੱਤੀ ਸੀ। ਇਹ ਰੋਕ 2016 'ਚ ਤਤਕਾਲੀ ਗ੍ਰਹਿ ਮੰਤਰੀ ਟੈਰੇਜ਼ਾ ਮੇਅ (ਹੁਣ ਪ੍ਰਧਾਨ ਮੰਤਰੀ) ਨੇ ਹਟਾ ਲਈ ਸੀ। ਐਸਐਫਯੂਕੇ ਜਥੇਬੰਦੀ ਦਾ ਇਹ ਕਦਮ ਕੈਨੇਡਾ ਦੇ ਸਿੱਖ ਵੱਖਵਾਦੀਆਂ ਦੀ ਤਰਜ਼ 'ਤੇ ਹੈ ਜਿਨ੍ਹਾਂ ਇਸ ਹਫ਼ਤੇ ਦੇ ਸ਼ੁਰੂ 'ਚ ਅਜਿਹੇ ਹੁਕਮ ਦਿੱਤੇ ਸਨ। ਉਨ੍ਹਾਂ ਦਾਅਵਾ ਕੀਤਾ ਕਿ 70 ਗੁਰਦੁਆਰਿਆਂ ਨੇ ਪਾਬੰਦੀ' ਲਾਗੂ ਕਰਨ ਲਈ ਹਾਮੀ ਭਰੀ ਹੈ। ਯੂਕੇ ਆਧਾਰਿਤ ਸਿੱਖ ਜਗਤਾਰ ਸਿੰਘ ਜੌਹਲ ਦੀ ਭਾਰਤ 'ਚ ਗ੍ਰਿਫ਼ਤਾਰੀ ਮਗਰੋਂ ਇਹ ਮਾਮਲਾ ਭਖਿਆ ਹੈ। ਭਾਰਤੀ ਹਾਈ ਕਮਿਸ਼ਨ ਵੱਲੋਂ 2017 'ਚ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ, ਵਿਸਾਖੀ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਸਿੱਖ ਭਾਈਚਾਰੇ ਨਾਲ

ਬਾਕੀ ਸਫ਼ਾ 32 'ਤੇ



# ਮੋਦੀ ਨੇ ਬਾਦਲ ਦਲ ਨੂੰ ਟਿੱਚ ਜਾਣਿਆ

## ਕੈਪਟਨ ਤੇ ਮੋਦੀ ਦੀ ਰਾਜਨੀਤਕ ਗੱਲ ਤੁਰਨ ਦੀਆਂ ਕਿਆਸਰਾਈਆਂ ਨੇ ਬਾਦਲ ਦਲ ਦੇ ਪੈਰਾਂ ਹੇਠੋਂ ਜ਼ਮੀਨ ਕੱਢੀ ਉਤਰ ਪ੍ਰਦੇਸ਼, ਗੁਜਰਾਤ ਤੇ ਹਿਮਾਚਲ ਦੇ ਸਹੁੰ ਸਮਾਗਮਾਂ 'ਚ ਭਾਜਪਾ ਨੇ ਸੱਦਾ ਨਹੀਂ ਭੇਜਿਆ

### ਅਕਾਲੀ ਦਲ ਨੂੰ ਧੋਬੀ ਪਟਕਾ ਦੇਣ ਲਈ ਕਾਂਗਰਸ ਸਿੱਖ ਏਜੰਡਿਆਂ ਵੱਲ ਪਰਤਣ ਲੱਗੀ



**ਸਰਹਿੰਦ/ਬਿਊਰੋ ਨਿਊਜ਼:** ਪੰਜਾਬ ਭਾਜਪਾ ਦੇ ਜਨਰਲ ਸਕੱਤਰ ਸ੍ਰੀ ਦਿਨੇਸ਼ ਕੁਮਾਰ ਦੇ ਬਿਆਨ ਕਿ ਭਾਜਪਾ ਨੇ ਪੰਜਾਬ ਦੀਆਂ 117 ਵਿਧਾਨ ਸਭਾਵਾਂ ਵਿਚੋਂ 73 ਵਿਚ ਪੂਰਾ ਸਮਾਂ ਦੇਣ ਵਾਲੇ ਸੰਚਾਲਕ ਨਿਯੁਕਤ ਕਰ ਦਿੱਤੇ ਹਨ ਅਤੇ ਬੂਥ ਪੱਧਰ 'ਤੇ ਵੀ ਪੰਜਾਬ ਵਿਚ 22600 ਸੰਯੋਜਕ ਨਿਯੁਕਤ ਕੀਤੇ ਜਾ ਚੁੱਕੇ ਹਨ, ਤੋਂ ਭਾਜਪਾ ਦੀ ਸਾਫ਼ ਤੋੜ-ਵਿਛੋੜੇ ਦੀ ਤਿਆਰੀ ਨਜ਼ਰ ਆ ਰਹੀ ਹੈ। ਜਾਣਕਾਰੀ ਅਨੁਸਾਰ ਇਹ ਤਿਆਰੀ ਆਉਂਦੀਆਂ ਲੋਕ ਸਭਾ ਚੋਣਾਂ ਲਈ ਨਹੀਂ, ਸਗੋਂ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਸਾਹਮਣੇ ਰੱਖ ਕੇ ਕੀਤੀ ਜਾ ਰਹੀ ਹੈ। ਪਰ ਅਜਿਹੀਆਂ ਸੰਭਾਵਨਾਵਾਂ ਜ਼ਰੂਰ ਹਨ ਕਿ ਇਸ ਵਾਰ ਭਾਜਪਾ ਲੋਕ ਸਭਾ ਵਿਚ ਅਕਾਲੀ ਦਲ ਕੋਲੋਂ ਸਮਝੌਤੇ ਵਿਚ ਵੱਧ ਸੀਟਾਂ ਲੈਣ ਲਈ ਅੜੇਗੀ। ਦਿਨੇਸ਼ ਕੁਮਾਰ ਨੇ ਇਹ ਵੀ ਕਿਹਾ ਕਿ ਭਾਜਪਾ ਪੂਰੇ ਦੇਸ਼ ਵਿਚ ਵੱਡੀਆਂ ਜਿੱਤਾਂ ਪ੍ਰਾਪਤ ਕਰ ਰਹੀ ਹੈ। ਪਰ ਪਾਰਟੀ ਨੂੰ ਪੰਜਾਬ ਵਿਚ ਅਕਾਲੀ ਦਲ ਵਿਰੁੱਧ ਬਣੇ ਸਥਾਪਤੀ ਵਿਰੋਧੀ ਰੁਝਾਨ ਕਾਰਨ ਨੁਕਸਾਨ ਹੋਇਆ ਹੈ। ਹਾਲਾਂ ਕਿ ਉਹ ਇਹ ਭੁੱਲ ਗਏ ਕਿ ਪੰਜਾਬ ਸਰਕਾਰ ਵਿਚ ਭਾਜਪਾ ਪੂਰੀ ਤਰ੍ਹਾਂ ਭਾਈਵਾਲ ਸੀ। ਹੁਣ ਗੱਲ ਸਿਰਫ ਸ੍ਰੀ ਦਿਨੇਸ਼ ਕੁਮਾਰ ਦੇ ਬਿਆਨ ਦੀ ਹੀ ਨਹੀਂ। ਦੇਖਣ ਵਾਲੀ ਗੱਲ ਇਹ ਵੀ ਹੈ ਕਿ ਭਾਵੇਂ ਅਕਾਲੀ ਦਲ ਭਾਜਪਾ ਨਾਲ ਕੇਂਦਰ ਸਰਕਾਰ ਵਿਚ ਭਾਈਵਾਲ ਹੈ ਪਰ ਅਸਲੀਅਤ ਦੇ ਧਰਾਤਲ 'ਤੇ ਭਾਜਪਾ ਅਕਾਲੀ ਦਲ ਦੀ ਪਰਵਾਹ ਕਰਨੀ ਤਾਂ ਦੂਰ ਦੀ ਗੱਲ, ਅਕਾਲੀ ਦਲ ਨੂੰ ਸਮਾਰੋਹਾਂ ਵਿਚ ਸੱਦਾ ਦੇਣ ਦੀ ਵੀ ਜ਼ਰੂਰਤ ਨਹੀਂ ਸਮਝਦੀ। ਪਹਿਲਾਂ ਉੱਤਰ ਪ੍ਰਦੇਸ਼, ਹੁਣ ਗੁਜਰਾਤ ਤੇ ਹਿਮਾਚਲ ਵਿਚ ਸਹੁੰ ਚੁੱਕ ਸਮਾਗਮਾਂ ਵਿਚ ਅਕਾਲੀ ਦਲ ਨੂੰ ਨਹੀਂ ਬੁਲਾਇਆ ਗਿਆ।

ਹੁਣ ਸੰਸਦ ਦੇ ਇਜਲਾਸ ਤੋਂ ਪਹਿਲਾਂ ਕੌਮੀ ਜਮਹੂਰੀ ਗਠਜੋੜ ਦੀ ਕੋਈ ਸਾਂਝੀ ਰਣਨੀਤੀ ਤੈਅ ਕਰਨ ਦੀ ਲੋੜ ਵੀ ਨਹੀਂ ਸਮਝੀ ਗਈ। ਇਸ ਬਾਰੇ ਕੋਈ ਵਿਚਾਰ ਕਰਨ ਲਈ ਅਕਾਲੀ ਦਲ ਦੇ ਪ੍ਰਧਾਨ ਨੂੰ ਤਾਂ ਕੀ, ਅਕਾਲੀ ਰਾਜ ਸਭਾ ਤੇ ਲੋਕ ਸਭਾ ਮੈਂਬਰਾਂ ਤੱਕ ਨਾਲ ਕੋਈ ਸਲਾਹ ਕਰਨ ਦੀ ਜ਼ਰੂਰਤ ਨਹੀਂ ਸਮਝੀ ਗਈ। ਉਂਜ ਕਈ ਅਕਾਲੀ ਨੇਤਾ ਨਿੱਜੀ ਗੱਲਬਾਤ ਵਿਚ ਇਸ ਸਥਿਤੀ ਤੋਂ ਪ੍ਰੇਸ਼ਾਨ ਤੇ ਨਾਰਾਜ਼ ਨਜ਼ਰ ਆਉਂਦੇ ਹਨ।

ਪਰ ਕਿਸੇ ਵਿਚ ਹਿੰਮਤ ਨਹੀਂ ਕਿ ਉਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਇਸ ਬਾਰੇ ਕੋਈ ਗੱਲ ਕਰਨ ਜਾਂ ਅਧਿਕਾਰਿਤ ਬਿਆਨ ਹੀ ਦੇ ਦੇਣ। ਸਮਝਿਆ ਇਹ ਵੀ ਜਾ ਰਿਹਾ ਹੈ ਕਿ ਅੰਦਰਖਾਤੇ ਮੋਦੀ ਦੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਚਲ ਰਹੀ ਹੈ ਤਾਂ ਜੋ ਪੰਜਾਬ ਵਿਚ ਆਉਣ ਵਾਲੀਆਂ ਚੋਣਾਂ ਉਨ੍ਹਾਂ ਨਾਲ ਰਲ ਕੇ ਲੜੀਆਂ ਜਾਣ ਤੇ ਕੈਪਟਨ ਆਪਣੀ ਵੱਖਰੀ ਪਾਰਟੀ ਬਣਾ ਕੇ ਭਾਜਪਾ ਨਾਲ ਸਮਝੌਤਾ ਕਰੇ। ਇਹੋ ਜਿਹੀਆਂ ਕਿਆਸਰਾਈਆਂ ਰਾਜਨੀਤਕ ਹਲਕੇ ਵਿਚ ਛਾਈਆਂ ਹੋਈਆਂ ਹਨ। ਇਸ ਕਾਰਨ ਬਾਦਲ ਦਲ ਦੀ ਹਾਈਕਮਾਂਡ ਵੀ ਪਰੇਸ਼ਾਨ ਹੈ ਤੇ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲੀ ਹੋਈ ਹੈ, ਕਿਉਂਕਿ ਪੰਥ ਦਾ ਵੱਡਾ ਹਿੱਸਾ ਅੱਗੇ ਹੀ ਬਾਦਲ ਦਲ ਨੂੰ ਪਸੰਦ ਨਹੀਂ ਕਰ ਰਿਹਾ। ਹੁਣ ਬਾਦਲ ਦਲ ਦੇ ਸਾਹਮਣੇ ਇਕੋ ਇਕ ਰਾਹ ਪੰਥ ਨੂੰ ਇਕੱਠਿਆ ਕਰਨਾ ਤੇ ਪੰਥਕ ਮੁੱਦੇ ਉਭਾਰ ਕੇ ਗੰਭੀਰਤਾ ਨਾਲ ਪਹਿਰਾ ਦੇਣਾ ਰਹਿ ਗਿਆ ਹੈ। ਇਹੀ ਇਕੋ ਇਕ ਰਾਹ ਹੈ ਜੋ ਬਾਦਲ ਦੀ ਸਿਆਸਤ ਨੂੰ ਬਚਾ ਸਕਦਾ ਹੈ। ਪ੍ਰੋ. ਚੰਦੂਮਾਜਰਾ ਵੱਲੋਂ ਲੋਕ ਸਭਾ ਸੈਸ਼ਨ ਦੌਰਾਨ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਮਤਾ ਪਾਸ ਕਰਵਾਉਣਾ ਇਸੇ ਪੰਥਕ ਏਜੰਡੇ ਦਾ ਹਿੱਸਾ ਹੈ।

#### ਸੁਖਬੀਰ ਬਾਦਲ ਘਬਰਾਇਆ

ਓਧਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਕਾਂਗਰਸ ਪਾਰਟੀ ਵਲੋਂ ਸਿੱਖ ਏਜੰਡੇ ਅਪਣਾਉਣ ਕਾਰਨ ਘਬਰਾਹਟ ਵਿਚ ਹਨ। ਪਿਛਲੇ ਲੰਬੇ ਸਮੇਂ ਤੋਂ ਸੁਖਬੀਰ ਬਾਦਲ ਨੇ ਸਿੱਖ ਪੰਥ ਨੂੰ ਅੱਖੋਂ ਪਰੋਖੇ ਕੀਤਾ ਸੀ, ਜਿਸ ਕਾਰਨ ਅਕਾਲੀ ਦਲ ਪੰਜਾਬ ਵਿਚ ਰਾਜਨੀਤਕ ਤੌਰ 'ਤੇ ਪਿਛੜ ਗਿਆ ਹੈ। ਹੁਣ ਪਟਨਾ ਸਾਹਿਬ ਸਮਾਗਮਾਂ ਵਿਚ ਆਪਣੀ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਬੱਚਿਆਂ ਸਮੇਤ ਸ਼ਿਰਕਤ ਕਰਨੀ, ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸੇਵਾ ਰਤਨ ਪੁਰਸਕਾਰ ਪ੍ਰਦਾਨ ਕਰਨਾ, ਪਾਕਿ ਸਿੱਖਾਂ ਦੇ ਧਰਮ ਪਰਿਵਰਤਨ ਦੇ ਮੁੱਦੇ 'ਤੇ ਪਾਕਿਸਤਾਨੀ ਸਫ਼ੀਰ ਨੂੰ ਮਿਲਣਾ ਅਤੇ ਹਰ ਸਿੱਖ ਏਜੰਡੇ ਦੇ ਮੁੱਦਿਆਂ ਨੂੰ ਉਨ੍ਹਾਂ ਤੇ ਪਾਰਟੀ ਦੇ ਬੁਲਾਰਿਆਂ ਵਲੋਂ ਉਭਾਰਨਾ ਇਸੇ ਕੜੀ ਦਾ ਹਿੱਸਾ ਹੈ।

## ਕੈਪਟਨ ਦੀਆਂ ਨੀਤੀਆਂ ਤੋਂ ਅਕਾਲੀਆਂ 'ਚ ਘਬਰਾਹਟ

ਪੰਜਾਬ ਦੇ ਸਿੱਖ ਬਾਦਲ ਅਕਾਲੀ ਦਲ ਤੋਂ ਹੁਣ ਤੱਕ ਨਰਾਜ਼ ਹਨ, ਕਿਉਂਕਿ ਬਾਦਲ ਦਲ ਸਿੱਖ ਪੰਥ ਦੀ ਸਾਰ ਨਹੀਂ ਲੈ ਸਕਿਆ। ਯਾਦ ਰੱਖਣਾ ਪਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਮੁੱਦਿਆਂ ਤੇ ਪੰਥ ਦੀ ਰਾਖੀ ਦੇ ਲਈ ਹੋਂਦ ਵਿਚ ਆਇਆ ਸੀ, ਪਰ ਬਾਦਲ ਦਲ ਨੇ ਪੰਥਕ ਮੁੱਦੇ ਵਿਸਾਰ ਕੇ ਆਪਣੀ ਹੋਂਦ ਨੂੰ ਗੁਆ ਲਿਆ ਹੈ। ਇਸੇ ਕਾਰਨ ਬਾਦਲ ਦਲ ਨੂੰ ਸਿਆਸੀ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਅਜੇ ਤੱਕ ਸਿੱਖ ਪੰਥ ਵਿਚ ਮਾਣ ਸਤਿਕਾਰ ਵਜੋਂ ਵੇਖਿਆ ਜਾਂਦਾ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਾਦਲ ਦਲ ਤੋਂ ਸਿੱਖ ਆਧਾਰ ਖੋਹਣ ਦੇ ਲਈ ਕਾਂਗਰਸ ਸਿੱਖ ਏਜੰਡੇ ਨੂੰ ਅਪਨਾਉਣ ਲਈ ਤਿਆਰ ਹੋ ਗਈ ਹੈ। ਪੰਜਾਬ ਵਿਚ ਅਕਾਲੀ ਦਲ ਨੂੰ ਪਛਾੜਨ ਤੇ ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਦੀ ਹਮਦਰਦੀ ਲੈਣ ਲਈ ਕਾਂਗਰਸ ਵਲੋਂ ਅਜਿਹਾ ਸਭ ਇਕ ਨੀਤੀ ਤਹਿਤ ਕੀਤਾ ਜਾਣ ਲੱਗਾ ਹੈ। ਇਸ ਤੋਂ ਪਹਿਲਾਂ 1972 ਤੋਂ 1977 ਤੱਕ ਗਿਆਨੀ ਜ਼ੈਲ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਅਕਾਲੀ ਦਲ ਨੂੰ ਏਜੰਡੇ ਵਿਹੂਣਾ ਕਰ ਦਿੱਤਾ ਸੀ ਤੇ ਹੁਣ 40 ਵਰ੍ਹਿਆਂ ਬਾਅਦ ਮੌਜੂਦਾ ਮੁੱਖ ਮੰਤਰੀ ਕੈਪਟਨ ਵੀ ਉਸੇ ਤਰਜ਼ 'ਤੇ ਚੱਲਣ ਲੱਗੇ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਦਸੰਬਰ ਮਹੀਨੇ ਵਿਚ ਸਿੱਖ ਧਰਮ ਨਾਲ ਸਬੰਧਿਤ ਅਸਥਾਨਾਂ 'ਤੇ ਨਤਮਸਤਕ ਹੋਣ ਅਤੇ ਕੀਤੇ ਅਹਿਮ ਐਲਾਨਾਂ ਨੂੰ ਪੰਥਕ ਹਲਕੇ ਕਾਂਗਰਸ ਦੇ ਮੁੜ ਸਿੱਖ ਏਜੰਡਿਆਂ ਵੱਲ ਪਰਤਣ ਦਾ ਨਾਂਅ ਦੇ ਰਹੇ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ 351ਵਾਂ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਤਖ਼ਤ ਪਟਨਾ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨੀ ਤੇ ਬਿਹਾਰ ਦੇ ਮੁੱਖ ਮੰਤਰੀ ਨਾਲ ਸਿੱਖ ਮੁੱਦਿਆਂ 'ਤੇ ਚਰਚਾ ਕਰਨ ਦੇ ਨਾਲ ਹੀ ਪੰਜਾਬ ਦੇ 3 ਵੱਡੇ ਸ਼ਹਿਰਾਂ ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ ਤੋਂ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਰੇਲ ਗੱਡੀਆਂ ਰਵਾਨਾ ਕਰਨਾ ਤੇ ਅਨੰਦਪੁਰ ਸਾਹਿਬ ਵਿਖੇ ਇਸ ਪੁਰਬ ਮੌਕੇ ਰਾਜ ਸਰਕਾਰ ਵਲੋਂ ਮਨਾਉਣਾ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਸ਼ਿਰਕਤ ਕਰਵਾਉਣੀ ਵੀ ਇਸੇ ਨੀਤੀ ਦਾ ਹਿੱਸਾ ਸੀ।

ਇਸ ਮੌਕੇ ਕੈਪਟਨ ਵਲੋਂ ਅਨੰਦਪੁਰ ਸਾਹਿਬ ਦੇ ਸਰਵਪੱਖੀ ਵਿਕਾਸ ਲਈ ਖ਼ਾਲਸਾ ਪੰਥ ਦੇ 300 ਸਾਲਾਂ ਸਾਜਨਾ ਦਿਵਸ ਮੌਕੇ ਗਠਿਤ ਕੀਤੀ ਗਈ ਅਨੰਦਪੁਰ ਸਾਹਿਬ ਵਿਕਾਸ ਫਾਊਂਡੇਸ਼ਨ ਨੂੰ ਮੁੜ ਚਾਲੂ ਤੇ ਚਮਕੌਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਨਾਂਅ 'ਤੇ 'ਸਕਿੱਲ ਯੂਨੀਵਰਸਿਟੀ' ਸਥਾਪਿਤ ਕਰਨ ਦਾ ਐਲਾਨ ਵੀ ਅਹਿਮ ਹੈ। ਇਸ ਮੌਕੇ ਉਨ੍ਹਾਂ ਵਲੋਂ ਕੇਂਦਰ ਸਰਕਾਰ ਨੂੰ ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਅਤੇ ਦਮਦਮਾ ਸਾਹਿਬ ਤੋਂ ਹਜ਼ੂਰ ਸਾਹਿਬ ਨੂੰ ਰਾਸ਼ਟਰੀ ਮਾਰਗ ਐਲਾਨ ਕਰਨ ਦੀ ਮੰਗ ਨੂੰ ਇਸੇ ਦਾ ਹਿੱਸਾ ਸੀ। ਇਸੇ ਤਰ੍ਹਾਂ ਪਾਕਿਸਤਾਨ ਵਿਚ ਸਿੱਖਾਂ ਦੇ ਧਰਮ ਪਰਿਵਰਤਨ ਸਬੰਧੀ ਮੁੱਦੇ ਨੂੰ ਉਠਾਉਣਾ, ਦਿਆਲ ਸਿੰਘ ਕਾਲਜ ਦੇ ਨਾਂਅ ਬਦਲਣ ਦਾ ਵਿਰੋਧ ਦੇ ਨਾਲ ਹੀ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੇ ਸ਼ਹੀਦੀ ਸਮਾਗਮਾਂ ਵਿਚ ਸ਼ਾਮਿਲ ਹੋਣ ਮੌਕੇ ਪਟਿਆਲਾ ਤੋਂ ਪਨਿਆਰੀ ਤੱਕ ਨਵੇਂ ਮਾਰਗ ਦਾ ਨਾਂਅ ਮਾਤਾ ਗੁਜਰੀ ਰੱਖਣ ਦਾ ਪ੍ਰਸਤਾਵ ਨੈਸ਼ਨਲ ਹਾਈਵੇ ਅਥਾਰਿਟੀ ਨੂੰ ਭੇਜਣਾ ਅਤੇ ਬੱਸੀ ਪਠਾਣਾ ਸਬ ਜੇਲ੍ਹ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਤਿਹਾਸਕ ਯਾਦਗਾਰ ਸਥਾਨ ਦਾ ਨਾਂਅ ਦੇਣ ਅਤੇ ਸਰਕਾਰੀ ਪੱਧਰ 'ਤੇ ਇਸ ਸਥਾਨ ਦੀ ਇਮਾਰਤ ਨੂੰ ਕੌਮੀ ਯਾਦਗਾਰ ਵਿਚ ਬਦਲਣ ਲਈ ਪ੍ਰਾਜੈਕਟ ਨੂੰ ਪ੍ਰਵਾਨਗੀ ਦੇਣੀ ਵੀ ਅਹਿਮ ਐਲਾਨ ਮੰਨੀ ਜਾਂਦੀ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਜਿਸ ਤਰ੍ਹਾਂ ਕੈਪਟਨ ਸਿੰਘ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਰਧਾਲੂ ਵਜੋਂ ਨਤਮਸਤਕ ਹੋਏ ਸਨ, ਉਸੇ ਤਰ੍ਹਾਂ ਮਾਘੀ ਦੇ ਦਿਹਾੜੇ ਮੁਕਤਸਰ ਵਿਖੇ ਵੀ ਨਤਮਸਤਕ ਹੋਣਗੇ ਅਤੇ ਮੁੱਖ ਮੰਤਰੀ ਵਜੋਂ ਵਿਸ਼ੇਸ਼ ਐਲਾਨ ਵੀ ਕਰਨਗੇ।

## ਸਾਹਿਲ ਸਾਂਪਲਾ ਦਾ ਅਮਰੀਕਾ ਪੁੱਜਣ 'ਤੇ ਭਰਵਾਂ ਸਵਾਗਤ



**ਸੈਕਰਾਮੈਂਟੋ/ਬਿਊਰੋ ਨਿਊਜ਼:**
ਭਾਰਤ ਦੇ ਕੇਂਦਰੀ ਮੰਤਰੀ ਸ੍ਰੀ ਵਿਜੇ ਸਾਂਪਲਾ ਦੇ ਸਪੁੱਤਰ ਸ੍ਰੀ ਸਾਹਿਲ ਸਾਂਪਲਾ, ਜਿਹੜੇ ਅੱਜਕਲ ਆਪਣੇ ਵਿਦੇਸ਼ੀ ਦੌਰੇ ਤੇ ਹਨ, ਦਾ ਸੈਕਰਾਮੈਂਟੋ ਪੁੱਜਣ 'ਤੇ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ ਸੈਕਰਾਮੈਂਟੋ ਵਲੋਂ ਭਰਵਾਂ ਸਵਾਗਤ ਕੀਤਾ ਗਿਆ।

ਸੰਸਥਾ ਦੇ ਸਮੂਹ ਆਗੂਆਂ ਨੇ ਪ੍ਰਧਾਨ ਜੋਗਿੰਦਰ ਚੁੰਬਰ ਦੀ ਰਹਿਨੁਮਾਈ ਹੇਠ ਸ੍ਰੀ ਸਾਹਿਲ ਸਾਂਪਲਾ ਨੂੰ ਜੀ ਆਇਆ ਨੂੰ ਆਖਿਆ। ਬਾਅਦ ਵਿੱਚ ਇੰਡੀਆ ਓਵਨ ਰੈਸਟੋਰੈਂਟ ਵਿੱਚ ਸ੍ਰੀ ਸਾਹਿਲ ਸਾਂਪਲਾ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ ਜਿੱਥੇ ਪੰਜਾਬ ਦੇ ਹਲਾਤ ਤੇ ਵਿਚਾਰ ਵਟਾਂਦਰੇ ਕੀਤੇ ਗਏ, ਉਥੇ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ ਵਲੋਂ ਪੰਜਾਬ 'ਚ ਸਮਾਜ ਭਲਾਈ ਦੇ ਕੀਤੇ ਜਾ ਰਹੇ ਕੰਮਾਂ ਤੇ ਵੀ ਚਰਚਾ ਕੀਤੀ ਗਈ। ਇਸ ਮੌਕੇ ਸੰਸਥਾ ਦੇ ਨੁਮਾਇੰਦੇ ਜੱਸੀ ਬੰਗਾ ਨੇ ਦੱਸਿਆ ਕਿ ਸੰਸਥਾ ਵਲੋਂ ਲੰਮੇ ਸਮੇਂ ਤੋਂ ਪੰਜਾਬ ਵਿੱਚ ਗਰੀਬ ਲੜਕੀਆਂ ਲਈ ਸਿਲਾਈ ਕਢਾਈ ਸੈਂਟਰ ਖੋਲ੍ਹੇ ਜਾ ਰਹੇ ਹਨ, ਜਿੱਥੇ ਲੜਕੀਆਂ ਮੁਫ਼ਤ ਕਿੱਤਾਮੁੱਖੀ ਸਿੱਖਿਆ ਲੈ ਰਹੀਆਂ ਹਨ। ਇਸਤੋਂ ਇਲਾਵਾ ਸੰਸਥਾ ਵਲੋਂ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਨ ਲਈ ਆਰਥਿਕ ਸਹਾਇਤਾ ਦੇਣਗੀ, ਲੋੜਵੰਦ ਲੜਕੀਆਂ ਦੇ ਵਿਆਹ ਤੇ ਹੋਰ ਬਹੁਤ ਸਾਰੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਇਨ੍ਹਾਂ ਕਾਰਜਾਂ ਨੂੰ ਹੋਰ ਵੱਡੇ ਪੱਧਰ ਤੇ ਲਿਜਾਣ ਲਈ ਸਰਕਾਰ ਵਲੋਂ ਵੀ ਆਰਥਿਕ ਮੱਦਦ ਲਈ ਸ੍ਰੀ ਸਾਂਪਲਾ ਨੂੰ ਅਪੀਲ ਕੀਤੀ। ਸਮੂਹ ਮੈਂਬਰਾਂ ਨੇ ਕੇਂਦਰੀ ਮੰਤਰੀ ਸ੍ਰੀ ਵਿਜੇ ਸਾਂਪਲਾ ਦਾ ਆਦਮਪੁਰ ਹਵਾਈ ਅੱਡੇ ਦਾ ਨਾਮ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਨਾਮ ਤੇ ਰੱਖਣ ਲਈ ਜਿੱਥੇ ਧੰਨਵਾਦ ਕੀਤਾ, ਉਥੇ ਉਨ੍ਹਾਂ ਨੂੰ ਇਸ ਕਾਰਜ ਲਈ ਵਧਾਈ ਵੀ ਦਿੱਤੀ। ਇਸ ਮੌਕੇ ਸ੍ਰੀ ਸਾਹਿਲ ਸਾਂਪਲਾ ਨੇ ਸੁਸਾਇਟੀ ਦੇ ਸਮੂਹ ਆਗੂਆਂ ਦਾ ਇਸ ਭੇਂਟ ਵਾਰਤਾ ਲਈ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ਼ ਦੁਆਇਆ ਕਿ ਉਹ ਇਸ ਸੰਸਥਾਂ ਨੂੰ ਹਰ ਪੱਖੋਂ ਜਿੱਥੇ ਖੁਦ ਸਹਿਯੋਗ ਦੇਣਗੇ, ਉਥੇ ਆਪਣੇ ਪਿਤਾ ਕੇਂਦਰੀ ਮੰਤਰੀ ਸ੍ਰੀ ਸਾਂਪਲਾ ਜੀ ਤੋਂ ਵੀ ਵਿਸ਼ੇਸ਼ ਮੱਦਦ ਦਵਾਉਣਗੇ। ਇਸ ਮੌਕੇ ਸੰਸਥਾਂ ਦੇ ਪ੍ਰਧਾਨ ਦਰਸ਼ਨ ਵਿਰਕ, ਵਿਰਕ ਬ੍ਰਦਰਜ਼ ਦਰਸ਼ਨ ਵਿਰਕ, ਕਰਨੈਲ ਵਿਰਕ, ਇੰਦਰਜੀਤ ਪਡਬੱਗਾ, ਸੋਨੂੰ ਮਹਿਮੀ ਨੇ ਵੀ ਸੁਸਾਇਟੀ ਦੇ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਸ ਸੁਸਾਇਟੀ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਾਰ ਤੋਂ ਸਹਿਯੋਗ ਦਿਵਾਉਣ ਦੀ ਸ੍ਰੀ ਸਾਂਪਲਾ ਨੂੰ ਬੇਨਤੀ ਕੀਤੀ।

## ਗੁਰਜੀਤ ਰਾਣਾ ਦੀ ਮਿੱਲ 'ਚੋਂ ਬਣਦੀ ਖੰਡ 'ਚ ਰਲਿਆ ਹੈ ਰੇਤਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਜਿਥੇ ਰੇਤ ਖੱਡਾਂ ਦੀ ਨਿਲਾਮੀ ਵਿੱਚ ਹਿੱਸਾ ਲੈਣ ਵਾਲੇ ਉਨ੍ਹਾਂ ਦੇ ਚਾਰ ਮੁਲਾਜ਼ਮਾਂ ਤੋਂ ਆਪਣੇ ਆਪ ਨੂੰ ਵੱਖ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਥੇ ਮਿਲੀ ਤਾਜ਼ੀ ਜਾਣਕਾਰੀ ਵਿੱਚ ਉਨ੍ਹਾਂ ਦੇ ਨਿਲਾਮੀ ਲਾਉਣ ਵਾਲਿਆਂ ਵਿੱਚੋਂ ਇਕ ਕਰਿੰਦੇ ਨਾਲ ਤਾਰ ਜੁੜੇ ਹੋਣ ਦੀ ਪੁਸ਼ਟੀ ਹੋਈ ਹੈ।



ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਬੋਲੀ ਲਾਉਣ ਵਾਲਿਆਂ ਨੇ ਖੱਡਾਂ ਦੀ ਨਿਲਾਮੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਨੌਕਰੀ ਛੱਡ ਦਿੱਤੀ ਸੀ।

ਮੰਤਰੀ ਦਾ ਖਾਨਸਾਮਾ ਅਮਿਤ ਬਹਾਦੁਰ ਅਤੇ ਡਿਪਟੀ ਜਨਰਲ ਮੈਨੇਜਰ ਕੁਲਵਿੰਦਰ ਪਾਲ ਸਿੰਘ ਨੇ ਦੋ ਖੱਡਾਂ ਹਾਸਲ ਕੀਤੀਆਂ ਸੀ, ਜਦੋਂ ਕਿ ਦੋ ਹੋਰਨਾਂ ਮੁਲਾਜ਼ਮਾਂ ਬਲਰਾਜ ਸਿੰਘ ਅਤੇ ਗੁਰਿੰਦਰ ਸਿੰਘ ਨੇ ਵੀ ਸਫ਼ਲ ਬੋਲੀ ਲਾਈ ਸੀ ਪਰ ਉਹ ਪਹਿਲੀ ਕਿਸ਼ਤ ਜਮ੍ਹਾਂ ਕਰਾਉਣ ਵਿੱਚ ਅਸਫ਼ਲ ਰਹੇ ਸੀ, ਜਿਸ ਕਾਰਨ ਉਨ੍ਹਾਂ ਨੂੰ ਖੱਡਾਂ ਅਲਾਟ ਨਹੀਂ ਕੀਤੀਆਂ ਗਈਆਂ।

ਬਲਰਾਜ ਸਿੰਘ ਨੇ ਨਵਾਂਸ਼ਹਿਰ ਜ਼ਿਲ੍ਹੇ ਦੇ ਬਰਸਾਲ ਪਿੰਡ ਵਿੱਚ ਰੇਤੇ ਦੀ ਖਾਣ ਲਈ 9.11 ਕਰੋੜ ਦੀ ਸਫ਼ਲ ਬੋਲੀ ਲਾਈ ਸੀ। ਵਿਭਾਗ ਨੂੰ ਮੁਹੱਈਆ ਕਰਵਾਈ ਜਾਣਕਾਰੀ ਵਿੱਚ ਉਸ ਨੇ ਆਪਣਾ ਪਤਾ ਅੰਮ੍ਰਿਤਸਰ ਜ਼ਿਲ੍ਹੇ ਦੇ ਬੁੱਟਰ ਸਿਵੀਆ ਪਿੰਡ ਵਿੱਚ ਰਾਣਾ ਖੰਡ ਮਿੱਲ ਦਰਸ਼ਾਇਆ ਸੀ। ਇਹ ਮਿੱਲ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ ਦੇ ਨਾਂ ਹੈ।

ਪਿਛਲੇ ਸਾਲ ਇਹ ਮਾਮਲਾ ਸਾਹਮਣੇ ਆਉਣ ਬਾਅਦ ਖ਼ਬਰਾਂ ਛਪੀਆਂ ਸਨ ਕਿ ਖਾਣਾਂ ਲਈ ਬੋਲੀ ਲਾਉਣ ਵਾਲੇ ਚਾਰ ਲੋਕਾਂ ਵਿੱਚ ਬਲਰਾਜ ਸਿੰਘ ਵੀ ਸ਼ਾਮਲ ਸੀ ਜਿਸਨੇ ਬਰਸਾਲ ਪਿੰਡ ਵਿੱਚ ਖਣਨ ਦਾ ਠੇਕਾ ਹਾਸਲ ਕੀਤਾ ਸੀ। ਮੰਤਰੀ ਨੇ ਦਾਅਵਾ ਕੀਤੀ ਸੀ ਕਿ ਇਨ੍ਹਾਂ ਨੇ ਨਿਲਾਮੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਨੌਕਰੀ ਛੱਡ ਦਿੱਤੀ ਸੀ, ਜਦੋਂ ਕਿ ਰਿਕਾਰਡ ਵਿੱਚ ਦਰਸਾਏ ਪਤੇ ਤੋਂ ਮੰਤਰੀ ਅਤੇ ਬਲਰਾਜ ਸਿੰਘ ਵਿਚਾਲੇ ਸਬੰਧ ਹੋਣ ਦੀ ਪੁਸ਼ਟੀ ਹੁੰਦੀ ਹੈ।

ਇਸ ਤੋਂ ਪਹਿਲਾਂ ਅਮਿਤ ਬਹਾਦੁਰ ਅਤੇ ਕੁਲਵਿੰਦਰ ਪਾਲ ਸਿੰਘ ਨੇ ਦੱਸਿਆ ਸੀ ਕਿ ਉਹ ਰਾਣਾ ਗੁਰਜੀਤ ਸਿੰਘ ਦੇ ਮੁਲਾਜ਼ਮ ਸਨ। ਖ਼ਬਰ ਵਿੱਚ ਇਹ ਵੀ ਛਾਪਿਆ ਗਿਆ ਸੀ ਕਿ ਉਨ੍ਹਾਂ ਦੇ ਨਾਲ ਅਮਿਤ ਬਹਾਦੁਰ ਅਤੇ ਬਲਰਾਜ ਸਿੰਘ ਵੀ ਰਾਣਾ ਗੁਰਜੀਤ ਸਿੰਘ ਵੱਲੋਂ ਸਥਾਪਤ ਜਾਂ ਪਤੇ (ਐਸਸੀਓ 51-52, ਸੈਕਟਰ 8 ਸੀ, ਚੰਡੀਗੜ੍ਹ) 'ਤੇ ਰਜਿਸਟਰਡ ਵੱਖ ਵੱਖ ਕੰਪਨੀਆਂ ਵਿੱਚ ਡਾਇਰੈਕਟਰ ਸੀ ਜਿੱਥੋਂ ਰਾਣਾ ਦਾ ਪਰਿਵਾਰ ਕਾਰੋਬਾਰ ਚਲਾਉਂਦਾ ਸੀ।

ਬਲਰਾਜ ਸਿੰਘ ਚਾਰ ਕੰਪਨੀਆਂ ਵਿੱਚ ਅਗਸਤ 18 ਤੋਂ ਸਤੰਬਰ 30, 2016 ਤਕ ਡਾਇਰੈਕਟਰ ਸੀ ਜਿਨ੍ਹਾਂ ਵਿੱਚ ਰਾਣਾ ਸ਼ੂਗਰ ਐਂਡ ਪਾਵਰ, ਸੈਂਚੁਰੀ ਐਗਰੋਜ਼, ਆਰਜੇ ਫੈਬ ਅਤੇ ਫਲਾਅਲੈਂਸ ਟਰੇਡਰਜ਼ ਸ਼ਾਮਲ ਹਨ। ਦਸੱਣਯੋਗ ਹੈ ਕਿ 'ਟ੍ਰਿਬਿਊਨ' ਵਿੱਚ ਖ਼ਬਰ ਛਾਪੇ ਜਾਣ ਦੇ ਇਕ ਹਫ਼ਤੇ ਬਾਅਦ ਬਲਰਾਜ ਸਿੰਘ ਨੇ ਚਾਰ ਵਿਚੋਂ ਤਿੰਨ ਕੰਪਨੀਆਂ ਦੇ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

## ਬਾਦਲ ਕਹਿੰਦਾ : ਕੈਪਟਨ ਸਰਕਾਰ ਦਾ ਕਿਸਾਨਾਂ ਨਾਲ ਮਜ਼ਾਕ

**ਪਟਿਆਲਾ/ਬਿਊਰੋ ਨਿਊਜ਼:** ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸੀ ਆਗੂ ਹੈਰੀ ਮਾਨ ਵੱਲੋਂ ਇੱਕ ਜਨਤਕ ਪ੍ਰੋਗਰਾਮ ਦੌਰਾਨ ਭੜਕਾਊ ਬਿਆਨ ਦੇਣ ਦੇ ਮਾਮਲੇ ਵਿੱਚ ਆਖਿਆ ਕਿ ਸਟੇਜ 'ਤੇ ਸ਼ਰ੍ਹੇਆਮ ਕਾਨੂੰਨ ਹੱਥ ਵਿੱਚ ਲੈਣ ਵਾਲੇ ਆਗੂ ਖ਼ਿਲਾਫ਼ ਕੇਸ ਦਰਜ ਹੋਣਾ ਚਾਹੀਦਾ ਹੈਗ ਉਹ ਇੱਥੇ ਪਿੰਡ ਰੱਖੜਾ ਵਿੱਚ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਦੇ ਘਰ ਅਕਾਲੀ ਆਗੂਆਂ ਨਾਲ ਮੀਟਿੰਗ ਕਰਨ ਪੁੱਜੇ ਸਨ। ਉਨ੍ਹਾਂ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ਼ ਨਾ ਕਰਨ ਦੇ ਮਾਮਲੇ 'ਤੇ ਕੈਪਟਨ ਸਰਕਾਰ ਦੀ ਆਲੋਚਨਾ ਕੀਤੀ।

ਦੱਸਣਯੋਗ ਹੈ ਕਿ ਕਾਂਗਰਸੀ ਆਗੂ ਹਰਿੰਦਰਪਾਲ ਸਿੰਘ ਹੈਰੀ ਮਾਨ ਨੇ ਬੀਤੇ ਦਿਨੀਂ ਪਿੰਡ ਦੇਵੀਗੜ੍ਹ ਵਿੱਚ ਜਨਤਕ ਇੱਕਠ ਦੌਰਾਨ ਕਿਹਾ ਸੀ ਕਿ ਉਸ ਕੋਲ ਕਈ ਸੌ ਸਿਰੀ ਸਾਹਿਬ ਪਏ ਹਨ ਤੇ ਉਹ ਇਨ੍ਹਾਂ ਨੂੰ ਪੰਚਾਇਤੀ ਚੋਣਾਂ ਵੇਲੇ ਉਨ੍ਹਾਂ ਨੂੰ ਹੀ ਵੰਡਣਗੇ, ਜਿਹੜੇ ਚੋਣ ਲੜਨਗੇ ਜਾਂ ਬੂਥਾਂ 'ਤੇ ਬੈਠਣਗੇ। ਉਸ ਵਕਤ ਕਾਂਗਰਸੀ ਆਗੂ ਨੇ ਤਿੱਖਾ ਭਾਸ਼ਣ ਦਿੱਤਾ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਇਸ ਮਾਮਲੇ ਵਿੱਚ ਸ੍ਰੀ ਬਾਦਲ ਨੇ ਆਖਿਆ ਕਿ ਜੇਕਰ ਰਾਜਸੀ ਲੋਕ ਹੀ ਅਜਿਹੀ ਭਾਸ਼ਾ ਵਰਤਣ ਲੱਗੇ ਤਾਂ ਸਮਾਜ ਦਾ ਕੀ ਬਣੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਜਿਹੜੇ ਆਗੂਆਂ ਦੇ ਨਾਮ ਭ੍ਰਿਸ਼ਟਾਚਾਰ ਮਾਮਲਿਆਂ ਵਿੱਚ ਬੋਲ ਰਹੇ ਹਨ, ਉਨ੍ਹਾਂ ਖ਼ਿਲਾਫ਼ ਵੀ ਕੇਸ ਦਰਜ ਹੋਣੇ ਚਾਹੀਦੇ ਹਨ।

# ਭੁੱਖ ਹੜਤਾਲ ਤੋਂ ਬਾਅਦ ਜੇਲ੍ਹ ਅਧਿਕਾਰੀ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਬੰਦ ਅਹਾਤੇ ਵਿਚੋਂ ਬਾਹਰ ਕੱਢਣ ਲਈ ਮੰਨੇ

**ਪਟਿਆਲਾ/ਸਿੱਖ ਸਿਆਸਤ ਬਿਊਰੋ:** ਕੇਂਦਰੀ ਜੇਲ੍ਹ, ਪਟਿਆਲਾ ਵਿਖੇ ਨਜ਼ਰਬੰਦ ਸਿੱਖ ਸਿਆਸੀ ਕੈਦੀ ਭਾਈ ਹਰਮਿੰਦਰ ਸਿੰਘ ਮਿੰਟੂ ਵਲੋਂ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕਰਨ ਬਾਅਦ ਜੇਲ੍ਹ ਅਧਿਕਾਰੀ ਮੰਗਲਵਾਰ ਨੂੰ ਭਾਈ ਮਿੰਟੂ ਨੂੰ ਬੰਦ ਅਹਾਤੇ ਵਿੱਚੋਂ ਬਾਹਰ ਕੱਢਣ ਲਈ ਸਹਿਮਤ ਹੋ ਗਏ। ਲੁਧਿਆਣਾ ਵਿਖੇ ਚੱਲਦੇ ਇਕ ਮੁਕਦਮੇਂ ਦੀ ਬੀਤੇ ਕੱਲ ਵੀਡੀਓ ਕਾਨਫਰੰਸਿੰਗ ਰਾਹੀਂ ਪਈ ਪੇਸ਼ੀ ਮੌਕੇ ਭਾਈ ਮਿੰਟੂ ਨੇ ਆਪਣੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੂੰ



ਦੱਸਿਆ ਸੀ ਕਿ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਦੋ ਮਹੀਨੇ ਤੋਂ ਬੰਦ ਅਹਾਤੇ ਵਿੱਚ ਰੱਖਿਆ ਹੈ ਜਿੱਥੇ ਧੁੱਪ ਵੀ ਦਾਖਲ ਨਹੀਂ ਹੁੰਦੀ। ਉਨ੍ਹਾਂ ਜੇਲ੍ਹ ਅਧਿਕਾਰੀਆਂ ਤੋਂ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਭਾਈ ਮਿੰਟੂ ਦੇ ਵਕੀਲ ਸ. ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨੂੰ ਦੱਸਿਆ ਕਿ ਭੁੱਖ ਹੜਤਾਲ ਦੇ ਮੱਦੇਨਜ਼ਰ ਪਟਿਆਲਾ ਜੇਲ੍ਹ ਦੇ ਅਧਿਕਾਰੀ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਬੰਦ ਹਾਤੇ ਵਿੱਚੋਂ ਬਾਹਰ ਕੱਢਣ ਲਈ ਸਹਿਮਤ ਹੋ ਗਏ ਹਨ ਤੇ ਹਰਮਿੰਦਰ ਸਿੰਘ ਮਿੰਟੂ ਨੇ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ।

## ‘ਖਾਲਿਸਤਾਨ ਦੀ ਜੰਗੇ ਅਜਾਦੀ ਦੇ ਜੁਝਾਰੂ ਭਾਈ ਮਿੰਟੂ ਦੀ ਭੁੱਖ ਹੜਤਾਲ ਨੂੰ ਗੰਭੀਰਤਾ ਨਾਲ ਲਿਆ ਜਾਵੇ’

### *ਯੁਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਭਾਰਤ ਦੇ ਮੁੱਖ ਜੱਜ ਅਤੇ ਪੰਜਾਬ ਹਾਈ ਕੋਰਟ ਨੂੰ ਪੱਤਰ*

**ਲੰਡਨ/ਬਿਊਰੋ ਨਿਊਜ਼:** ਕੇਂਦਰੀ ਜੇਹਲ ਪਟਿਆਲਾ ਵਿੱਚ ਬੰਦ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਜੁਝਾਰੂ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਜੇਲ੍ਹ ਅਧਿਾਕਰੀਆਂ ਵਲੋਂ ਲਗਾਤਾਰ ਤੰਗ ਪ੍ਰੇਸ਼ਾਨ ਕਰਨ ਦੀ ਯੁਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਖਤ ਨਿਖੇਧੀ ਕੀਤੀ ਗਈ ਹੈ ।ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਪਿਛਲੇ ਮਹੀਨੇ ਬਾਘਾ ਪੁਰਾਣਾ ਥਾਣੇ ਵਿੱਚ ਪ੍ਰੋਡਕਸ਼ਨ ਵਰੰਟਾਂ ਤੇ ਲਿਜਾ ਕੇ ਭਾਰੀ ਤਸ਼ੱਦਦ ਕੀਤਾ ਗਿਆ ਸੀ ।ਕਿਉਂਕਿ ਸਰਕਾਰ ਅਤੇ ਪੰਜਾਬ ਪੁਲਿਸ ਉਸਨੂੰ ਖਤਮ ਕਰਨ ਦੀ ਫਿਰਾਕ ਵਿੱਚ ਹੈ ਜਦਕਿ ਭਾਈ ਮਿੰਟੂ ਵਿਰੁਧ ਪੁਲਿਸ ਵਲੋਂ ਦਰਜ ਕੀਤੇ ਗਏ ਚਾਰ ਕੇਸਾਂ ਵਿੱਚੋਂ ਬਰੀ ਹੋਣ ਤੋਂ ਇਲਾਵਾ ਦੂਜੇ ਚਾਰ ਕੇਸਾਂ ਵਿੱਚੋਂ ਉਸਦੀਆਂ ਜਮਾਨਤਾਂ ਹੋ ਚੁੱਕੀਆਂ ਹਨ । ਭਵਿੱਖ ਵਿੱਚ ਹੋਣ ਜਾ ਰਹੀ ਉਸਦੀ ਰਿਹਾਈ ਨੂੰ ਰੋਕਣ ਲਈ ਉਸ ਨੂੰ ਵਾਰ ਵਾਰ ਤਸ਼ੱਦਦ ਕਰਕੇ ਹੋਰ ਕੇਸਾਂ ਵਿੱਚ ਉਲਝਾਉਣ ਦੇ ਯਤਨ ਕੀਤੇ ਜਾ ਰਹੇ ਹਨ ।ਦੂਜੇ ਪਾਸੇ ਜੇਲ੍ਹ ਪ੍ਰਸਾਸ਼ਨ ਉਸਨੂੰ ਵੱਡੀ ਪੱਧਰ ਤੇ ਤੰਗ ਕਰ ਰਿਹਾ ਹੈ। ਯੁਨਾਈਟਿਡ ਖਾਲਸਾ ਦਲ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਸਬੰਧੀ ਲਿਖਤੀ ਤੌਰ ਉੱਤੇ ਭਾਰਤ ਦੀ ਸੁਪਰੀਮ ਕੋਰਟ ਅਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਮੁੱਖ ਜੱਜਾਂ ਨੂੰ ਸੂਚਿਤ ਕਰਦਿਆਂ ਆਖਿਆ ਗਿਆ ਜੇ ਜੇਲ੍ਹ ਵਿੱਚ ਭਾਈ ਹਰਮਿੰਦਰ ਸਿੰਘ ਮਿੰਟੂ ਦਾ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸਦੇ ਮੁੱਖ ਜਿੰਮੇਵਾਰ ਜੇਲ੍ਹ ਸੁਪਰਡੈਂਟ ਰਾਜਨ ਕਪੂਰ ,ਡਿਪਟੀ ਸੁਪਰਡੈਂਟ ਗੁਰਚਰਨ ਧਾਲੀਵਾਲ ਅਤੇ ਸਹਾਇਕ ਸੁਪਰਡੈਂਟ ਪ੍ਰਭਜੋਤ ਸਿੰਘ ਹੋਣਗੇ ਜਿਨ੍ਹਾਂ ਵਲੋਂ ਉਸ ਦੀ ਅਹਾਤਾ ਬੰਦੀ ਖੋਹਲਣ ਲਈ ਦੋ ਲੱਖ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ । ਭਾਰਤ ਦੇ ਫਿਰਕਾਪ੍ਰਸਤ ਅਤੇ ਸਰਕਾਰੀ ਟੁੱਕੜਬੋਚ ਵਜੋ ਵਿੱਚਰ ਰਹੇ ਜਿਸ ਮੀਡੀਏ ਨੂੰ ਨਿਰਦੋਸ਼ ਵਿਆਕਤੀਆਂ ਦੀ ਕਥਿਤ ਕਾਤਲ ਨੂੰ ਸਾਧਵੀ ਪ੍ਰਗਿੱਆ ਠਾਕਰ ਦੇ ਦਿੱਡ ਦੁਖਣ ਦੀ ਤਕਲੀਫ ਹੁੰਦੀ ਰਹੀ ਹੈ ,ਜਿਸ ਨੂੰ ਉਹ ਬਰੇਕਿੰਗ ਨਿਊਜ਼ ਬਣਾਉਂਦਾ ਰਿਹਾ ਹੈ ਉਹ ਸਿੱਖ ਵਿਰੋਧੀ ਮੀਡੀਆ ਭਾਈ ਹਰਮਿੰਦਰ ਸਿੰਘ ਮਿੰਟੂ, ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਦਿਆ ਸਿੰਘ ਲਾਹੌਰੀਆ ਵਰਗੇ ਕੌਮੀ ਯੋਧਿਆਂ ਤੇ ਹੋ ਰਹੇ ਸਰਕਾਰੀ ਜੁਲਮਾਂ ਨੂੰ ਦੇਖ ਕੇ ਮੋਨ ਵਰਤ ਤੇ ਚਲਾ ਜਾਂਦਾ ਹੈ ।ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਾਵਾਰਾ ਨੂੰ ਤਿਹਾੜ ਜੇਹਲ ਵਿੱਚ ਬੇਹੱਦ ਤਕਲੀਫ ਹੋਣ ਅਤੇ ਅਦਾਲਤੀ ਹੁਕਮਾਂ ਦੇ ਬਾਵਜੂਦ ਅਜੇ ਤੱਕ ਉਸਦਾ ਢੁੱਕਵਾਂ ਇਲਾਜ ਨਹੀਂ ਕਰਵਿਆ ਜਾ ਰਿਹਾ ਜੋ ਕਿ ਭਾਰਤੀ ਹੁਕਮਰਾਨਾਂ ਦੇ ਮੱਥੇ ਤੇ ਕਲੰਕ ਹੈ ।

## ਵੱਖਰੇ ਸੈੱਲ ’ਚ ਬੰਦ ਕਰਨ ਵਿਰੁਧ ਲਾਇਆ ਸੀ ਮੋਰਚਾ

**ਪਟਿਆਲਾ/ਬਿਊਰੋ ਨਿਊਜ਼:** ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਕੇਐਲਐਫ ਦੇ ਚੀਫ਼ ਹਰਮਿੰਦਰ ਸਿੰਘ ਮਿੰਟੂ ਨੇ ਜੇਲ੍ਹ ਅਧਿਕਾਰੀਆਂ ‘ਤੇ ਉਸ ਨੂੰ ਇੱਕ ਵੱਖਰੇ ਸੈੱਲ ਵਿੱਚ ਬੰਦ ਕਰਨ ਦੇ ਦੋਸ਼ ਲਾਉਂਦਿਆਂ ਭੁੱਖ ਹੜਤਾਲ ਕਰ ਦਿੱਤੀ ਸੀ। ਮਿੰਟੂ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਮੀਡੀਆ ਨੂੰ ਦੱਸਿਆ ਕਿ ਬੀਤੇ ਦਿਨੀਂ ਵੀਡੀਓ ਕਾਨਫਰੰਸਿੰਗ ਰਾਹੀਂ ਇਕ ਕੇਸ ਸਬੰਧੀ ਲੁਧਿਆਣਾ ਦੀ ਇਕ ਅਦਾਲਤ ਵਿੱਚ ਪੇਸ਼ੀ ਭੁਗਤਣ ਮੌਕੇ ਮਿੰਟੂ ਨੇ ਉਸ ਨੂੰ ਦੱਸਿਆ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਵੱਖਰੇ ਸੈੱਲ ਵਿੱਚ ਬੰਦ ਕੀਤਾ ਹੋਇਆ ਹੈ। ਉਸ ਦਾ ਕਹਿਣਾ ਸੀ ਕਿ ਜੇਲ੍ਹ ਵਿਚਲੇ ਡਾਕਟਰ ਵੱਲੋਂ ਉਸ ਨੂੰ ਪੀਜੀਆਈ ਇਲਾਜ ਲਈ ਭੇਜਣ ਦੀ ਸਿਫ਼ਾਰਸ਼ ਕਰਨ ਦੇ ਬਾਵਜੂਦ ਉਸ ਨੂੰ ਨਹੀਂ ਭੇਜਿਆ ਜਾ ਰਿਹਾ। ਇਨ੍ਹਾਂ ਕਾਰਨਾਂ ਕਰਕੇ ਮਿੰਟੂ ਨੇ ਭੁੱਖ ਹੜਤਾਲ ਰੱਖੀ ਹੈ। ਜ਼ਿਕਰਯੋਗ ਹੈ ਕਿ ਮਿੰਟੂ ਨੂੰ ਕੁਝ ਸਾਲ ਪਹਿਲਾਂ ਵਿਦੇਸ਼ੋਂ ਫੜਨ ਮਗਰੋਂ ਪਟਿਆਲਾ ਲਿਆਂਦਾ ਗਿਆ ਸੀ। ਉਹ ਪਿਛਲੇ ਸਾਲ ਨਾਭਾ ਜੇਲ੍ਹ ‘ਚੋਂ ਫ਼ਰਾਰ ਹੋ ਗਿਆ ਸੀ, ਪਰ ਉਸੇ ਰਾਤ ਉਸ ਨੂੰ ਦਿੱਲੀ ਤੋਂ ਫੜ ਲਿਆ ਸੀ ਤੇ ਹੁਣ ਉਸ ਨੂੰ ਪਟਿਆਲਾ ਜੇਲ੍ਹ ਵਿੱਚ ਰੱਖਿਆ ਗਿਆ ਹੈ। ਮਿੰਟੂ ਦੇ ਵਕੀਲ ਅਨੁਸਾਰ ਉਹ ਚਾਰ ਕੇਸਾਂ ਵਿੱਚੋਂ ਬਰੀ ਹੋ ਚੁੱਕਾ ਹੈ ਤੇ ਚਾਰ ਵਿੱਚੋਂ ਜ਼ਮਾਨਤ ਮਿਲ ਚੁੱਕੀ ਹੈ, ਜਦੋਂਕਿ ਨਾਭਾ ਜੇਲ੍ਹ ਕਾਂਡ ਸਮੇਤ ਦਿੱਲੀ ਵਿੱਚ ਦਰਜ ਇਕ ਕੇਸ ਚੱਲ ਰਿਹਾ ਹੈ। ਪਟਿਆਲਾ ਜੇਲ੍ਹ ਦੇ ਸੁਪਰਡੈਂਟ ਰਾਜਨ ਕਪੂਰ ਨੇ ਵਕੀਲ ਵੱਲੋਂ ਮਿੰਟੂ ਦੇ ਹਵਾਲੇ ਨਾਲ ਲਾਏ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਭਾਈ ਮਿੰਟੂ ਨੇ ਭੁੱਖ ਹੜਤਾਲ ਨਹੀਂ ਕੀਤੀ।


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

ACURA
AutoNation Acura Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek ’ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ ’ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ ’ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS·Gold Medalist, BAMS, MDEH. · INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ ‘Jus Punjabi TV’ ਉੱਤੇ ਹਰ ਐਤਵਾਰ 4:00 ਵਜੇ ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ਅੰਮ੍ਰਿਤਸਰ ਟਾਈਮਜ਼
AMRITSAR TIMES
10 ਜਨਵਰੀ 2018 ਤੋਂ 16 ਜਨਵਰੀ 2018

# ਧਾਰਮਿਕ ਅਜ਼ਾਦੀ ਤੇ ਇਨਸਾਫ਼ ਦਾ ਮਸਲਾ

## ਰਾਜਸੀ ਦਖ਼ਲ ਵਿਰੁਧ ਪਹਿਰੇ ਵਲ ਤਕੜੀ ਪੁਲਾਂਘ

ਵਿਦੇਸ਼ਾਂ ਖ਼ਾਸ ਕਰ ਯੂਰਪ ਤੇ ਅਮਰੀਕਾ ਵਿਚਲੇ ਸਿੱਖਾਂ ਵਲੋਂ ਗੁਰਦੁਆਰਾ ਸਾਹਿਬਾਨ ਵਿੱਚ ਸਿਆਸੀ ਦਖ਼ਲ ਨੂੰ ਰੋਕਣ ਲਈ ਕੀਤੇ ਫੈਸਲੇ ਕੌਮ ਨਾਲ ਬੇਇਨਸਾਫ਼ੀਆਂ ਵਿਰੁਧ ਰੋਸ ਤੇ ਗੁਰੂ ਘਰਾਂ ਦੀ ਮਰਿਯਾਦਾ ਨੂੰ ਬਰਕਰਾਰ ਰੱਖਣ ਦਾ ਅਹਿਦ ਹਨ। ਸਿੱਖਾਂ ਦੀ ਧਾਰਮਿਕ ਆਜ਼ਾਦੀ ਉੱਤੇ ਪਹਿਰਾ ਦੇਣ ਵਾਲੇ ਇਸ ਅਹਿਮ ਕਦਮ ਦੀ ਸ਼ੁਰੂਆਤ ਯੂਰਪ ਵਿਚਲੇ ਗੁਰਦੁਆਰਿਆਂ ਨੇ ਭਾਰਤ ਸਰਕਾਰ ਦੇ ਨੁਮਾਇੰਦਿਆਂ 'ਤੇ ਦਾਖ਼ਲੇ ਉੱਤੇ ਰੋਕਾਂ ਰਾਹੀਂ ਕਰਕੇ ਹੋਰਨਾਂ ਨੂੰ ਇਸ ਬਾਰੇ ਸੋਚ-ਵਿਚਾਰ ਕਰਨ ਵਲ ਪ੍ਰੇਰਿਆ। ਇਸੇ ਸੰਦਰਭ ਵਿੱਚ ਅਮਰੀਕੀ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਹੋਰਨਾਂ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਤੁਰੰਤ ਕਾਰਵਾਈ ਕਰਦਿਆਂ ਭਾਰਤੀ ਸਰਕਾਰ ਦੇ ਅਧਿਕਾਰੀਆਂ/ਨੁਮਾਇੰਦਿਆਂ ਦੇ ਗੁਰਦੁਆਰਿਆਂ 'ਚ ਦਾਖ਼ਲੇ ਅਤੇ ਨਗਰ ਕੀਰਤਨਾਂ ਵਿਚ ਸ਼ਮੂਲੀਅਤ ਉਤੇ ਸਖ਼ਤ ਪਾਬੰਦੀ ਲਾਗੂ ਕਰਨ ਦਾ ਅਹਿਮ ਐਲਾਨ ਕੀਤਾ। ਭਾਵੇਂ ਭਾਰਤ ਸਰਕਾਰ ਇਸ ਫੈਸਲੇ ਨੂੰ ਗਲਤ ਰੂਪ ਵਿੱਚ ਪੇਸ਼ ਕਰਕੇ ਪਰਵਾਸੀ ਸਿੱਖਾਂ ਖ਼ਾਸ ਕਰ ਸਿੱਖ ਆਗੂਆਂ ਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਖਿਲਾਫ਼ ਕੂੜ ਪ੍ਰਚਾਰ ਅਤੇ ਦੇਸ਼ ਵਿਰੋਧੀ ਹੋਣ ਦੇ ਦੋਸ਼ ਲਾਉਂਦਿਆਂ ਸਖ਼ਤ ਕਾਰਵਾਈ ਕਰਨ ਵਲ ਵਧੇਗੀ, ਪਰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਸਿੱਖਾਂ ਨੂੰ ਇਹ ਕਰੜਾ ਫੈਸਲਾ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਲਗਾਤਾਰ ਜਾਰੀ ਰਹਿਣ ਦੇ ਮੱਦੇਨਜ਼ਰ ਕਰਨਾ ਪਿਆ।

ਅਹਿਮ ਗੱਲ ਇਹ ਹੈ ਕਿ ਸਿਖ ਜਥੇਬੰਦੀਆਂ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਗੁਰਬਾਣੀ ਦੇ ਸਿਧਾਂਤ ਉੱਤੇ ਅਮਲ ਕਰਦਿਆਂ ਸਪੱਸ਼ਟ ਕਿਹਾ ਹੈ ਕਿ ਨਿਜੀ ਤੌਰ 'ਤੇ ਕਿਸੇ ਵੀ ਵਿਅਕਤੀ ਦੇ ਗੁਰੂ ਘਰ ਆਉਣ ਉੱਤੇ ਕੋਈ ਰੋਕ ਨਹੀਂ ਹੈ ਪਰ ਭਾਰਤੀ ਨੁਮਾਇੰਦਿਆਂ ਵਲੋਂ ਪਿਛਲੇ ਸਮਿਆਂ ਦੌਰਾਨ ਸਿੱਧੇ/ਅਸਿੱਧੇ ਤੌਰ ਉੱਤੇ ਕੀਤੀਆਂ ਜਾਂਦੀਆਂ ਸਿੱਖ ਵਿਰੋਧੀ ਕਾਰਵਾਈਆਂ ਨੂੰ ਧਿਆਨ 'ਚ ਰੱਖ ਕੇ ਅਜਿਹੇ ਅਨਸਰਾਂ ਨੂੰ ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਦੀ ਵਰਤੋਂ ਨਹੀਂ ਕਰਨ ਦਿੱਤੀ ਜਾਵੇਗੀ। ਸਿੱਖ ਫਲਸਫ਼ੇ ਅਨੁਸਾਰ ਸ਼ਰਧਾਲੂ ਦੇ ਤੌਰ 'ਤੇ ਕੋਈ ਵੀ ਵਿਅਕਤੀ ਗੁਰਦੁਆਰਾ ਸਾਹਿਬ ਵਿਚ ਆ ਸਕਦਾ ਹੈ ਤੇ ਕਿਸੇ ਨਾਲ ਵੀ ਪੱਖਪਾਤ ਜਾਂ ਕੋਈ ਰੋਕ ਨਹੀਂ। ਪਿਛੋਕੜ ਵਲ ਝਾਤ ਮਾਰੀਏ ਤਾਂ ਅਜਿਹੀਆਂ ਰੋਕਾਂ ਲਾਏ ਜਾਣ ਦੇ ਸਾਰਥਕ ਆਧਾਰ ਵਰ੍ਹਿਆਂ ਤੋਂ ਚਲੇ ਆ ਰਹੇ ਹਨ। ਦੇਸ਼ ਦੀ ਵੰਡ ਵੇਲੇ ਤੋਂ ਸਿੱਖਾਂ ਨਾਲ ਵਾਅਦਾ ਖਿਲਾਫ਼ੀ ਕਰਨ ਵਾਲੀ ਦਿੱਲੀ ਦੀ ਸਰਕਾਰ ਵਲੋਂ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਰਾਹੀਂ ਸਿੱਖਾਂ ਨੂੰ ਅਲੱਗ ਥਲੱਗ ਕਰਕੇ ਖ਼ਤਮ ਕਰਨ ਦੀ ਕੋਸ਼ੀ ਕਾਰਵਾਈ ਦੇਸ਼ ਤੋਂ ਕੁਰਬਾਨ ਹੋਣ ਵਾਲੀ ਕੌਮ ਉੱਤੇ ਅਜਿਹਾ ਘਾਤਕ ਵਾਰ ਤੇ ਗੁਨਾਹ ਹੈ ਜਿਸ ਬਦਲੇ ਭਾਰਤੀ ਸ਼ਾਸ਼ਕਾਂ ਨੂੰ ਕਦੇ ਮਾਫ਼ ਨਹੀਂ ਜਾ ਸਕਦਾ। ਉਸਤੋਂ ਵੀ ਅਗਾਂਹ ਨਵੰਬਰ 1984 ਵਿੱਚ ਦੇਸ਼ ਭਰ 'ਚ ਸਿੱਖ ਨਸਲਕੁਸ਼ੀ ਦੀ ਸਾਜ਼ਿਸ਼ ਅਧੀਨ ਵੱਖ ਵੱਖ ਭਾਗਾਂ ਵਿੱਚ ਸਿੱਖਾਂ ਦਾ ਕਤਲੇਆਮ। ਪੰਜਾਬ ਦੇ ਖਾੜਕੂ ਸੰਘਰਸ਼ ਦੌਰਾਨ ਹਾਕਮਾਂ ਵਲੋਂ ਸਿੱਖ ਨੌਜਵਾਨਾਂ ਦੀਆਂ ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਪੁਲਿਸ ਵੱਲੋਂ ਸਿੱਖ ਕਾਰਕੁੰਨਾਂ ਉੱਤੇ ਅਣਮਨੁੱਖੀ ਤਸ਼ੱਦਦ ਦੀਆਂ ਘਟਨਾਵਾਂ ਨੇ ਵਰ੍ਹਿਆਂ ਤੋਂ ਸਿੱਖ ਮਾਨਸਿਕਤਾ ਉੱਤੇ ਦਹਿਸ਼ਤ ਢਾਹੁਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਸਭ ਕੁਝ ਅਖੌਤੀ ਧਰਮਨਿਰਪੇਖ ਕਾਂਗਰਸ ਦੇ ਰਾਜ ਤੋਂ ਸ਼ੁਰੂ ਹੋਇਆ ਤੇ ਹੁਣ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਅਪਣੀ ਮਾਂ ਜਥੇਬੰਦੀ ਆਰ.ਐਸ.ਐਸ. ਦੇ ਹਿੰਦੁਤਵੀ (ਹਿੰਦੂਰਾਸ਼ਟਰ) ਦੇ ਏਜੰਡੇ ਨੂੰ ਲਾਗੂ ਕਰਨ ਦੇ ਮਨਸ਼ੇ ਤਹਿਤ ਸਿੱਖਾਂ ਸਮੇਤ ਹੋਰ ਸਾਰੇ ਘੱਟ-ਗਿਣਤੀ ਧਰਮਾਂ ਨੂੰ ਆਪਣਾ ਗੁਲਾਮ ਬਣਾਉਣ ਲਈ ਹਰ ਹੱਥ ਕੰਡਾ ਵਰਤ ਰਹੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਭਾਰਤੀ ਸੰਵਿਧਾਨ, ਆਰਟੀਕਲ 25 ਬੀ ਤਹਿਤ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਨਹੀਂ ਦਿੰਦਾ। ਇਸੇ ਆੜ 'ਚ ਸੱਤਾਧਾਰੀ ਚਾਹੇ ਕਾਂਗਰਸੀ ਹੋਣ, ਭਾਜਪਾਈ ਜਾਂ ਕੋਈ ਹੋਰ, ਸਿੱਖ ਧਰਮ ਨੂੰ ਹਿੰਦੂ ਧਰਮ ਨਾਲ ਹੀ ਜੋੜ ਕੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਤੋਂ ਸਦਾ ਇਨਕਾਰੀ ਰਹੇ ਹਨ। ਜੂਨ 1984 ਵਿਚ ਸੀ ਦਰਬਾਰ ਸਾਹਿਬ ਅਤੇ 40 ਹੋਰ ਗੁਰਦੁਆਰਿਆਂ ਉੱਤੇ ਭਾਰਤੀ ਫੌਜ ਦੀ ਚੜ੍ਹਾਈ ਬਾਅਦ ਕੀਤੇ ਹਮਲਿਆਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ ਅਤੇ ਨਵੰਬਰ 1984 ਵਿਚ ਦਿੱਲੀ ਅਤੇ ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਦੇ ਮਾਮਲੇ 'ਚ ਸਿੱਖਾਂ ਨੂੰ ਇਨਸਾਫ਼ ਤਾਂ ਕੀ ਮਿਲਣਾ ਸੀ ਬਲਕਿ ਅਜਿਹਾ ਦਮਨ ਦਾ ਦੌਰ ਹੁਣ ਵੀ ਵੱਖ-ਵੱਖ ਰੂਪਾਂ ਵਿਚ ਜਾਰੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੀ ਕੀਤੀ ਗਈ ਲੁੱਟ ਤਾਂ ਕੀ ਖ਼ਤਮ ਹੋਣੀ ਸੀ ਹੁਣ ਬਾਕੀ ਰਹਿੰਦੇ ਦਰਿਆਈ ਪਾਣੀ ਖੋਹਣ ਦੇ ਮਨਸੂਬਿਆਂ ਨੂੰ ਅਮਲੀ ਰੂਪ ਦੇਣ ਲਈ ਚੋਟੀ ਦੀ ਅਦਾਲਤ ਸੁਪਰੀਮ ਕੋਰਟ ਵੀ ਪੱਬਾਂ ਭਾਰ ਹੋਈ ਰਹਿੰਦੀ ਹੈ। ਹਰ ਸੂਝਵਾਨ ਵਿਅਕਤੀ ਜਾਣਦਾ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਤੇ ਖੇਤੀਬਾੜੀ ਉਤਪਾਦਾਂ ਦੀ ਲਗਾਤਾਰ ਲੁੱਟ ਲਗਾਤਾਰ ਹੋ ਰਹੀ। ਦੂਜੇ ਪਾਸੇ ਵਰ੍ਹਿਆਂ ਤੋਂ ਝੂਠੇ ਕੇਸਾਂ ਵਿੱਚ ਜੇਲ੍ਹੀਂ ਨਜ਼ਰ ਬੰਦ ਸਿੱਖ ਰਾਜਸੀ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ। ਜਦੋਂ ਜੀਅ ਕੀਤਾ ਕਿਸੇ ਨਾ ਕਿਸੇ ਬਹਾਨੇ ਸਿੱਖ ਨੌਜਵਾਨਾਂ ਦੀਆਂ ਗੈਰਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਪੁਲੀਸ ਵੱਲੋਂ ਅਣਮਨੁੱਖੀ ਤਸ਼ੱਦਦ ਦਾ ਦੌਰ ਨਵੇਂ ਰੂਪ 'ਚ ਸ਼ੁਰੂ ਕਰ ਦਿੱਤਾ ਜਾਂਦਾ ਹੈ।

ਇਨ੍ਹਾਂ ਸਾਰੇ ਤੱਥਾਂ ਦੀ ਰੋਸ਼ਨੀ ਵਿੱਚ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਹੈ ਕਿ ਸਾਰੇ ਧਰਮਾਂ ਦਾ ਸਤਿਕਾਰ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਅਥਾਹ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਭਾਰਤੀ ਹਾਕਮਾਂ ਦੇ ਦਰਬਾਰੀਆਂ ਵਿਰੁਧ ਪਾਬੰਦੀਆਂ ਦਾ ਜਿਹੜਾ ਕਦਮ ਚੁਕਣਾ ਪਿਆ ਹੈ ਇਹ ਅਸਲ 'ਚ ਸਿੱਖਾਂ ਨਾਲ ਭਾਰਤੀ ਦੂਤਾਵਾਸਾਂ ਵਿੱਚ ਹੁੰਦੇ ਵਿਤਕਰੇ ਵਿਰੁਧ ਰੋਸ ਦਾ ਪ੍ਰਗਟਾ ਹੈ। ਇਸ ਰਾਹੀਂ ਪਰਵਾਸੀ ਸਿੱਖਾਂ ਨੇ ਭਾਰਤੀ ਅੰਬੈਸੀਆਂ ਦੇ ਅਧਿਕਾਰੀਆਂ ਵਲੋਂ ਵੀਜ਼ਿਆਂ ਤੇ ਪਾਸਪੋਰਟਾਂ ਉੱਤੇ ਨਾਜਾਇਜ਼ ਰੋਕਾਂ, ਟਾਊਟਾਂ ਰਾਹੀਂ ਪੌਂਡ/ਡਾਲਰ ਬਟੋਰਨ ਦੀਆਂ ਚਾਲਾਂ ਅਤੇ ਰਾਜਸੀ ਸ਼ਰਨ ਲੈਣ ਵਾਲਿਆਂ ਵਿਰੁਧ ਕਾਰਵਾਈ ਅਤੇ ਸਿੱਖ ਸੰਘਰਸ਼ਕਾਰੀਆਂ ਦੇ ਸਿਰਾਂ ਉੱਤੇ ਲਗਾਤਾਰ ਕਾਲੀ ਸੂਚੀ ਦੀ ਤਲਵਾਰ ਲਟਕਾਉਣੀ ਬੰਦ ਕਰਨ ਬਾਰੇ ਅਪਣੇ ਰੋਸ ਦਾ ਸਾਂਝਾ ਸੁਨੇਹਾ ਦਿੱਤਾ ਹੈ। ਭਾਰਤੀ ਹਾਕਮਾਂ ਨੂੰ ਲੋਹੇ ਲਾਖੇ ਹੋ ਕੇ ਹੋਰ ਵਧੀਕੀਆਂ ਦੇ ਰਾਹ ਪੈਣ ਦੀ ਥਾਂ ਸਿੱਖਾਂ ਨਾਲ ਇਨਸਾਫ਼ ਦੀ ਪਹਿਲ ਕਦਮੀ ਕਰਨੀ ਬਣਦੀ ਹੈ ਜਿਹੜੀ ਨਿਰਸੰਦੇਹ ਦੁਵੱਲੇ ਵਿਰੋਧ ਨੂੰ ਘਟਾਉਣ ਵਿੱਚ ਸਹਾਈ ਹੋਵੇਗੀ।

# ਨੁਕਸਾਨਦੇਹ ਹੈ ਕਿਸਾਨ ਕਰਜ਼ਾ ਮੁਆਫ਼ੀ ਪ੍ਰੋਗਰਾਮ



**ਸਰਕਾਰ ਪਾਸ ਵਿਕਾਸ ਦੇ ਕੰਮਾਂ ਜਾਂ ਕਰਜ਼ਾ ਮੁਆਫ਼ੀ ਵਾਸਤੇ ਸਾਧਨ ਨਹੀਂ ਹਨ। ਉਹ ਉਧਾਰ ਚੁੱਕ ਕੇ ਹੀ ਇਕ ਸੀਮਤ ਕਰਜ਼ਾ ਮੁਆਫ਼ੀ ਦੀ ਸਕੀਮ ਕਿਸਾਨਾਂ ਸਾਹਮਣੇ ਲੈ ਕੇ ਆਈ ਹੈ। ਦੂਸਰਾ ਕਾਰਨ ਹੈ ਕਿ ਇਸ ਸਕੀਮ ਨੂੰ ਬਣਾਉਣ ਵਾਸਤੇ ਬਣਾਈ ਕਮੇਟੀ ਵਿੱਚ ਕੁਝ ਐਸੇ ਮਾਹਿਰ ਸ਼ਾਮਲ ਕੀਤੇ ਗਏ ਜੋ ਅਸੂਲੀ ਤੌਰ 'ਤੇ ਕਿਸਾਨੀ ਦਾ ਕਰਜ਼ਾ ਮੁਆਫ਼ ਕਰਨ ਦੇ ਖਿਲਾਫ਼ ਹਨ। ਉਨ੍ਹਾਂ ਵਲੋਂ ਕੁਝ ਅਖ਼ਬਾਰਾਂ ਵਿੱਚ ਕਿਸਾਨੀ ਕਰਜ਼ਾ ਮੁਆਫ਼ੀ ਦੇ ਖਿਲਾਫ਼ ਲੇਖ ਵੀ ਲਿਖੇ ਗਏ, ਫਿਰ ਵੀ ਉਨ੍ਹਾਂ ਨੂੰ ਕਮੇਟੀ ਵਿੱਚ ਸ਼ਾਮਲ ਰੱਖਿਆ ਗਿਆ। ਇਨ੍ਹਾਂ ਕਾਰਨਾਂ ਕਰਕੇ ਜੋ ਕਰਜ਼ਾ ਮੁਆਫ਼ੀ ਦੀ ਜੋ ਸਕੀਮ ਕਿਸਾਨਾਂ ਸਾਹਮਣੇ ਪੇਸ਼ ਕੀਤੀ ਗਈ, ਉਹ ਬੁਨਿਆਦੀ ਤੌਰ 'ਤੇ ਕਿਸਾਨਾਂ ਦੇ ਵੱਡੇ ਹਿੱਸੇ ਨੂੰ ਬਾਹਰ ਰੱਖਣ ਵਾਲੀ ਹੈ। ਇਸ ਕਰਕੇ ਇਹ ਸਕੀਮ ਗਰੀਬ ਕਿਸਾਨਾਂ ਜਾਂ ਸੰਕਟ ਵਿੱਚ ਫਸੇ ਕਿਸਾਨਾਂ ਵਾਸਤੇ ਰਾਹਤ ਲਿਆਉਣ ਦੀ ਬਜਾਏ ਉਨ੍ਹਾਂ ਵਾਸਤੇ ਛਲਾਵਾ ਲੈ ਕੇ ਆਈ ਹੈ। ਕਾਫੀ ਯੋਗ ਕਿਸਾਨਾਂ ਦੇ ਨਾਮ ਸਰਕਾਰ ਵਲੋਂ ਤਿਆਰ ਕੀਤੀਆਂ ਲਿਸਟਾਂ ਤੋਂ ਬਾਹਰ ਰਹਿ ਗਏ ਹਨ।**

**ਸੁੱਚਾ ਸਿੰਘ ਗਿੱਲ (ਡਾ.)***

ਪੰਜਾਬ ਸਰਕਾਰ ਵਲੋਂ 7 ਜਨਵਰੀ ਤੋਂ ਮਾਨਸਾ ਤੋਂ ਪੰਜ ਜ਼ਿਲ੍ਹਿਆਂ ਦੇ ਸੀਮਾਂਤ ਤੇ ਛੋਟੇ ਕਿਸਾਨਾਂ ਲਈ ਕਰਜ਼ਾ ਮੁਆਫ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਨੂੰ ਦੋ ਪੜਾਵਾਂ ਵਿੱਚ ਲਾਗੂ ਕਰਨ ਦੀ ਯੋਜਨਾ ਬਣਾਈ ਗਈ ਹੈ। ਪਹਿਲੇ ਪੜਾਅ ਵਿੱਚ 1.60 ਲੱਖ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਪਹਿਲੇ ਪੜਾਅ ਵਿੱਚ ਇਸ ਕੰਮ ਨੂੰ ਮਾਨਸਾ ਤੋਂ ਸ਼ੁਰੂ ਕਰਕੇ, ਮਾਨਸਾ, ਬਠਿੰਡਾ, ਮੁਕਤਸਰ, ਫਰੀਦਕੋਟ ਤੇ ਮੋਗਾ ਦੇ 40,000 ਸੀਮਾਂਤ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਮੁੱਖ ਮੰਤਰੀ ਵਲੋਂ ਜਾਰੀ ਕੀਤੇ ਗਏ। ਬਾਕੀ ਦੇ ਜ਼ਿਲ੍ਹਿਆਂ ਵਿੱਚ ਇਸੇ ਪੈਟਰਨ 'ਤੇ ਮੰਤਰੀ ਅਤੇ ਵਿਧਾਇਕ ਆਪੋ ਆਪਣੇ ਹਲਕਿਆਂ ਵਿੱਚ ਕਰਜ਼ਾ ਮੁਆਫ਼ੀ ਸਰਟੀਫਿਕੇਟ ਵੰਡਣਗੇ। ਇਸ ਕਾਰਜ ਉੱਤੇ 748 ਕਰੋੜ ਦਾ ਖ਼ਰਚ ਕੀਤਾ ਜਾਵੇਗਾ। ਦੂਜੇ ਪੜਾਅ ਵਿੱਚ ਛੋਟੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ। ਕਰਜ਼ਾ ਮੁਆਫ਼ੀ ਵਾਸਤੇ ਪੰਜਾਬ ਸਰਕਾਰ ਵਲੋਂ 4680 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਇਸ ਪ੍ਰੋਗਰਾਮ ਦੇ ਲਾਗੂ ਹੋਣ ਨਾਲ ਸੂਬੇ ਦੇ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ੇ 'ਤੇ ਕੁਝ ਰਾਹਤ ਮਿਲ ਜਾਵੇਗੀ।

ਛੋਟੇ ਅਤੇ ਸੀਮਾਂਤ ਕਿਸਾਨ ਇਸ ਸਮੇਂ ਘੋਰ ਸੰਕਟ ਦੀ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੀ ਖੇਤੀ ਲਾਹੇਵੰਦ ਨਹੀਂ ਹੈ। ਐਸੇ ਕਿਸਾਨਾਂ ਵਾਸਤੇ ਕਰਜ਼ਾ ਮੁਆਫ਼ੀ ਉਨ੍ਹਾਂ ਦੇ ਸਿਰ ਤੋਂ ਕਰਜ਼ੇ ਦੀ ਪੰਡ ਖਤਮ ਜਾਂ ਹਲਕੀ ਕਰਨ ਵਾਸਤੇ ਕਾਫੀ ਕਾਰਗਰ ਹੋ ਸਕਦੀ ਹੈ। ਉਨ੍ਹਾਂ ਨੂੰ ਕਾਫੀ ਰਾਹਤ ਦੇ ਸਕਦੀ ਹੈ, ਪਰ ਜਿਸ ਤਰ੍ਹਾਂ ਇਹ ਸਕੀਮ ਬਣਾਈ ਗਈ ਹੈ ਅਤੇ ਜਿਵੇਂ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਉਹ ਕਾਫੀ ਨੁਕਸਦਾਰ ਹੈ। ਇਸ ਕਰਕੇ ਇਸ ਦੇ ਲਾਗੂ ਕਰਨ ਨਾਲ ਕਿਸਾਨੀ ਦੇ ਵੱਡੇ ਹਿੱਸੇ ਵਿੱਚ ਅਸੰਤੋਸ਼ ਪੈਦਾ ਹੋਣ ਦੀ ਸੰਭਾਵਨਾ ਕਾਫੀ ਬਣ ਗਈ ਹੈ।

ਇਸ ਪ੍ਰੋਗਰਾਮ ਨੂੰ ਬਣਾਉਣ ਦਾ ਡਿਜ਼ਾਈਨ (ਖ਼ਾਕਾ) ਨੁਕਸਦਾਰ ਹੈ। ਇਸ ਨੂੰ ਬਣਾਉਣ ਸਮੇਂ ਪੰਜਾਬ ਸਰਕਾਰ ਦੇ ਸਖ਼ਤ ਵਿੱਤੀ ਸੰਕਟ ਨੂੰ ਧਿਆਨ ਵਿੱਚ ਰੱਖ ਕੇ ਇਸ ਵਿੱਚੋਂ ਕਿਸਾਨਾਂ ਦੇ ਵੱਡੇ ਹਿੱਸੇ ਨੂੰ ਬਾਹਰ ਰੱਖਿਆ ਗਿਆ ਹੈ। ਇਸ ਸੰਕਟ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਰਫ ਸੀਮਾਂਤ (ਢਾਈ ਏਕੜ) ਅਤੇ ਛੋਟੇ (ਪੰਜ ਏਕੜ) ਤਕ ਦੇ ਭੂਮੀ ਮਾਲਕਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਐਸੇ ਕਿਸਾਨ ਖੇਤੀ ਕਰਦੀ ਕੁੱਲ ਕਿਸਾਨੀ ਦਾ 34. 21 ਪ੍ਰਤੀਸ਼ਤ ਹਨ। ਮੱਧ ਵਰਗੀ ਅਤੇ ਵੱਡੇ ਕਿਸਾਨਾਂ ਨੂੰ ਬਾਹਰ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਜੋ ਕਿਸਾਨ ਜ਼ਮੀਨ ਸਿਰਫ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ ਜਾਂ ਸਹਾਇਕ ਧੰਦੇ ਚਲਾਉਂਦੇ ਹਨ, ਉਨ੍ਹਾਂ ਨੂੰ ਵੀ ਇਸ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ। ਇਸ ਕਰਕੇ ਇਸ ਸਕੀਮ ਤੋਂ ਕਿਸਾਨੀ ਦੇ ਕਾਫੀ ਛੋਟੇ ਹਿੱਸੇ ਨੂੰ ਹੀ ਫਾਇਦਾ ਹੋਣ ਦੀ ਸੰਭਾਵਨਾ ਹੈ। ਇਸ ਦਾ ਖ਼ਾਕਾ ਤਿਆਰ ਕਰਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਹੈ ਕਿ ਸਰਕਾਰੀ ਖ਼ਜ਼ਾਨੇ ਉੱਪਰ ਘੱਟੋ-ਘੱਟ ਬੋਝ ਪਾਇਆ ਜਾਵੇ। ਇਸ ਕਰਕੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਕਈ ਹਿੱਸਿਆਂ ਨੂੰ ਵੀ ਇਸ ਤੋਂ ਬਾਹਰ ਕਰ ਦਿਤਾ ਗਿਆ ਹੈ। ਸਾਰੀ ਸਕੀਮ ਸਹਿਕਾਰੀ ਬੈਂਕਾਂ ਦੇ ਫਸਲੀ ਕਰਜ਼ੇ ਨੂੰ ਨਜਿੱਠਣ ਲਈ ਹੀ ਬਣਾਈ ਗਈ ਹੈ। ਕਿਸਾਨਾਂ ਸਿਰ ਬੱਚਿਆਂ ਦੀ ਪੜ੍ਹਾਈ, ਬਿਮਾਰੀ ਜਾਂ ਕਿਸੇ ਹੋਰ ਕਾਰਨ ਚੜ੍ਹੇ ਕਰਜ਼ੇ ਨੂੰ ਇਸ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ। ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਫਸਲੀ ਕਰਜ਼ਾ 40,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ। ਇਸ ਕਰਕੇ ਸੀਮਾਂਤ ਕਿਸਾਨ ਨੂੰ ਵਧ ਤੋਂ ਵਧ ਇਕ ਲੱਖ ਰੁਪਏ ਅਤੇ ਛੋਟੇ ਕਿਸਾਨ ਨੂੰ ਦੋ ਲੱਖ ਰੁਪਏ ਤਕ ਕਰਜ਼ਾ ਮਿਲ ਸਕਦਾ ਹੈ। ਜੇਕਰ ਕਿਸੇ ਛੋਟੇ ਕਿਸਾਨ ਸਿਰ ਦੋ ਲਖ ਰੁਪਏ ਤੋਂ ਵਧ ਕਰਜ਼ਾ ਹੋਵੇਗਾ ਤਾਂ ਉਸ ਦਾ ਕਰਜ਼ਾ ਮੁਆਫ਼ ਨਹੀਂ ਕੀਤਾ ਜਾਵੇਗਾ। ਇਸ ਪਿੱਛੇ ਸਰਕਾਰ ਦੀ ਸਮਝ ਹੈ ਕਿ ਐਸੇ ਕਿਸਾਨਾਂ ਨੇ ਖੇਤੀ ਵਿੱਚ ਪੈਦਾਵਾਰ ਤੋਂ ਇਲਾਵਾ ਗ਼ੈਰ ਉਤਪਾਦਿਕ ਕੰਮਾਂ ਲਈ ਕਰਜ਼ਾ ਲਿਆ ਹੈ। ਇਸ ਕਰਕੇ ਐਸੇ ਕਿਸਾਨ ਕਰਜ਼ਾ ਮੁਆਫ਼ੀ ਦੇ ਹੱਕਦਾਰ ਨਹੀਂ ਹਨ। ਮੁੱਖ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਕੀਤੇ ਐਲਾਨ ਮੁਤਾਬਕ ਭਾਵੇਂ ਦੋ ਲੱਖ ਰੁਪਏ ਵਿੱਚ ਵਪਾਰਿਕ ਬੈਂਕਾਂ ਦਾ ਕਰਜ਼ਾ ਵੀ ਸ਼ਾਮਲ ਹੈ ਪਰ ਫਿਲਹਾਲ ਵਪਾਰਿਕ (ਕਮਰਸ਼ੀਅਲ) ਬੈਂਕਾਂ ਦੇ ਕਰਜ਼ੇ ਬਾਰੇ ਇਹ ਸਕੀਮ ਅਜੇ ਚੁੱਪ ਹੈ।

ਕਿਸਾਨਾਂ ਦੇ ਵੱਡੇ ਹਿੱਸੇ ਨੂੰ ਕਰਜ਼ਾ ਮੁਆਫ਼ੀ ਦੀ ਸਕੀਮ ਤੋਂ ਬਾਹਰ ਰੱਖਣ ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਕਾਫੀ ਹਿੱਸੇ ਨੂੰ ਬਾਹਰ ਰੱਖਣ ਪਿਛੇ ਦੋ ਮੁਖ ਕਾਰਨ ਹਨ। ਪਹਿਲਾ ਕਾਰਨ ਹੈ ਕਿ ਸਰਕਾਰ ਦੀ ਆਪਣੀ ਵਿਤੀ ਹਾਲਤ ਕਾਫੀ ਕਮਜ਼ੋਰ ਹੈ। ਉਸ ਪਾਸ ਸਿਰਫ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ ਅਤੇ ਰਿਟਾਇਰਡ ਮੁਲਾਜ਼ਮਾਂ ਦੇ ਰਿਟਾਇਰਮੈਂਟ ਲਾਭ ਦੇਣ ਵਾਸਤੇ ਅਦਾਇਗੀਆਂ ਕਰਨ ਦੇ ਹੀ ਸਾਧਨ ਹਨ। ਸਰਕਾਰ ਪਾਸ ਵਿਕਾਸ ਦੇ ਕੰਮਾਂ ਜਾਂ ਕਰਜ਼ਾ ਮੁਆਫ਼ੀ ਵਾਸਤੇ ਸਾਧਨ ਨਹੀਂ ਹਨ। ਉਹ ਉਧਾਰ ਚੁੱਕ ਕੇ ਹੀ ਇਕ ਸੀਮਤ ਕਰਜ਼ਾ ਮੁਆਫ਼ੀ ਦੀ ਸਕੀਮ ਕਿਸਾਨਾਂ ਸਾਹਮਣੇ ਲੈ ਕੇ ਆਈ ਹੈ। ਦੂਸਰਾ ਕਾਰਨ ਹੈ ਕਿ ਇਸ ਸਕੀਮ ਨੂੰ ਬਣਾਉਣ ਵਾਸਤੇ ਬਣਾਈ ਕਮੇਟੀ ਵਿੱਚ ਕੁਝ ਐਸੇ ਮਾਹਿਰ ਸ਼ਾਮਲ ਕੀਤੇ ਗਏ ਜੋ ਅਸੂਲੀ ਤੌਰ 'ਤੇ ਕਿਸਾਨੀ ਦਾ ਕਰਜ਼ਾ ਮੁਆਫ਼ ਕਰਨ ਦੇ ਖਿਲਾਫ਼ ਹਨ। ਉਨ੍ਹਾਂ ਵਲੋਂ ਕੁਝ ਅਖ਼ਬਾਰਾਂ ਵਿੱਚ ਕਿਸਾਨੀ ਕਰਜ਼ਾ ਮੁਆਫ਼ੀ ਦੇ ਖਿਲਾਫ਼ ਲੇਖ ਵੀ ਲਿਖੇ ਗਏ, ਫਿਰ ਵੀ ਉਨ੍ਹਾਂ ਨੂੰ ਕਮੇਟੀ ਵਿੱਚ ਸ਼ਾਮਲ ਰੱਖਿਆ ਗਿਆ। ਇਨ੍ਹਾਂ ਕਾਰਨਾਂ ਕਰਕੇ ਜੋ ਕਰਜ਼ਾ ਮੁਆਫ਼ੀ ਦੀ ਜੋ ਸਕੀਮ ਕਿਸਾਨਾਂ ਸਾਹਮਣੇ ਪੇਸ਼ ਕੀਤੀ ਗਈ, ਉਹ ਬੁਨਿਆਦੀ ਤੌਰ 'ਤੇ ਕਿਸਾਨਾਂ ਦੇ ਵੱਡੇ ਹਿੱਸੇ ਨੂੰ ਬਾਹਰ ਰੱਖਣ ਵਾਲੀ ਹੈ। ਇਸ ਕਰਕੇ ਇਹ ਸਕੀਮ ਗਰੀਬ ਕਿਸਾਨਾਂ ਜਾਂ ਸੰਕਟ ਵਿੱਚ ਫਸੇ ਕਿਸਾਨਾਂ ਵਾਸਤੇ ਰਾਹਤ ਲਿਆਉਣ ਦੀ ਬਜਾਏ ਉਨ੍ਹਾਂ ਵਾਸਤੇ ਛਲਾਵਾ ਲੈ ਕੇ ਆਈ ਹੈ। ਕਾਫੀ ਯੋਗ ਕਿਸਾਨਾਂ ਦੇ ਨਾਮ ਸਰਕਾਰ ਵਲੋਂ ਤਿਆਰ ਕੀਤੀਆਂ ਲਿਸਟਾਂ ਤੋਂ ਬਾਹਰ ਰਹਿ ਗਏ ਹਨ।

ਕਿਸਾਨੀ ਦੇ ਵੱਡੇ ਹਿੱਸੇ ਨੂੰ ਕਰਜ਼ਾ ਮੁਆਫ਼ੀ ਤੋਂ ਬਾਹਰ ਰੱਖਣ ਵਾਲੀ ਸਕੀਮ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਅਫਸਰਸ਼ਾਹੀ ਨੇ ਇਕ ਹੋਰ ਅੜਿੱਕਾ ਆਪਣੇ ਤੌਰ 'ਤੇ ਲਗਾ ਦਿਤਾ ਹੈ। ਸਹਿਕਾਰੀ ਕਰਜ਼ਾ ਜ਼ਮੀਨ ਮਾਲਕਾਂ ਨੂੰ ਜ਼ਮੀਨ ਦੀ ਮਾਲਕੀ ਅਨੁਸਾਰ ਵਧ ਤੋਂ ਵਧ 40,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ। ਕਰਜ਼ਾ ਦੇਣ ਸਮੇਂ ਜ਼ਮੀਨ ਦੀ ਮਾਲਕੀ ਦੇ ਕਾਗਜ਼ ਦੇਖੇ ਜਾਂਦੇ ਹਨ। ਪੰਜਾਬ ਵਿੱਚ ਅੱਜਕਲ੍ਹ ਜ਼ਮੀਨ ਮਾਲਕੀ ਦੇ ਰਿਕਾਰਡ ਦਾ ਕੰਪਿਊਟਰੀਕਰਨ ਕਰ ਦਿਤਾ ਗਿਆ ਹੈ। ਇਹ ਰਿਕਾਰਡ ਦੇਖ ਕੇ ਜਿਸ ਕਿਸਾਨ ਦਾ ਕਰਜ਼ਾ ਨਿਰਧਾਰਿਤ ਸੀਮਾ ਤੋਂ ਘੱਟ ਹੈ ਉਸ ਨੂੰ ਮੁਆਫ਼ ਕੀਤਾ ਜਾ ਸਕਦਾ ਹੈ। ਜ਼ਮੀਨ ਮਾਲਕੀ ਦਾ ਰਿਕਾਰਡ ਪਿਛਲੇ ਇਕ ਦੋ ਸਾਲਾਂ ਵਿੱਚ ਹੀ ਅਧੁਨਿਕ ਬਣਾਇਆ ਗਿਆ ਹੈ। ਇਸ ਨੂੰ ਆਧਾਰ ਮੰਨਣ ਦੇ ਨਾਲ ਅਫਸਰਸ਼ਾਹੀ ਵਲੋਂ ਆਧਾਰ ਕਾਰਡ ਦੀ ਸ਼ਰਤ ਨਾਲ ਜੋੜ ਦਿਤੀ ਗਈ ਹੈ। ਇਸ ਕਾਰਨ ਜਿਨ੍ਹਾਂ ਸੀਮਾਂਤ ਤੇ ਛੋਟੇ ਕਿਸਾਨਾਂ ਪਾਸ ਆਧਾਰ ਕਾਰਡ ਨਹੀਂ ਹਨ ਉਹ ਇਸ ਤੋਂ ਬਾਹਰ ਹੋ ਗਏ ਹਨ। ਇਸ ਤੋਂ ਇਲਾਵਾ ਜਿਨ੍ਹਾਂ ਐਸੇ ਕਿਸਾਨਾਂ ਪਾਸ ਆਧਾਰ ਕਾਰਡ ਹਨ ਪਰ ਉਨ੍ਹਾਂ ਦੇ ਨਾਮ ਜ਼ਮੀਨ ਦੀ ਮਾਲਕੀ ਦੇ ਕਾਗਜ਼ਾਂ ਨਾਲ ਮੇਚ ਨਹੀਂ ਆਉਂਦੇ ਉਹ ਵੀ ਇਸ ਸਕੀਮ ਤਹਿਤ ਕਰਜ਼ਾ ਮੁਆਫ਼ੀ ਨਹੀਂ ਲੈ ਸਕਣਗੇ।

ਇਹ ਸਾਰੇ ਵਰਤਾਰੇ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਸਕੀਮ ਨੂੰ ਬਣਾਉਣ ਵਾਲਿਆਂ ਅਤੇ ਲਾਗੂ ਕਰਨ ਵਾਲਿਆਂ ਦੀ ਮਨਸ਼ਾ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਫਾਇਦਾ ਦੇਣ ਦੀ ਬਜਾਏ ਉਨ੍ਹਾਂ ਨੂੰ ਬਾਹਰ ਰੱਖਣ ਦੀ ਜ਼ਿਆਦਾ ਹੈ। ਇਸ ਬਾਹਰ ਰੱਖਣ ਵਾਲੀ ਪ੍ਰਵਿਰਤੀ ਕਾਰਨ ਇਸ ਸਕੀਮ ਦੇ ਲਾਗੂ ਕਰਨ ਨਾਲ ਕਿਸਾਨਾਂ ਦੇ ਵੱਡੇ ਹਿੱਸੇ ਵਿੱਚ ਗੁੱਸਾ ਪੈਦਾ ਹੋਵੇਗਾ ਜਿਸ ਨਾਲ ਸਰਕਾਰ ਨੂੰ ਚੋਣ ਵਾਅਦਾ ਪੂਰਾ ਕਰਨ ਦੇ ਫਾਇਦੇ ਹੋਣ ਦੀ ਬਜਾਏ ਸਿਆਸੀ ਨੁਕਸਾਨ ਹੋ ਸਕਦਾ ਹੈ। ਇਕ ਚੰਗੀ ਕਰਜ਼ਾ ਮੁਆਫ਼ੀ ਦੀ ਸਕੀਮ ਬਹੁਤ ਸਰਲ ਹੋਣੀ ਚਾਹੀਦੀ ਹੈ। ਇਸ ਅਨੁਸਾਰ ਹਰ ਖੇਤੀ ਕਰ ਰਹੇ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਇਕ ਸੀਮਾ ਤਕ ਕਰਜ਼ਾ ਮੁਆਫ਼ ਕੀਤਾ ਜਾਂਦਾ ਹੈ। ਇਸ ਨਾਲ ਕੋਈ ਸ਼ਰਤ ਜਿਵੇਂ ਕਰਜ਼ੇ ਦਾ ਪੱਧਰ, ਜ਼ਮੀਨ ਦੀ ਮਾਲਕੀ ਜਾਂ ਆਧਾਰ ਕਾਰਡ ਦੀ ਸ਼ਰਤ ਨਹੀਂ ਲੱਗਣੀ ਚਾਹੀਦੀ ਸੀ। ਇਹ ਸਕੀਮ ਸਾਰੇ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ਾ ਮਾਫ ਕਰਨ ਵਾਲੀ ਹੋਣੀ ਚਾਹੀਦੀ ਸੀ ਨਾ ਕਿ ਕਰਜ਼ਾ ਮਾਫੀ ਤੋਂ ਬਾਹਰ ਕਰਨ ਵਾਲੀ। ਕਿਸਾਨੀ ਦੇ ਮੱਧ ਵਰਗੀ ਅਤੇ ਵੱਡੇ ਹਿੱਸੇ ਵਲੋਂ ਉਨ੍ਹਾਂ ਦੇ ਕਰਜ਼ੇ ਮੁਆਫ਼ੀ ਦੀ ਮੰਗ ਉਭਰੇਗੀ ਅਤੇ ਲਾਮਬੰਦੀ ਵੀ ਹੋਵੇਗੀ। ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਵੀ ਕਰਜ਼ੇ ਮੁਆਫ਼ੀ ਦੀ ਮੰਗ ਕਰਨਗੇ। ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾ ਮੁਆਫ਼ੀ ਦੇ ਸਭ ਤੋਂ ਵਧ ਹੱਕਦਾਰ ਹਨ ਕਿਉਂਕਿ ਉਹ ਪੇਂਡੂ ਸਮਾਜ ਦੇ ਸਭ ਤੋਂ ਹੇਠਲੇ ਵਰਗ ਨਾਲ ਸਬੰਧਿਤ ਹਨ ਜਿਨ੍ਹਾਂ ਉਪਰ ਖੇਤੀ ਸੰਕਟ ਦਾ ਸਭ ਤੋਂ ਵਧ ਮਾਰੂ ਅਸਰ ਪੈ ਰਿਹਾ ਹੈ। ਸਮੇਂ ਦੀ ਨਜ਼ਾਕਤ ਇਹ ਮੰਗ ਕਰਦੀ ਹੈ ਕਿ ਇਸ ਚੰਗੀ ਸਕੀਮ ਨੂੰ ਮੁੜ ਵਿਚਾਰਿਆ ਜਾਵੇ, ਇਸ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ ਅਤੇ ਇਸ ਨੂੰ ਸਰਲ ਬਣਾਇਆ ਜਾਵੇ; ਅਫਸਰਸ਼ਾਹੀ ਦੇ ਅੜਿੱਕਿਆਂ ਤੋਂ ਬਚਾਇਆ ਜਾਵੇ ਤਾਂ ਕਿ ਗ਼ਰੀਬ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਸਾਰੇ ਹਿੱਸਿਆਂ ਨੂੰ ਸ਼ਾਮਲ ਕਰਕੇ ਉਨ੍ਹਾਂ ਨੂੰ ਵਾਜਬ ਰਾਹਤ ਦਿਤੀ ਜਾ ਸਕੇ।

*ਲੇਖਕ ਉੱਘਾ ਅਰਥ ਸ਼ਾਸਤਰੀ ਹੈ

# ਭਾਰਤ ਲਈ ਲਾਹੇਵੰਦ ਨਹੀਂ ਕਾਰਪੋਰੇਟ ਆਰਥਿਕ ਵਿਕਾਸ ਮਾਡਲ

**ਡਾ. ਗਿਆਨ ਸਿੰਘ***
(ਸੰਪਰਕ: 99156-82196)

ਦਸੰਬਰ 26, 2017 ਨੂੰ ਲੰਡਨ-ਅਧਾਰਿਤ ਸਲਾਹਕਾਰ ਏਜੰਸੀ 'ਦਿ ਸੈਂਟਰ ਫਾਰ ਇਕੋਨੌਮਿਕਸ ਐਂਡ ਬਿਜਨੈਸ ਰਿਸਰਚ' ਵੱਲੋਂ ਕੀਤੀ ਪੇਸ਼ੀਨਗੋਈ ਅਨੁਸਾਰ ਅਮਰੀਕਨ ਡਾਲਰਾਂ ਦੀ ਗਿਣਤੀ-ਮਿਣਤੀ ਦੇ ਸੰਬੰਧ ਵਿੱਚ 2018 ਵਿੱਚ ਭਾਰਤੀ ਅਰਥ ਵਿਵਸਥਾ ਬਰਤਾਨੀਆ ਅਤੇ ਫਰਾਂਸ ਦੀਆਂ ਅਰਥ ਵਿਵਸਥਾਵਾਂ ਨੂੰ ਪਿਛਾੜਦੇ ਹੋਏ ਦੁਨੀਆ ਵਿੱਚ ਪੰਜਵਾਂ ਸਥਾਨ ਪ੍ਰਾਪਤ ਕਰ ਲਵੇਗੀ। 2017 ਵਿੱਚ ਭਾਰਤੀ ਅਰਥ ਵਿਵਸਥਾ ਦਾ ਦੁਨੀਆ ਵਿੱਚ ਸੱਤਵਾਂ ਸਥਾਨ ਸੀ। ਇਹ ਵੀ ਪੇਸ਼ੀਨਗੋਈ ਕੀਤੀ ਹੈ ਕਿ 2027 ਵਿੱਚ ਭਾਰਤੀ ਅਰਥ ਵਿਵਸਥਾ ਆਪਣੀ ਦਰਜਾਬੰਦੀ ਨੂੰ ਉੱਚਾ ਕਰਦੇ ਹੋਏ ਤੀਜੇ ਸਥਾਨ ਉੱਪਰ ਆ ਜਾਵੇਗੀ। ਜੇਕਰ ਰਹਿਣ-ਸਹਿਣ ਦੀਆਂ ਕੁਝ ਲਾਗਤਾਂ ਨੂੰ ਆਧਾਰ ਮੰਨ ਲਿਆ ਜਾਵੇ ਤਾਂ ਵਰਤਮਾਨ ਸਮੇਂ ਵੀ ਭਾਰਤੀ ਅਰਥ ਵਿਵਸਥਾ ਦੁਨੀਆ ਵਿੱਚ ਤੀਜੇ ਸਥਾਨ ਉੱਪਰ ਹੈ।

ਦੁਨੀਆ ਦੇ ਉੱਨਤ ਸਰਮਾਏਦਾਰ ਦੇਸ਼, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਮੁਦਰਾ ਕੋਸ਼, ਬਹੁਕੌਮੀ ਕਾਰਪੋਰੇਸ਼ਨਾਂ, ਹੋਰ ਬਹੁਤ ਸਾਰੀਆਂ ਸਰਮਾਏਦਾਰ ਤੇ ਕਾਰਪੋਰੇਟ ਪੱਖੀ ਸੰਸਥਾਵਾਂ ਅਤੇ ਇਨ੍ਹਾਂ ਦੇ ਸੇਵਕ ਅਰਥ ਵਿਗਿਆਨੀ ਅਤੇ ਝਾੜੂਬਰਦਾਰ ਖੁਲ੍ਹੇ ਵਿਸ਼ਵ ਵਪਾਰ ਦੀ ਵਕਾਲਤ ਕਰਦੇ ਸਾਫ਼ ਨਜ਼ਰ ਆਉਂਦੇ ਹਨ। ਇਸ ਸੰਬੰਧ ਵਿੱਚ ਇਨ੍ਹਾਂ ਦੇਸ਼ਾਂ, ਸੰਸਥਾਵਾਂ, ਅਰਥ ਵਿਗਿਆਨੀਆਂ ਆਦਿ ਵੱਲੋਂ ਉਨ੍ਹਾਂ ਦੇਸ਼ਾਂ ਦੀਆਂ ਪ੍ਰਾਪਤੀਆਂ ਜਾਂ ਸੰਭਾਵਨਾਵਾਂ ਦੀ ਅਸਲੀਅਤ ਨੂੰ ਇੱਕ ਪਾਸੇ ਛੱਡਦੇ ਹੋਏ ਵਧਾਅ-ਚੜ੍ਹਾਅ ਕੇ ਦੇਖਿਆ ਅਤੇ ਪ੍ਰਚਾਰਿਆ ਜਾਂਦਾ ਹੈ, ਜਿੱਥੇ ਉਨ੍ਹਾਂ ਨੂੰ ਆਪਣੇ ਉਤਪਾਦਾਂ ਦੀ ਮੰਡੀ ਦਿਖਾਈ ਦਿੰਦੀ ਹੋਵੇ। ਇਹ ਦੇਸ਼, ਸੰਸਥਾਵਾਂ, ਅਰਥ ਵਿਗਿਆਨੀ ਆਪਣੇ ਉਦੇਸ਼ ਦੀ ਪੂਰਤੀ, ਖ਼ਾਸ ਕਰਕੇ ਮੁਨਾਫ਼ਿਆਂ ਵਿੱਚ ਬੇਅਥਾਹ ਵਾਧਿਆਂ ਲਈ, ਮੰਡੀ ਦੀਆਂ ਸੰਭਾਵਨਾਵਾਂ ਵਾਲੇ ਦੇਸ਼ਾਂ ਨੂੰ 'ਸ਼ੇਰ' ਦਾ ਰੁਤਬਾ ਪ੍ਰਦਾਨ ਕਰਨ ਵਿੱਚ ਰਤਾ ਜਿੰਨੀ ਵੀ ਦੇਰ ਨਹੀਂ ਲਾਉਂਦੇ। ਮੰਡੀ ਮੁਹੱਈਆ ਕਰਨ ਵਾਲੇ ਦੇਸ਼ਾਂ ਦੇ ਹੁਕਮਰਾਨ 'ਸ਼ੇਰ' ਦੇ ਮਿਲੇ ਰੁਤਬੇ ਨੂੰ ਆਪਣੀਆਂ ਪ੍ਰਾਪਤੀਆਂ ਵਜੋਂ ਪ੍ਰਚਾਰਨ ਵਿੱਚ ਕੋਈ ਕਸਰ ਨਹੀਂ ਛੱਡਦੇ। ਇਨ੍ਹਾਂ ਦੇਸ਼ਾਂ ਦੇ ਹੁਕਮਰਾਨਾਂ ਦੀ ਮਦਦ ਲਈ ਸਰਮਾਏਦਾਰ ਜਾਂ ਕਾਰਪੋਰੇਟ ਜਗਤ ਦੇ ਸੇਵਕ ਅਰਥ ਵਿਗਿਆਨੀ ਆਪਣੀਆਂ ਅਰਥ ਵਿਵਸਥਾਵਾਂ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਵਿੱਚੋਂ ਉਪਜਣ ਵਾਲੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹੋਏ ਆਪਣੇ ਲਈ ਵਿਅਰਥ ਛੋਟੀਆਂ-ਛੋਟੀਆਂ ਰਿਆਇਤਾਂ ਲੈਣ ਲਈ ਨਤੀਜਾ ਪ੍ਰਮੁੱਖ ਅੰਕੜੇ ਬਣਾ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਚਾਰਦੇ ਹਨ ਕਿ ਭਵਿੱਖ ਵਿੱਚ ਉਨ੍ਹਾਂ ਦੇ ਦੇਸ਼ ਦੁਨੀਆ ਦੇ ਬਾਕੀ ਦੇਸ਼ਾਂ ਉੱਪਰ ਆਪਣੀ ਮੰਡੀ ਦਾ ਰਾਜ ਚਲਾਉਣਗੇ। ਮੰਡੀ ਮੁਹੱਈਆ ਕਰਨ ਵਾਲੇ ਦੇਸ਼ਾਂ ਵਿੱਚ ਜਦੋਂ 'ਸ਼ੇਰ' ਬਣਨ ਦੇ ਨਤੀਜੇ ਵਜੋਂ ਵੱਡੀ ਬਹੁਗਿਣਤੀ ਆਮ ਲੋਕਾਂ ਦੀਆਂ ਸਮੱਸਿਆਵਾਂ ਬਹੁਤ ਵਧਾ ਦਿੱਤੀਆਂ ਜਾਂਦੀਆਂ ਹਨ, ਜਿਸ ਬਾਰੇ ਆਮ ਲੋਕ ਅਤੇ ਸਮਾਜ ਦੇ ਹੋਰ ਸੁਚੇਤ ਲੋਕ ਆਪਣਾ ਵਿਰੋਧ ਵੱਖ-ਵੱਖ ਰੂਪਾਂ ਵਿਚ ਦਰਜ ਕਰਵਾਉਂਦੇ ਹਨ, ਤਾਂ ਉੱਨਤ ਸਰਮਾਏਦਾਰ ਦੇਸ਼ ਮੰਡੀ ਮੁਹੱਈਆ ਕਰਨ ਵਾਲੇ ਦੇਸ਼ਾਂ ਨੂੰ ਲੋਕ ਵਿਰੋਧੀ ਕਾਰਵਾਈਆਂ ਕਰਨ ਲਈ 'ਸ਼ੇਰ ਬਣ ਸ਼ੇਰ' ਵਾਲੀ ਤਾੜਨਾ ਵੀ ਦਿੰਦੀਆਂ ਹਨ।



ਪਿਛਲੇ ਕੁਝ ਸਮੇਂ ਦੌਰਾਨ ਭਾਰਤ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕੀਤਾ ਹੈ। ਕਈ ਵਾਰ ਆਰਥਿਕ ਵਿਕਾਸ ਦਰ ਵਿਚ ਗਿਰਾਵਟ ਵੀ ਆਈ ਹੈ ਜਿਵੇਂ ਹੁਣ ਹੋ ਰਿਹਾ ਹੈ। ਦੇਸ਼ ਦਾ ਆਰਥਿਕ ਵਿਕਾਸ ਮਹੱਤਵਪੂਰਨ ਹੁੰਦਾ ਹੈ ਪਰ ਇਹ ਜਾਨਣਾ ਜ਼ਰੂਰੀ ਹੁੰਦਾ ਕਿ ਇਹ ਕਿਵੇਂ ਤੇ ਕਿਨ੍ਹਾਂ ਲਈ ਹੋ ਰਿਹਾ ਹੈ? ਜੇਕਰ ਚਾਦਰ ਦੀ ਗੋਟਾ-ਕਿਨਾਰੀ ਬਹੁਤ ਸੋਹਣੀ ਅਤੇ ਮਹਿੰਗੀ ਹੋਵੇ ਤਾਂ ਉਸਦੀ ਸਿਫ਼ਤ ਕਰਨ ਤੋਂ ਪਹਿਲਾਂ ਚਾਦਰ ਦੀ ਹਾਲਤ ਬਾਰੇ ਇਹ ਜਾਨਣਾ ਜ਼ਰੂਰੀ ਹੈ ਕਿ ਇਸ ਵਿੱਚ ਕਿੰਨੇ ਮਘੋਰੇ ਹਨ ਅਤੇ ਉਸਦੀ ਕਿੰਨੀ ਕੁ ਜ਼ਿੰਦਗੀ ਬਾਕੀ ਹੈ? 5 ਦਸੰਬਰ, 2015 ਨੂੰ ਏਂਜਲ ਤੇ ਮਾਰਟਿਨ ਦੇ 'ਇਕੋਨੌਮਿਕ ਐਂਡ ਪੋਲੀਟੀਕਲ ਵੀਕਲੀ' ਵਿੱਚ ਛਪੇ ਖੋਜ ਪਰਚੇ ਵਿੱਚ ਆਰਥਿਕ ਅਸਮਾਨਤਾਵਾਂ ਵਧਣ ਉੱਪਰ ਚਾਨਣ ਪਾਇਆ ਗਿਆ ਹੈ। ਇਸ ਖੋਜ ਪਰਚੇ ਦੇ ਨਿਚੋੜ ਅਨੁਸਾਰ ਆਰਥਿਕ ਅਤੇ ਸਮਾਜਿਕ ਅਸਮਾਨਤਾ ਵੱਡੀ ਸਮੱਸਿਆ ਹੈ ਜਿਸ ਨਾਲ ਗ਼ਰੀਬੀ, ਖ਼ਰਾਬ ਸਿਹਤ ਤੇ ਸ਼ੋਸ਼ਣ ਹੋਂਦ ਵਿੱਚ ਆਉਂਦੇ ਹਨ। 1960ਵਿਆਂ ਤੋਂ ਹੁਣ ਤੱਕ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਅਸਮਾਨਤਾ ਵਧੀ ਹੈ ਜਦੋਂਕਿ ਇਸ ਨੂੰ ਘਟਾਉਣ ਲਈ ਉਪਰਾਲੇ ਕਦੇ-ਕਦਾਈਂ ਅਤੇ ਉਹ ਵੀ ਗ਼ੈਰ ਅਸਰਦਾਰ ਹੋਏ ਹਨ। ਇਸ ਗੱਲ ਨੂੰ ਸਮਝਣ ਲਈ ਕਿ ਅਸਮਾਨਤਾ ਕਿਉਂ ਬਰਕਰਾਰ ਰਹਿੰਦੀ ਹੈ, ਇਹ ਲਾਹੇਵੰਦ ਹੋਵੇਗਾ ਕਿ ਉਨ੍ਹਾਂ ਢੰਗ-ਤਰੀਕਿਆਂ ਨੂੰ ਸਮਝਿਆ ਜਾਵੇ ਜਿਹੜੇ ਵਧ ਰਹੀ ਅਸਮਾਨਤਾ ਪ੍ਰਤੀ ਲੋਕਾਂ ਦੇ ਰੋਹ ਨੂੰ ਘੱਟ ਕਰਦੇ ਹਨ। ਹਾਲਾਂਕਿ ਸਾਰੀ ਤਰ੍ਹਾਂ ਦੀਆਂ ਅਸਮਾਨਤਾਵਾਂ ਹੋਂਦ ਵਿੱਚ ਹਨ, ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਆਰਥਿਕ ਅਸਮਾਨਤਾ ਵਧੀ ਹੈ ਅਤੇ ਕਈ ਵਿਸ਼ਲੇਸ਼ਣਕਾਰਾਂ ਅਨੁਸਾਰ ਇਹ ਉਨ੍ਹਾਂ ਦੇਸ਼ਾਂ ਵਿੱਚ ਅੱਤ ਦੀ ਹੱਦ ਤੱਕ ਪਹੁੰਚ ਗਈ ਹੈ ਜਿਹਨਾਂ ਵਿੱਚ ਕਾਰਪੋਰੇਟ ਆਰਥਿਕ ਮਾਡਲ ਅਪਣਾਇਆ ਗਿਆਂ। ਇਨ੍ਹਾਂ ਵਿੱਚ ਭਾਰਤ ਵੀ ਸ਼ਾਮਲ ਹੈ। ਅਕਸਰ ਲੋਕ ਇਸ ਕਰਕੇ ਅਸੰਤੁਸ਼ਟ ਨਹੀਂ ਹੁੰਦੇ ਕਿ ਉਹ ਗ਼ਰੀਬ ਹਨ, ਸਗੋਂ ਇਸ ਕਰਕੇ ਕਿ ਉਹ ਦੂਜਿਆਂ ਦੇ ਮੁਕਾਬਲੇ ਗ਼ਰੀਬ ਹਨ। ਇਸ ਖੋਜ ਪੱਤਰ ਵਿੱਚ ਇਹ ਵੀ ਸਾਹਮਣੇ ਲਿਆਂਦਾ ਗਿਆ ਹੈ ਕਿ ਅਗਾਂਹਵਧੂ ਰਾਜਸੀ ਪਾਰਟੀਆਂ ਅਤੇ ਖੱਬੇ-ਪੱਖੀ ਲੀਡਰਾਂ, ਜਿਹੜੇ ਇਹ ਦਾਅਵਾ ਕਰਦੇ ਹਨ ਕਿ ਉਹ ਸਮਾਨਤਾ ਵਾਲੇ ਸਮਾਜ ਦੇ ਹਾਮੀ ਹਨ, ਨੂੰ ਅਹੁਦਿਆਂ ਦੇ ਲਾਲਚਾਂ ਨਾਲ ਭਰਮਾਇਆ ਜਾ ਸਕਦਾ ਹੈ ਅਤੇ ਉਹ ਅਜਿਹੇ ਵਰਤਾਰੇ ਵਿੱਚ ਜ਼ਿਆਦਾ ਰੂੜੀਵਾਦੀ ਹੋ ਨਿਬੜਦੇ ਹਨ।

ਅਗਾਂਹਵਧੂ ਰਾਜਸੀ ਪਾਰਟੀਆਂ ਅਤੇ ਖੱਬੇ-ਪੱਖੀ ਲੀਡਰਾਂ ਦਾ ਆਪਣੇ ਪਿੱਛੇ ਚੱਲਣ ਵਾਲਿਆਂ ਦੀਆਂ ਆਸਾਂ ਉੱਤੇ ਪੂਰੇ ਨਾ ਉਤਰਨ ਦਾ ਇੱਕ ਲੰਬਾ ਇਤਿਹਾਸ ਹੈ। ਭਾਰਤ ਵਿੱਚ ਤੇਜ਼ ਆਰਥਿਕ ਵਿਕਾਸ ਵਿੱਚੋਂ ਉਪਜੀਆਂ ਸਮੱਸਿਆਵਾਂ ਵਿੱਚ ਇਕ ਅਹਿਮ ਸਮੱਸਿਆਂ ਗ਼ਰੀਬੀ ਹੈ। ਦੇਸ਼ ਵਿੱਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਨਫ਼ਰੀ ਘਟਾਉਣ ਲਈ ਵੱਖ-ਵੱਖ ਕਿਸਮਾਂ ਦੀਆਂ ਤਿਕੜਮਬਾਜ਼ੀਆਂ ਵਰਤੀਆਂ ਗਈਆਂ ਹਨ। ਇਸ ਸੰਬੰਧ ਵਿੱਚ ਭਾਰਤ ਦੇ ਯੋਜਨਾ ਕਮਿਸ਼ਨ, ਜਿਸਦਾ ਹੁਣ ਭੋਗ ਪੈ ਚੁੱਕਾ ਹੈ, ਨੇ ਜਿਹੜਾ ਮੰਤਰ ਵਰਤਿਆ ਸੀ ਉਸ ਅਨੁਸਾਰ ਸ਼ਹਿਰੀ ਇਲਾਕਿਆਂ ਵਿੱਚ 32 ਰੁਪਏ ਅਤੇ ਪੇਂਡੂ ਇਲਾਕਿਆਂ ਵਿੱਚ 26 ਰੁਪਏ ਪ੍ਰਤੀ ਜੀਅ ਰੋਜ਼ਾਨਾ ਖ਼ਰਚਣ ਵਾਲਿਆਂ ਨੂੰ ਗ਼ਰੀਬ ਨਹੀਂ ਮੰਨਿਆ ਗਿਆ ਹੈ। ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਕਾਮਿਆਂ ਲਈ ਇੰਨੀ ਰਾਸ਼ੀ ਨਾਲ ਸਿਰਫ਼ ਇੱਕ ਡੰਗ ਦਾ ਖਾਣਾ ਵੀ ਨਹੀਂ ਆ ਸਕਦਾ।

ਅਰਜਨ ਸੇਨਗੁਪਤਾ ਦੇ ਅਧਿਐਨ ਅਨੁਸਾਰ ਭਾਰਤ ਵਿੱਚ 77 ਫ਼ੀ ਸਦ ਲੋਕ ਸਿਰਫ਼ 20 ਰੁਪਏ ਤੱਕ ਰੋਜ਼ਾਨਾ ਖ਼ਰਚ ਕਰਨ ਦੇ ਸਮਰੱਥ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਅਰਥ ਵਿਗਿਆਨ ਪ੍ਰੋਫ਼ੈਸਰ ਉਤਨਾ ਪਟਨਾਇਕ ਦੇ ਖੋਜ ਅਧਿਐਨ ਅਨੁਸਾਰ ਸਰਕਾਰ ਨੇ ਦੇਸ਼ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਨੂੰ ਘੱਟ ਦਿਖਾਉਣ ਲਈ, ਗ਼ਰੀਬੀ ਰੇਖਾ ਦੇ 'ਕੈਲਰੀ' ਆਧਾਰ ਨੂੰ ਹੀ ਨੀਵਾਂ ਕਰ ਦਿੱਤਾ ਹੈ। ਇਸ ਅਧਿਐਨ ਅਨੁਸਾਰ ਜੇਕਰ ਪਿੰਡਾਂ ਵਿੱਚ 2000 ਕੈਲਰੀ ਅਤੇ ਸ਼ਹਿਰਾਂ ਵਿੱਚ 2100 ਕੈਲਰੀ ਪ੍ਰਤੀ ਜੀਅ, ਪ੍ਰਤੀ ਦਿਨ ਨਾਲ ਭਾਰਤ ਵਿੱਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਦੇਖੀ ਜਾਵੇ ਤਾਂ ਕੇਂਦਰ ਸਰਕਾਰ ਦੇ ਇੱਕ ਅਦਾਰੇ ਐੱਨ.ਐੱਸ.ਐੱਸ.ਓ. ਦੇ ਅੰਕੜਿਆਂ ਅਨੁਸਾਰ 2004-05 ਵਿੱਚ ਪਿੰਡਾਂ 'ਚ 69.5 ਫ਼ੀਸਦ ਅਤੇ ਸ਼ਹਿਰਾਂ 64.5 ਫ਼ੀਸਦ ਬਣਦੀ ਹੈ, ਜੋ 2009-10 ਦੌਰਾਨ ਵਧ ਕੇ ਕ੍ਰਮਵਾਰ75.5 ਫ਼ੀਸਦ ਅਤੇ 73 ਫ਼ੀਸਦ ਹੋ ਗਈ ਹੈ। ਆਈ.ਐਮ.ਐੱਫ. ਅਨੁਸਾਰ ਪਿਛਲੇ ਸਾਲਾਂ ਦੌਰਾਨ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।

ਦੇਸ਼ ਵਿੱਚ ਅਪਣਾਏ ਗਏ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਨੇ ਦੇਸ਼ ਦੀ ਚਾਦਰ (ਆਮ ਲੋਕ) ਦੀ ਗੋਟਾ-ਕਿਨਾਰੀ (ਅੱਤ ਦੇ ਅਮੀਰ ਲੋਕ) ਨੂੰ ਤਾਂ ਕੁਝ ਸਮੇਂ ਲਈ ਚਮਕਾਇਆ ਜ਼ਰੂਰ, ਪਰ ਇਸ ਮਾਡਲ ਦੇ ਅਪਨਾਉਣ ਵਿੱਚੋਂ ਉਪਜੇ ਅਸਾਂਵੇਪਣ ਨੇ ਵਿਚਾਰੀ ਚਾਦਰ ਵਿੱਚ ਵੱਡੇ-ਵੱਡੇ ਮਘੋਰੇ ਕਰ ਦਿੱਤੇ ਹਨ। ਕੇਂਦਰ ਸਰਕਾਰ ਵੱਲੋਂ 1970 ਤੋਂ ਬਾਅਦ ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਖੇਤਰ ਵਿਰੁੱਧ ਬਣਾਉਣ ਅਤੇ 1991 ਤੋਂ ਖੇਤੀਬਾੜੀ ਦੇ ਵਿਰੁੱਧ ਬਣਾਈਆਂ ਅਤੇ ਲਾਗੂ ਕੀਤੀਆਂ ਨੀਤੀਆਂ ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ। ਇਸ ਲੇਖ ਦੇ ਲੇਖਕ ਅਤੇ ਨਿਗਰਾਨੀ ਹੇਠਲੇ ਖੋਜਾਰਥੀਆਂ ਤੇ ਹੋਰ ਵਿਦਵਾਨਾਂ ਦੇ ਕੀਤੇ ਖੋਜ ਕਾਰਜਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਦੇਸ਼ ਦੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿੱਚ ਜਨਮ ਲੈਂਦੇ ਹਨ, ਔਖੇ ਦਿਨ ਕੱਟਦੇ ਹੋਏ ਅਗਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਮਰ ਜਾਂਦੇ ਹਨ, ਜਾਂ ਜਦੋਂ ਵੀ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁੱਕੀਆਂ, ਉਹ ਖ਼ੁਦਕੁਸ਼ੀਆਂ ਦੇ ਰਾਹ ਪੈਣ ਲੱਗੇ ਹਨ।

ਭਾਰਤ ਦੇ ਉਦਯੋਗਿਕ ਵਿਕਾਸ ਵਿੱਚ ਘਰੇਲੂ, ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਅਣਗੌਲਿਆਂ ਛੱਡਣ ਦੇ ਨਾਲ-ਨਾਲ ਸੇਵਾਵਾਂ ਦੇ ਖੇਤਰ ਵਿੱਚ ਵਿੱਦਿਆ ਤੇ ਸਿਹਤ-ਸੇਵਾਵਾਂ ਨੂੰ ਵੀ ਵੱਡੇ ਪੱਧਰ ਉੱਪਰ ਕਾਰਪੋਰੇਟ ਜਗਤ ਦੇ ਹਵਾਲੇ ਕਰ ਦਿੱਤਾ ਗਿਆ ਹੈ। ਨਤੀਜੇ ਵਜੋਂ ਇਨ੍ਹਾਂ ਸੇਵਾਵਾਂ ਤੱਕ ਪਹੁੰਚ ਸਿਰਫ਼ ਖ਼ੁਸ਼ਹਾਲ ਲੋਕਾਂ ਤੱਕ ਹੀ ਸੀਮਤ ਹੋ ਗਈ ਹੈ। ਆਮ ਲੋਕ ਮਿਆਰੀ ਵਿੱਦਿਆ ਤੇ ਸਿਹਤ-ਸੇਵਾਵਾਂ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਭਾਰਤ ਦੀ ਕੁੱਲ ਕਿਰਤ ਸ਼ਕਤੀ ਦਾ ਤਕਰੀਬਨ 93 ਫ਼ੀਸਦ ਹਿੱਸਾ ਗ਼ੈਰ-ਰਸਮੀ ਜਾਂ ਗ਼ੈਰ-ਜਥੇਬੰਦਕ ਖੇਤਰ ਵਿੱਚ ਕੰਮ ਕਰਨ ਲਈ ਮਜਬੂਰ ਹੈ ਜਿੱਥੇ ਉਹ ਵੱਖ-ਵੱਖ ਪੱਖਾਂ ਤੋਂ ਨਪੀੜਨ ਦਾ ਸ਼ਿਕਾਰ ਹੈ। ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਆਦਿ ਵਾਸੀਆਂ ਅਤੇ ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ, ਵਿੱਚੋਂ ਵੱਡੀ ਬਹੁਗਿਣਤੀ ਲੋਕਾਂ ਦੀ ਸਿੱਖਿਆ, ਸਿਹਤ ਸੇਵਾਵਾਂ, ਰੁਜ਼ਗਾਰ ਅਤੇ ਜ਼ਿੰਦਗੀ ਦੀਆਂ ਹੋਰ ਮੁਢਲੀਆਂ ਲੋੜਾਂ ਦੇ ਪੱਖ ਤੋਂ ਬਹੁਤ ਮਾੜੀ ਹਾਲਤ ਹੈ।

ਦੇਸ਼ ਦੀ ਤੇਜ਼ ਆਰਥਿਕ ਵਿਕਾਸ ਦਰ ਹਾਸਲ ਕਰਨ ਲਈ ਕੁਦਰਤੀ ਸਾਧਨਾਂ ਜਿਵੇਂ ਜੰਗਲਾਂ, ਪਹਾੜਾਂ, ਨਦੀਆਂ, ਹਵਾ, ਮਿੱਟੀ ਆਦਿ ਦਾ ਘਾਣ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ ਵਾਤਾਵਰਨ ਵਿੱਚ ਗੰਧਲਾਪਨ ਅਤੇ ਹਾਦਸਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸੰਬੰਧ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਅਤੇ ਹਿੱਤਾਂ ਨੂੰ ਵੀ ਧਿਆਨ ਵਿੱਚ ਨਹੀਂ ਰੱਖਿਆ ਜਾ ਰਿਹਾ ਹੈ। ਉਪਰੋਕਤ ਤੱਥਾਂ ਤੇ ਵਿਸ਼ਲੇਸ਼ਣ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਸਹਿਜ ਹੀ ਇਸ ਨਤੀਜੇ ਉੱਪਰ ਪਹੁੰਚਦੇ ਹਾਂ ਕਿ 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇਂ'। ਸੋ, ਭਾਰਤ ਨੂੰ 'ਸ਼ੇਰ' ਬਣਨ ਦੀ ਲੋੜ ਨਹੀਂ ਸਗੋਂ ਅਜਿਹਾ ਆਰਥਿਕ ਵਿਕਾਸ ਮਾਡਲ ਅਪਨਾਉਣ ਦੀ ਸਖ਼ਤ ਜ਼ਰੂਰਤ ਹੈ ਜਿਸ ਨਾਲ ਬਹੁਗਿਣਤੀ ਆਮ ਲੋਕਾਂ ਦੇ ਹਿੱਤ ਸੁਰੱਖਿਅਤ ਹੋ ਸਕਣ ਅਤੇ ਉਹ ਵੀ ਭਾਰਤ ਦੇ ਵਾਸੀ ਹੋਣ ਦਾ ਮਾਣ ਕਰਨ।

***ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਕੈਪਟਨ ਤੇ ਸਿੱਖਸ ਫਾਰ ਜਸਟਿਸ ਸੰਗਠਨ ਵਿਚਾਲੇ ਟਕਰਾਅ ਦੇ ਆਸਾਰ

### 10 ਤੋਂ 11 ਫਰਵਰੀ ਨੂੰ ਕੈਪਟਨ ਦਾ ਅਮਰੀਕਾ ਪੁੱਜਣ ਦਾ ਪ੍ਰੋਗਰਾਮ

**ਜਲੰਧਰ/ਬਲਵਿੰਦਰ ਪਾਲ ਸਿੰਘ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਮਰੀਕਾ ਵਿਚਲੇ ਸਿੱਖਸ ਫਾਰ ਜਸਟਿਸ (ਐੱਸ. ਐੱਫ. ਜੇ.) ਨਾਮੀ ਕੱਟੜਪੰਥੀ ਸੰਗਠਨ ਵਿਚਾਲੇ ਟਕਰਾਅ ਹੋਰ ਵਧਣ ਦੇ ਆਸਾਰ ਦਿਖਾਈ ਦੇ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਅਗਲੇ ਮਹੀਨੇ 10 ਤੋਂ 11 ਫਰਵਰੀ ਨੂੰ ਅਮਰੀਕਾ ਸਥਿਤ ਹਾਰਵਰਡ ਯੂਨੀਵਰਸਿਟੀ ਵਿਚ 15ਵੀਂ ਹਾਰਵਰਡ ਕਾਨਫਰੰਸ ਨੂੰ ਸੰਬੋਧਨ ਕਰਨਗੇ।

ਦੂਸਰੇ ਪਾਸੇ ਐੱਸ. ਐੱਫ. ਜੇ. ਨੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਦੌਰੇ ਦੇ ਵਿਰੋਧ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਨਾਲ ਹੀ ਯੂਨੀਵਰਸਿਟੀ ਵਿਚ ਕੈਪਟਨ ਦੇ ਖਿਲਾਫ ਲੈਟਰ ਰਾਈਟਿੰਗ ਕੈਂਪੇਨ ਸ਼ੁਰੂ ਕਰ ਦਿੱਤੀ ਹੈ। ਅਜਿਹੀ ਸਥਿਤੀ ਵਿਚ ਕੈਪਟਨ ਦੀ ਹਾਰਵਰਡ ਕਾਨਫਰੰਸ ਵਿਚ ਰੁਕਾਵਟ ਪੈ ਸਕਦੀ ਹੈ। ਸਾਲਾਨਾ ਭਾਰਤੀ ਕਾਨਫਰੰਸ ਨੂੰ ਕੈਪਟਨ ਤੋਂ ਇਲਾਵਾ ਸੁਰੇਸ਼ ਪ੍ਰਭੂ, ਬਾਲੀਵੁੱਡ ਸੁਪਰਸਟਾਰ ਕਮਲ ਹਸਨ ਵੀ ਸੰਬੋਧਨ ਕਰਨਗੇ। ਕਾਨਫਰੰਸ ਵਿਚ ਵਪਾਰ ਜਗਤ ਦੇ ਨੇਤਾਵਾਂ, ਮਨੋਰੰਜਨ ਪੇਸ਼ੇਵਾਰਾਂ, ਸਰਕਾਰੀ ਅਧਿਕਾਰੀਆਂ ਅਤੇ ਹੋਰ ਕਈ ਨੇਤਾਵਾਂ ਨੂੰ ਇਕੱਠਿਆਂ ਆਪਣੇ ਵਿਚਾਰ ਸਾਂਝੇ ਕਰਨ ਲਈ ਬੁਲਾਇਆ ਗਿਆ।

ਐੱਸ. ਐੱਫ. ਜੇ. ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਦੱਸਿਆ ਹੈ ਕਿ 10 ਅਤੇ 11 ਫਰਵਰੀ ਨੂੰ ਹਾਰਵਰਡ ਯੂਨੀਵਰਸਿਟੀ ਵਿਚ ਹਿੱਸਾ ਲੈਣ ਆ ਰਹੇ ਕੈਪਟਨ ਦਾ ਐੱਸ. ਐੱਫ. ਜੇ. ਵਲੋਂ ਭਾਰੀ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਪੰਜਾਬ ਵਿਚ ਸਿੱਖਾਂ 'ਤੇ ਝੂਠੇ ਕੇਸ ਪਾ ਰਹੀ ।

## ਅਨੰਦ ਮੈਰਿਜ ਐਕਟ ਸਰਕਾਰੀ ਫਾਇਲਾਂ ਦੇ ਹੇਠ ਦੱਬਿਆ

### *ਐਕਟ 2016 ਤੋਂ ਲਾਗੂ, ਪਰ ਵਿਆਹ ਰਜਿਸਟਰ ਨਹੀਂ ਕੀਤੇ ਗਏ*

**ਚੰਡੀਗੜ੍ਹ/ਬਿਊਰੋ ਨਿਊਜ਼:** ਅਨੰਦ ਮੈਰਿਜ ਐਕਟ ਸਰਕਾਰੀ ਫਾਈਲਾਂ ਦੇ ਢੇਰ ਹੇਠ ਦੱਬ ਗਿਆ ਹੈ। ਇਸ ਐਕਟ ਦੀ ਹਾਲਤ ਪੰਜਾਬ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ। ਇਹ ਐਕਟ ਅਪ੍ਰੈਲ 2016 ਤੋਂ ਲਾਗੂ ਹੈ, ਪਰ ਤਦ ਤੋਂ ਹੁਣ ਤਕ ਇਕ ਵੀ ਵਿਆਹ ਇਸ ਐਕਟ ਅਧੀਨ ਰਜਿਸਟਰਡ ਨਹੀਂ ਕੀਤੇ ਗਏ। ਰੂਟੀਨ ਦੇ ਪੱਤਰ ਵਿਹਾਰ ਵਿੱਚ ਵੀ ਸੂਬੇ ਦੀਆਂ 89 ਤਹਿਸੀਲਾਂ ਚੋਂ ਸਿਰਫ਼ 7 ਤਹਿਸੀਲਾਂ ਨੇ ਸਰਕਾਰ ਨੂੰ ਰਿਪੋਰਟ ਦਿੱਤੀ ਹੈ, ਪਰ ਇਸ ਰਿਪੋਰਟ ਵਿੱਚ ਵੀ ਕੋਈ ਵੀ ਵਿਆਹ ਅਨੰਦ ਮੈਰਿਜ ਐਕਟ ਤਹਿਤ ਰਜਿਸਟਰ ਨਹੀਂ ਹੋਇਆ। ਜਦਕਿ ਬਾਕੀ ਦੀਆਂ 7 ਤਹਿਸੀਲਾਂ ਵਿੱਚ 1675 ਵਿਆਹ ਇਸ ਐਕਟ ਅਧੀਨ ਰਜਿਸਟਰਡ ਕੀਤੇ ਗਏ ਹਨ, ਪਰ ਜਿਆਦਾਤਰ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਹੀ ਰਜਿਸਟਰਡ ਕੀਤੇ ਗਏ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਹਰੇਕ ਡਿਪਟੀ ਕਮਿਸ਼ਨਰਾਂ ਨੂੰ ਇਸ ਬਾਰੇ 31 ਜੁਲਾਈ ਤਕ ਰਿਪੋਰਟ ਦੇਣ ਦੀ ਹਿਦਾਇਤ ਦਿੱਤੀ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਅਨੁਸਾਰ, ਕੈਪਟਨ ਸਰਕਾਰ ਨੇ ਹੁਣ ਤੱਕ ਇਸ ਐਕਟ ਨੂੰ ਲੈ ਕੇ ਸਿਰਫ਼ ਦੋ ਹੀ ਪੱਤਰ ਜਾਰੀ ਕੀਤੇ ਹਨ। ਪਹਿਲਾ ਪੱਤਰ ਅਪ੍ਰੈਲ, 2016 ਨੂੰ ਜਾਰੀ ਕੀਤਾ ਗਿਆ ਸੀ, ਜਿਸ ਵਿਚ ਰਾਜ ਦੇ ਹਰ ਇਕ ਡਿਪਟੀ ਕਮਿਸ਼ਨਰਾਂ ਪਾਸੋਂ ਇਸ ਐਕਟ ਤਹਿਤ ਰਜਿਸਟਰ ਹੋਣ ਵਾਲੇ ਵਿਆਹਾਂ ਦੀ ਰਿਪੋਰਟ ਮੰਗੀ ਗਈ ਸੀ। ਜਦਕਿ ਦੂਜੇ ਪੱਤਰ ਵਿਚ ਕੰਪਿਊਟਰਾਂ ਵਿਚ ਅਨੰਦ ਮੈਰਿਜ ਐਕਟ ਵਾਲੀ ਐਪਲੀਕੇਸ਼ਨ ਡਾਊਨਲੋਡ ਕਰਨ ਲਈ ਕਿਹਾ ਗਿਆ ਸੀ।

ਜਿਕਰਯੋਗ ਹੈ ਕਿ ਵਿਆਹ ਦੀ ਆਨ-ਲਾਈਨ ਰਜਿਸਟਰੇਸ਼ਨ ਸਮੇਂ ਅਨੰਦ ਮੈਰਿਜ ਐਕਟ ਦਾ ਕਾਲਮ ਹੀ ਨਹੀਂ ਆਉਂਦਾ, ਜਿਸ ਕਰਕੇ ਸਿੱਖ ਰੀਤੀ ਰਿਵਾਜਾਂ ਅਨੁਸਾਰ ਹੋਣ ਵਾਲੇ ਵਿਆਹ ਵੀ ਹਿੰਦੂ ਮੈਰਿਜ ਐਕਟ ਤਹਿਤ ਹੀ ਰਜਿਸਟਰਡ ਕੀਤੇ ਜਾਂਦੇ ਹਨ। ਇਸ ਲਈ ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋ 13 ਅਕਤੂਬਰ, 2017 ਨੂੰ ਇਕ ਪੱਤਰ ਜਾਰੀ ਕਰਕੇ ਨਵੀਂ ਐਪਲੀਕੇਸ਼ਨ ਕੰਪਿਊਟਰ ਵਿਚ ਡਾਊਨਲੋਡ ਕਰਨ ਲਈ ਕਿਹਾ ਸੀ। ਪਰ ਸੂਤਰਾਂ ਅਨੁਸਾਰ, ਕਿਸੇ ਰਜਿਸਟਰਾਰ ਦਫ਼ਤਰ ਨੇ ਇਸ ਐਪਲੀਕੇਸ਼ਨ ਨੂੰ ਡਾਊਨਲੋਡ ਨਹੀਂ ਕੀਤਾ। ਸਿਰਫ਼ 7 ਤਹਿਸੀਲਾਂ ਜਿਨ੍ਹਾਂ ਵਿੱਚ ਐੱਸ.ਬੀ.ਐੱਸ ਨਗਰ ਜਿਲ੍ਹੇ ਦੀਆਂ 3 ਤਹਿਸੀਲਾਂ ਨਵਾਂ ਸ਼ਹਿਰ, ਬਲਾਚੌਰ, ਬੰਗਾ ਅਤੇ ਜਿਲ੍ਹਾ ਹੁਸ਼ਿਆਰਪੁਰ ਦੀਆਂ ਚਾਰ ਤਹਿਸੀਲਾਂ ਹੁਸ਼ਿਆਰਪੁਰ, ਦਸੂਹਾ, ਗੜ੍ਹਸ਼ੰਕਰ ਅਤੇ ਮੁਕੇਰੀਆਂ ਨੇ ਹੀ ਰਿਪੋਰਟਾਂ ਭੇਜੀਆਂ ਹਨ। 843 ਵਿਆਹ ਨਵਾਂ ਸ਼ਹਿਰ ਵਿੱਚ, 289 ਬਲਾਚੌਰ ਅਤੇ 543 ਬੰਗਾ ਵਿਚ ਰਜਿਸਟਰਡ ਕੀਤੇ ਗਏ ਹਨ, ਜੋ ਹਿੰਦੂ ਮੈਰਿਜ ਐਕਟ ਤਹਿਤ ਰਜਿਸਟਰਡ ਕੀਤੇ ਗਏ ਹਨ, ਪਰ ਹੁਸ਼ਿਆਰਪੁਰ ਵਿੱਚ ਕੋਈ ਵਿਆਹ ਰਜਿਸਟਰਡ ਨਹੀਂ ਕੀਤਾ ਗਿਆ। ਖੁਦ ਸਰਕਾਰ ਨੇ ਵੀ ਹੁਣ ਤਕ ਇਸ ਬਾਰੇ ਕੋਈ ਦਿਲਚਸਪੀ ਨਹੀਂ ਦਿਖਾਈ। ਇਸ ਕਾਰਨ ਨਵੇਂ ਵਿਆਹੇ ਸਿੱਖ ਜੋੜੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ, ਜਿਸ ਵਿਚ ਵੀਜ਼ਾ ਅਤੇ ਵਿਦੇਸ਼ ਵਿਚ ਸਹੂਲਤਾਂ ਦਾ ਮੁੱਦਾ ਸ਼ਾਮਿਲ ਹੈ।

# ਰਸਾਇਣਾਂ ਨਾਲ ਜ਼ਹਿਰੀਲੀ ਹੁੰਦੀ ਜਾ ਰਹੀ ਹੈ ਪੰਜਾਬ ਦੀ ਜ਼ਮੀਨ

**ਕਿਸਾਨਾਂ ਦੀ ਕਰਮ ਭੂਮੀ ਰਿਹਾ ਪੰਜਾਬ ਅੱਜ ਉਨ੍ਹਾਂ ਲਈ ਮਰਨ ਭੂਮੀ ਬਣ ਚੁੱਕਾ ਹੈ। ਇਸ ਦਾ ਕਾਰਨ ਖੇਤੀਬਾੜੀ ਧੰਦਾ ਲਾਹਵੰਦ ਨਹੀਂ ਰਿਹਾ ਤੇ ਹਰੀ ਕ੍ਰਾਂਤੀ ਤਹਿਤ ਕੀੜੇਮਾਰ ਦਵਾਈਆਂ ਕਾਰਨ ਖੇਤੀਬਾੜੀ ਦਾ ਉਜਾੜਾ ਹੋ ਰਿਹਾ ਹੈ, ਧਰਤੀ ਬੰਜਰ ਹੋ ਰਹੀ ਹੈ ਅਤੇ ਕਿਸਾਨ ਆਤਮ-ਹੱਤਿਆ ਦੇ ਰਾਹੇ ਪੈ ਰਹੇ ਹਨ। ਕੀੜੇਮਾਰ ਦਵਾਈਆਂ ਦਾ ਪਹਿਲਾ ਸ਼ਿਕਾਰ ਗਰਭਵਤੀ ਔਰਤਾਂ, ਗਰਭ 'ਚ ਪਲ ਰਹੇ ਭਰੂਣ ਤੇ ਬੱਚੇ ਹੁੰਦੇ ਹਨ। ਇਸ ਦੇ ਮਾੜੇ ਅਸਰ ਕਾਰਨ ਬੱਚੇ ਅੰਗਹੀਣ ਤੇ ਮੰਦਬੁੱਧੀ ਪੈਦਾ ਹੋ ਰਹੇ ਹਨ। ਕੀੜੇਮਾਰ ਦਵਾਈਆਂ ਕਾਰਨ ਮਾਂ ਦਾ ਦੁੱਧ ਵੀ ਜ਼ਹਿਰੀਲਾ ਹੋ ਗਿਆ ਹੈ। ਬੀਤੇ 50 ਵਰ੍ਹਿਆਂ ਵਿੱਚ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨਾਲ ਪੰਜਾਬੀਆਂ ਵਿੱਚ ਸ਼ੁਕਰਾਣੂਆਂ ਦੀ ਗਿਣਤੀ ਵਿੱਚ 50 ਫ਼ੀਸਦੀ ਤੋਂ ਵੱਧ ਦੀ ਘਾਟ ਆਈ ਹੈ। ਪੰਜਾਬ ਵਿਚ ਬੇਔਲਾਦਪਨ ਦੇ ਇਲਾਜ ਸੰਬੰਧੀ ਖੁੱਲ੍ਹ ਰਹੇ ਹਸਪਤਾਲ ਇਸ ਗੱਲ ਦੇ ਗਵਾਹ ਹਨ ਕਿ ਪੰਜਾਬੀਆਂ ਵਿਚ ਇਨ੍ਹਾਂ ਜ਼ਹਿਰਾਂ ਕਾਰਨ ਸ਼ੁਕਰਾਣੂਆਂ ਦੀ ਗੁਣਵੱਤਾ ਵੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਈ ਹੈ ਤੇ ਪੰਜਾਬਣਾਂ ਬਾਂਝਪਣ ਤੇ ਗਰਭਪਾਤ ਦਾ ਸ਼ਿਕਾਰ ਹੋ ਰਹੀਆਂ ਹਨ।**




**ਪੰਜਾਬ ਦੀ ਕੈਂਸਰ ਬੈਲਟ**

ਪੰਜਾਬ ਦੇ ਮਾਲਵਾ ਜੋਨ ਜਿਸ ਵਿਚ ਤਕਰੀਬਨ ਅੱਠ ਜ਼ਿਲੇ ਆਉਂਦੇ ਨ, ਉਸ ਨੂੰ 'ਕੈਂਸਰ ਬੈਲਟ' ਕਿਹਾ ਜਾਂਦਾ ਹੈ। ਇੱਥੋਂ ਦੇ ਵਸਨੀਕ ਬਹੁਗਿਣਤੀ ਵਿਚ ਕੈਂਸਰ, ਕਿਡਨੀ ਤੇ ਸ਼ੂਗਰ ਦੀਆਂ ਭਿਅੰਕਰ ਬਿਮਾਰੀਆਂ ਨਾਲ ਪੀੜਤ ਹਨ। ਇੱਥੋਂ ਦੇ ਹਰੇਕ ਘਰ ਵਿੱਚ ਤੁਹਾਨੂੰ ਕੈਂਸਰ ਦਾ ਮਰੀਜ਼ ਮਿਲ ਜਾਵੇਗਾ। ਜਦੋਂ ਬਾਦਲ ਸਰਕਾਰ ਨੇ ਆਪਣੇ ਰਾਜ ਕਾਲ ਦੌਰਾਨ ਇੱਥੇ ਦੀ ਜ਼ਮੀਨ ਤੇ ਪਾਣੀ ਦੀ ਜਾਂਚ ਕਰਵਾਈ ਤਾਂ ਜਿਹੜੇ ਨਤੀਜੇ ਸਾਹਮਣੇ ਆਏ, ਤਾਂ ਬਹੁਤ ਹੀ ਖਤਰਨਾਕ ਸਨ। ਇੱਥੋਂ ਦੇ ਪਾਣੀ ਵਿੱਚ ਰੇਡੀਓ ਐਕਟਿਵ ਤੱਤ ਪਾਏ ਗਏ। ਇਸ ਦੇ ਨਾਲ ਹੀ ਪਾਣੀ ਤੇ ਜ਼ਮੀਨ ਵਿੱਚ ਮਿਲੇ ਜ਼ਹਿਰੀਲੇ ਪਦਾਰਥਾਂ ਦੀ ਗਿਣਤੀ ਮੰਨੀ ਜੋ ਮਾਪਦੰਡ ਤੋਂ ਕਈ ਗੁਣਾ ਜ਼ਿਆਦਾ ਮਿਲੀ। ਇਸ ਦਾ ਕਾਰਨ ਹਰੀ ਕ੍ਰਾਂਤੀ ਤਹਿਤ ਰਸਾਇਣਿਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਹੈ। ਪਰ ਕਿਸੇ ਸਰਕਾਰੀ ਵਿਭਾਗ ਨੇ ਕਿਸਾਨਾਂ ਨੂੰ ਇਸ ਬਾਰੇ ਸਹੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ। ਇਸ ਦੇ ਫਲਸਰੂਪ, ਕਿਸਾਨਾਂ ਨੇ ਉਸ ਦੀ ਵੱਧ ਤੋਂ ਵੱਧ ਤੇ ਲੋੜ ਤੋਂ ਵੱਧ ਵਰਤੋਂ ਕੀਤੀ। ਸਮੇਂ ਦੇ ਨਾਲ ਇਹ ਜ਼ਹਿਰ ਇੱਥੋਂ ਦੇ ਪਾਣੀ ਅਤੇ ਜ਼ਮੀਨ ਵਿੱਚ ਘੁੱਲ ਗਿਆ। ਪਿਛਲੀ ਸਰਕਾਰ ਬਾਦਲ ਸਰਕਾਰ ਨੇ ਉਸ ਸਮੇਂ ਦੌਰਾਨ ਕਈ ਪਿੰਡਾਂ ਵਿੱਚ ਸ਼ੁੱਧ ਪਾਣੀ ਲਈ ਪਲਾਂਟ ਲਗਾਏ ਹਨ, ਜਿਸ ਨਾਲ ਹਰੇਕ ਆਦਮੀ ਨੂੰ ਦਿਨ ਵਿੱਚ 4 ਰੁਪਏ ਵਿੱਚ 5 ਲੀਟਰ ਪਾਣੀ ਪੀਣ ਲਈ ਮਿਲਦਾ ਰਿਹਾ ਸੀ, ਪਰ ਕੀ ਉਹ ਕਾਫੀ ਸੀ ? ਹਕੀਕਤ ਵਿੱਚ ਸਰਕਾਰ ਨੂੰ ਇਸ ਗੱਲ 'ਤੇ ਵੱਡੇ ਕਦਮ ਚੁੱਕਣ ਦੀ ਜ਼ਰੂਰਤ ਸੀ।

## ਸਬਜ਼ੀਆਂ 'ਚ ਜ਼ਹਿਰ

ਇਨ੍ਹੀਂ ਦਿਨੀਂ ਬਾਜ਼ਾਰ ਵਿੱਚ ਮਿਲ ਰਹੀ ਚਮਚਮਾਉਂਦੀ ਭਿੰਡੀ ਤੇ ਬੈਂਗਣ ਦੇਖਣ ਵਿੱਚ ਤਾਂ ਬੇਹੱਦ ਦਿਲਖਿੱਚਵੀਂਆਂ ਹਨ, ਪਰ ਖਾਣੇ ਵਿੱਚ ਮਨੁੱਖੀ ਸਰੀਰ ਦੇ ਲਈ ਖਤਰਨਾਕ ਹਨ! ਬੈਂਗਣ ਨੂੰ ਚਮਕਦਾਰ ਬਣਾਉਣ ਲਈ ਉਸ ਨੂੰ ਫੋਲਿਡਜ਼ ਨਾਂ ਦੇ ਰਸਾਇਣ ਵਿੱਚ ਡੁਬੋਇਆ ਜਾਂਦਾ ਹੈ। ਇਸੇ ਤਰ੍ਹਾਂ ਭਿੰਡੀ ਨੂੰ ਛੇਕ ਕਰਨ ਵਾਲੇ ਕੀੜਿਆਂ ਤੋਂ ਬਚਾਉਣ ਲਈ ਇੱਕ ਜ਼ਹਿਰੀਲੀ ਦਵਾਈ ਵਰਤੀ ਜਾਂਦੀ ਹੈ। ਅਜਿਹੇ ਕੀੜੇਮਾਰ ਦਵਾਈਆਂ ਵਾਲੀਆਂ ਸਬਜ਼ੀਆਂ ਨੂੰ ਲਗਾਤਾਰ ਖਾਣ ਨਾਲ ਭੋਜਨ ਨਾਲੀ ਦਾ ਨੁਕਸਾਨ ਹੋ ਜਾਂਦਾ ਹੈ।

## ਆਰਗੈਨਿਕ ਖੇਤੀ 'ਚ ਰੁਕਾਵਟਾਂ

ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਦੇ ਤੁਰੰਤ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਦੇਸ ਦੇ ਕਿਸਾਨਾਂ ਨੂੰ ਆਰਗੈਨਿਕ ਖੇਤੀ ਅਪਨਾਉਣ ਦੀ ਅਪੀਲ ਕੀਤੀ ਸੀ। ਇਸੇ ਕ੍ਰਮ ਵਿੱਚ ਪਿਛਲੇ ਸਾਲ ਜਨਵਰੀ ਵਿੱਚ ਸਿੱਕਮ ਨੂੰ ਪਹਿਲਾ ਪੂਰਾ ਆਰਗੈਨਿਕ ਸੂਬਾ ਐਲਾਨਿਆ ਸੀ। ਪ੍ਰਧਾਨ ਮੰਤਰੀ ਦੇ ਇਸ ਸੱਦੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਖੇਤੀ ਮੰਤਰੀ ਨੇ 'ਨੈਸ਼ਨਲ ਟਾਸਕ ਫੋਰਸ ਫਾਰ ਆਰਗੈਨਿਕ ਫਾਰਮਿੰਗ' ਦਾ ਗਠਨ ਕੀਤਾ ਸੀ। ਇਸ ਵਿੱਚ ਖੇਤੀ ਮਾਹਿਰਾਂ, ਨੌਕਰਸ਼ਾਹਾਂ ਤੇ ਅਰਥ ਸ਼ਾਸਤਰੀਆਂ ਦੇ ਨਾਲ ਆਰਗੈਨਿਕ ਖੇਤੀ ਨਾਲ ਪ੍ਰਤੱਖ ਤੌਰ 'ਤੇ ਜੁੜੇ। ਸਾਮਾਜਿਕ ਕਾਰਕੁੰਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਇਸ ਟਾਸਕ ਫੋਰਸ ਨੇ ਮਈ 2015 ਵਿੱਚ ਸਰਕਾਰ ਨੂੰ ਆਪਣੀ ਵਿਸਥਾਰ ਨਾਲ ਰਿਪੋਰਟ ਸੌਂਪ ਵੀ ਦਿੱਤੀ ਸੀ। ਸੂਤਰਾਂ ਅਨੁਸਾਰ, ਖੇਤੀ ਮੰਤਰਾਲੇ ਦੇ ਨੌਕਰਸ਼ਾਹ ਇਸ 'ਤੇ ਕੁੰਡਲੀ ਮਾਰ ਕੇ ਬੈਠੇ ਹਨ।

## ਭਾਰਤ 'ਚ ਖਤਰਨਾਕ ਪ੍ਰਭਾਵ

ਕੁਝ ਚਿਰ ਪਹਿਲਾਂ ਮਹਾਰਾਸ਼ਟਰ ਦੇ ਯਵਤਮਾਲ ਜ਼ਿਲ੍ਹੇ ਵਿੱਚ ਕੀੜੇਮਾਰ ਦਵਾਈ ਦੀ ਲਪੇਟ ਵਿੱਚ ਆ ਕੇ 18 ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਮੌਤ ਹੋ ਗਈ। ਬੀਤੇ ਵੀਹ ਦਿਨਾਂ ਦੌਰਾਨ ਕੋਈ ਪੰਜ ਸੌ ਕਿਸਾਨ ਤੇ ਮਜ਼ਦੂਰ ਹਸਪਤਾਲ 'ਚ ਦਾਖ਼ਲ ਹੋਏ। ਅਸਲ ਵਿੱਚ, ਇਸ ਇਲਾਕੇ ਵਿੱਚ ਕਪਾਹ ਦੀ ਖੇਤੀ ਹੁੰਦੀ ਹੈ। ਇਸ ਵਾਰ ਕਪਾਹ ਵਿੱਚ ਗੁਲਾਬੀ ਕੀੜੇ ਆ ਗਏ ਹਨ। ਮਜਬੂਰੀਵੱਸ ਕਿਸਾਨਾਂ ਨੇ ਪ੍ਰੋਫੇਨੋਫਾਸ ਜਿਹੀਆਂ ਜ਼ਹਿਰੀਲੀਆਂ ਕੀੜੇਮਾਰ ਦਵਾਈਆਂ ਦਾ ਛਿੜਕਾਓ ਕੀਤਾ। ਛਿੜਕਾਓ ਲਈ ਉਨ੍ਹਾਂ ਨੇ ਚੀਨ ਵਿੱਚ ਬਣੇ ਅਜਿਹੇ ਪੰਪ ਦੀ ਵਰਤੋਂ ਕੀਤੀ, ਜਿਸ ਦੀ ਕੀਮਤ ਘੱਟ ਸੀ ਤੇ ਗਤੀ ਵੱਧ। ਕਿਸਾਨ ਨੰਗੇ ਸਰੀਰ ਖੇਤ 'ਚ ਕੰਮ ਕਰਦੇ ਰਹੇ, ਜਿਸ ਕਾਰਨ ਦਵਾਈ ਦਾ ਜ਼ਹਿਰ ਕਿਸਾਨਾਂ ਦੇ ਸਰੀਰ ਵਿੱਚ ਸਮਾ ਗਿਆ। ਕਈਆਂ ਦੀਆਂ ਅੱਖਾਂ ਖ਼ਰਾਬ ਹੋ ਗਈਆਂ ਤੇ ਕਈ ਚਮੜੀ ਰੋਗ ਦੇ ਸ਼ਿਕਾਰ ਹੋ ਗਏ। 1950 ਵਿੱਚ ਜ਼ਹਿਰੀਲੀ ਦਵਾਈਆਂ ਦੀ ਖਪਤ 2000 ਟਨ ਸੀ, ਅੱਜ ਕੋਈ 90 ਹਜ਼ਾਰ ਟਨ ਜ਼ਹਿਰੀਲੀ ਦਵਾਈਆਂ ਦੇਸ ਦੇ ਵਾਤਾਵਰਨ ਵਿੱਚ ਘੁਲ ਚੁੱਕੀਆਂ ਹਨ। 1960-61 ਵਿੱਚ ਸਿਰਫ਼ 6.4 ਲੱਖ ਹੈਕਟੇਅਰ ਖੇਤ ਵਿੱਚ ਕੀੜੇਮਾਰ ਦਵਾਈਆਂ ਦਾ ਛਿੜਕਾਅ ਹੁੰਦਾ ਸੀ। 1988-89 ਵਿੱਚ ਇਹ ਰਕਬਾ ਵਧ ਕੇ ਅੱਸੀ ਲੱਖ ਹੋ ਗਿਆ ਅਤੇ ਅੱਜ ਇਸ ਦੇ ਕੋਈ ਡੇਢ ਕਰੋੜ ਹੈਕਟੇਅਰ ਹੋਣ ਦੀ ਸੰਭਾਵਨਾ ਹੈ। ਇਹ ਕੀੜੇਮਾਰ ਦਵਾਈਆਂ ਪਾਣੀ, ਮਿੱਟੀ, ਹਵਾ, ਲੋਕਾਂ ਦੀ ਸਿਹਤ ਤੇ ਧਰਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਕਈ ਕੀੜਿਆਂ ਦੀ ਸਮਰੱਥਾ ਵੱਧ ਗਈ ਹੈ ਤੇ ਉਹ ਦਵਾਈਆਂ ਨੂੰ ਹਜ਼ਮ ਕਰ ਰਹੇ ਹਨ।

ਕਰਨਾਟਕ ਦੇ ਝੋਨੇ ਦੇ ਖੇਤਾਂ ਵਿੱਚ ਪੈਰਾਥੀਆ ਤੇ ਐਲਡਰਿਨ ਦਾ ਬੇਤਹਾਸ਼ਾ ਇਸਤੇਮਾਲ ਜਾਰੀ ਹੈ। ਇਸ ਕਾਰਨ ਲਕਵੇਂ ਤੋਂ ਵੀ ਗੰਭੀਰ ਬਿਮਾਰੀ ਕਰਨਾਟਕਾਂ ਦੇ ਹਜ਼ਾਰ ਤੋਂ ਵੱਧ ਪਿੰਡਾਂ ਵਿੱਚ ਫੈਲ ਚੁੱਕੀ ਹੈ।

**ਮੰਦਰ ਸਿੰਘ ਦੀ ਪਤਨੀ ਅਮਰਜੀਤ ਕੌਰ ਜਿਹੜੀ ਕੈਂਸਰ ਦੀ ਅਰੀਜ਼ ਹੈ, ਉਹ ਤੇ ਉਸਦੇ ਨੇ ਪਤੀ ਰਾਜਸਥਾਨ ਵਲ ਜਾਂਦੀ ਰੇਲ ਗੱਡੀ ਨੰਬਰ 339, ਜਿਹਦਾ ਨਾਂਅ ਹੀ ਕੈਂਸਰ ਟਰੇਨ ਪੈ ਚੁਕਾ ਹੈ, ਉੱਤੇ ਯਕੀਨੀ ਚੜ੍ਹ ਸਕਣ ਲਈ ਇਸ ਤਰ੍ਹਾਂ ਸਕੀਮ ਬਣਾਈ ਹੋਈ ਹੈ। ਜਿਉਂ ਹੀ ਰੇਲ ਗੱਡੀ ਬਠਿੰਡਾ ਸਟੇਸ਼ਨ ਉੱਤੇ ਰੁਕਦੀ ਹੈ, ਅਮਰਜੀਤ ਸੀਟ ਉੱਤੇ ਕਬਜ਼ਾ ਜਮਾਉਣ ਲਈ ਦੌੜਦੀ ਹੈ ਤੇ ਮੰਦਰ ਸਿੰਘ ਇੰਨੇ ਚਿਰ 'ਚ ਟਿਕਟਾਂ ਖਰੀਦਣ ਵਾਲੀ ਖਿੜਕੀ ਵਲ ਭੱਜਦਾ ਹੈ। ਬਹੁਤੇ ਮੁਸਾਫ਼ਰਾਂ ਲਈ ਗੱਡੀ ਨੰਬਰ 339 ਆਸ ਦੀ ਕਿਰਨ ਹੈ।**



## ਗਰੀਨ ਪੀਸ ਦੀ ਰਿਪੋਰਟ

ਗਰੀਨ ਪੀਸ ਇੰਡੀਆ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਕੀੜੇਮਾਰ ਦਵਾਈ ਬੱਚਿਆਂ ਦੇ ਦਿਮਾਗ਼ ਨੂੰ ਘੁਣ ਦੀ ਤਰ੍ਹਾਂ ਖੋਖਲਾ ਕਰ ਰਹੀ ਹੈ। ਸੰਸਥਾ ਨੇ ਬੱਚਿਆਂ ਦੇ ਮਾਨਸਿਕ ਵਿਕਾਸ 'ਤੇ ਕੀੜੇਮਾਰ ਦਵਾਈਆਂ ਦੇ ਅਸਰ ਦਾ ਅਧਿਐਨ ਕਰਨ ਲਈ ਦੇਸ ਦੇ ਛੇ ਵੱਖ-ਵੱਖ ਸੂਬਿਆਂ ਦੇ ਜ਼ਿਲ੍ਹਿਆਂ ਵਿੱਚ ਸੋਧ ਕੀਤੀ। ਇਹ ਜ਼ਿਲ੍ਹੇ ਸਨ-ਬਠਿੰਡਾ (ਪੰਜਾਬ), ਭਰੂਚ (ਗੁਜਰਾਤ), ਰਾਏਚੂਰ (ਕਰਨਾਟਕ), ਯਵਤਮਾਲ (ਮਹਾਰਾਸ਼ਟਰ), ਥੇਨੀ (ਤਾਮਿਲਨਾਡੂ) ਅਤੇ ਵਾਰੰਗਲ (ਆਂਧਰਾ ਪ੍ਰਦੇਸ਼)। ਰਿਪੋਰਟ ਮੁਤਾਬਕ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ, ਗੈਰ-ਵਿਗਿਆਨਕ ਤੇ ਅਸੁਰੱਖਿਅਤ ਵਰਤੋਂ ਦੇ ਕਾਰਨ ਭੋਜਨ ਤੇ ਪਾਣੀ ਵਿੱਚ ਰਸਾਇਣਕ ਜ਼ਹਿਰ ਦੀ ਮਾਤਰਾ ਵੱਧ ਰਹੀ ਹੈ। ਇਸ ਨੂੰ ਖਾਣ ਵਾਲੇ ਬੱਚਿਆਂ ਦਾ ਮਾਨਸਿਕ ਵਿਕਾਸ ਹੌਲੀ ਹੁੰਦਾ ਹੈ ਤੇ ਕਈ ਜੰਮਦਿਆਂ ਹੀ ਮੰਦਬੁੱਧੀ ਹੁੰਦੇ ਹਨ। ਕੇਂਦਰ ਸਰਕਾਰ ਨੇ ਜੂਨ 1993 ਵਿੱਚ 12 ਕੀੜੇਮਾਰ ਦਵਾਈਆਂ 'ਤੇ ਪੂਰੀ ਪਾਬੰਦੀ ਅਤੇ 13 ਦੇ ਇਸਤੇਮਾਲ 'ਤੇ ਕੁੱਝ ਪਾਬੰਦੀਆਂ ਲਗਾਈਆਂ ਸਨ। ਇਨ੍ਹਾਂ ਵਿੱਚ 'ਸਲਫਾਸ' ਦੇ ਨਾਂ ਨਾਲ ਖੂੰਖਾਰ ਐਲੂਮੀਨੀਅਮ ਫਾਸਫਾਈਡ ਵੀ ਹੈ। ਪਰ ਇਸ ਦੀ ਵਰਤੋਂ ਹੁਣ ਵੀ ਜਾਰੀ ਹੈ। ਅੱਜ ਸ਼ਾਇਦ ਹੀ ਅਜਿਹਾ ਕੋਈ ਦਿਨ ਜਾਂਦਾ ਹੋਵੇਗਾ, ਜਦੋਂ ਅਖ਼ਬਾਰਾਂ ਵਿੱਚ ਸਲਫਾਸ ਖਾ ਕੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਖ਼ਬਰ ਨਾ ਛਪੀ ਹੋਵੇ। ਪੰਜਾਬ ਦੀਆਂ ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਆਮ ਹੀ ਛੱਪਦੀਆਂ ਰਹਿੰਦੀਆਂ ਹਨ। ਡੀ.ਡੀ.ਟੀ. ਤੇ ਬੀ.ਐੱਚ.ਸੀ. ਜਿਹੇ ਬਹੁ-ਪ੍ਰਚੱਲਿਤ ਕੀੜੇਮਾਰ ਦਵਾਈ ਵੀ ਪਾਬੰਦੀਸ਼ੁਦਾ ਹੈ। ਅਜਿਹੀਆਂ ਹੋਰ ਦਵਾਈਆਂ ਹਨ-ਡਾਇਬ੍ਰੋਮੋ ਕਲੋਰੋ, ਪੇਂਟਾ ਕਲੋਰੋ ਨਾਈਟਰੋ ਬੈਂਜੀਨ, ਪੇਂਟਾ ਕਲੋਰੋ ਫਿਨਾਇਲ, ਹੈਪਟਾ ਕਲੋਰੋ ਐਲਡਰਿਨ, ਪੈਰਾ ਕਵਾਟ ਡਾਈ ਮਿਥਾਈਲ ਸਲਫੇਟ, ਨਾਈਟ੍ਰੋਫੇਨ ਅਤੇ ਟੈਟਰਾਡਾਈਫੋਨ। ਪਰ ਇਹ ਸਾਰੀਆਂ ਦਵਾਈਆਂ ਵੱਖ-ਵੱਖ ਨਾਵਾਂ ਨਾਲ ਵਿਕ ਰਹੀਆਂ ਹਨ। ਸਰਕਾਰ ਨੇ ਇਨ੍ਹਾਂ ਦਵਾਈਆਂ ਦੀ ਵਿਕਰੀ 'ਤੇ ਪਾਬੰਦੀ (ਭਾਵੇਂ ਹੀ ਕਾਗਜ਼ਾਂ 'ਤੇ) ਲਗਾਈ ਹੈ, ਪਰ ਉਤਪਾਦਨ 'ਤੇ ਨਹੀਂ। ਸਰਕਾਰੀ ਵਿਭਾਗਾਂ ਵੱਲੋਂ ਖ਼ਰੀਦ ਦੇ ਨਾਂ 'ਤੇ ਇਨ੍ਹਾਂ ਕਾਰਖਾਨਿਆਂ ਦੇ ਲਾਇਸੈਂਸ ਧੜੱਲੇ ਨਾਲ ਜਾਰੀ ਕੀਤੇ ਜਾਂਦੇ ਹਨ, ਜਦਕਿ ਇਨ੍ਹਾਂ ਵਿੱਚ ਬਣਿਆ ਮਾਲ ਬੇਰੋਕ-ਟੋਕ ਪਿਛਲੇ ਦਰਵਾਜ਼ਿਓਂ ਬਾਜ਼ਾਰ ਵਿੱਚ ਭੇਜ ਦਿੱਤਾ ਜਾਂਦਾ ਹੈ। ਦੁੱਖ ਇਹ ਹੈ ਕਿ ਦੇਸ ਵਿੱਚ ਹਰੀ ਕ੍ਰਾਂਤੀ ਦਾ ਝੰਡਾ ਲਹਿਰਾਉਣ ਵਾਲਿਆਂ ਨੇ ਸਾਡੇ ਖੇਤਾਂ ਅਤੇ ਉਤਪਾਦਾਂ ਨੂੰ ਜ਼ਹਿਰੀਲੇ ਰਸਾਇਣਾਂ ਦਾ ਗ਼ੁਲਾਮ ਬਣਾ ਦਿੱਤਾ ਹੈ। ਲੱਗਦਾ ਹੈ ਕਿ ਪੈਦਾਵਾਰ ਵਧ ਗਈ ਹੈ, ਪਰ ਇਸ ਦੇ ਕਾਰਨ ਜ਼ਮੀਨ ਬੱਜਰ ਹੋ ਰਹੀ ਹੈ ਅਤੇ ਲੋਕ ਭਿਅੰਕਰ ਬਿਮਾਰੀਆਂ ਵਿਚ ਜਕੜੇ ਜਾ ਰਹੇ ਹਨ। ਪੁਰਾਣੇ ਸਮੇਂ ਦੌਰਾਨ ਸਾਡੇ ਪਰੰਪਰਿਕ ਬੀਜ, ਗੋਹੇ ਦੀ ਖਾਦ, ਨਿੰਮ, ਜਿਹੇ ਕੁਦਰਤੀ ਤੱਤਾਂ ਦੇ ਕੀੜੇਮਾਰ ਤੱਤ ਸ਼ਾਇਦ ਪਹਿਲਾਂ ਤੋਂ ਘੱਟ ਫ਼ਸਲ ਦਿੰਦੇ ਸਨ, ਪਰ ਇਹ ਤੈਅ ਹੈ ਕਿ ਇਨ੍ਹਾਂ ਨਾਲ ਜ਼ਹਿਰ ਪੈਦਾ ਨਹੀਂ ਹੁੰਦੀ ਸੀ। ਇਨ੍ਹੀਂ ਦਿਨੀਂ ਦੇਸ ਵਿੱਚ ਕਈ ਥਾਵਾਂ 'ਤੇ ਬਿਨਾਂ ਰਸਾਇਣਕ ਦਵਾਈਆਂ ਅਤੇ ਖਾਦ ਦੇ ਫ਼ਸਲਾਂ ਉਗਾਉਣ ਦਾ ਰਿਵਾਜ ਵਧਿਆ ਹੈ, ਪਰ ਇਹ ਫੈਸ਼ਨ ਤੋਂ ਜ਼ਿਆਦਾ ਨਹੀਂ ਹੈ ਤੇ ਅਜਿਹੇ ਉਤਪਾਦਾਂ ਦੇ ਭਾਅ ਏਨੇ ਜ਼ਿਆਦਾ ਹਨ ਕਿ ਆਮ ਆਦਮੀ ਇਸ ਨੂੰ ਖ਼ਰੀਦਣ ਨਾਲ ਬਿਹਤਰ ਜ਼ਹਿਰੀਲੇ ਪਦਾਰਥ ਖ਼ਰੀਦਣਾ ਸ੍ਰੇਸ਼ਠ ਸਮਝਦਾ ਹੈ।



ਇਕ ਰੇਲਵੇ ਸਟੇਸ਼ਨ 'ਤੇ ਕੈਂਸਰ ਟਰੇਨ ਦੀ ਉਡੀਕ ਕਰਦੇ ਹੋਏ ਕੈਂਸਰ ਪੀੜਤ

# ਅਮਰੀਕਾ ਨੇ ਅਤਿਵਾਦੀਆਂ ਖਿਲਾਫ਼ ਕਾਰਵਾਈ ਕਰਾਉਣ ਲਈ ਪਾਕਿਸਤਾਨ ਦੀ ਬਾਂਹ ਮਰੋੜੀ

**ਵਾਸ਼ਿੰਗਟਨ/ਬਿਊਰੋ ਨਿਊਜ਼:** ਟਰੰਪ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਪਾਕਿਸਤਾਨ ਨੂੰ ਅਤਿਵਾਦੀਆਂ ਲਈ ਸੁਰੱਖਿਅਤ ਠਾਹਰ ਬਣਨ ਤੋਂ ਰੋਕਣ ਲਈ ਹੁਣ ਕੁੱਝ ਵੱਖਰਾ' ਯਤਨ ਵਜੋਂ ਆਰਥਿਕ ਸਿਕੰਜੇ ਨਾਲ ਬਾਂਹ ਮਰੋੜਨ ਦਾ ਰਾਹ ਅਪਣਾ ਲਿਆ ਹੈ ਕਿਉਂਕਿ ਪੁਰਾਣੇ ਪ੍ਰਸ਼ਾਸਨ ਦੀ ਠਰ੍ਹੰਮੇ ਅਤੇ ਸਹਾਇਤਾ ਵਾਲੀ ਨੀਤੀ ਨਾਲ ਇਸ ਖਿੱਤੇ ਦੀ ਸਥਿਰਤਾ ਲਈ ਖ਼ਤਰਾ ਬਣੀ ਇਸ ਸਮੱਸਿਆ ਦਾ ਹੱਲ ਨਹੀਂ ਨਿਕਲਿਆ ਹੈ। ਇਹ ਟਿੱਪਣੀਆਂ ਇਕ ਸੀਨੀਅਰ ਅਧਿਕਾਰੀ ਨੇ ਕੀਤੀਆਂ ਹਨ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨ ਲਈ 2 ਅਰਬ ਅਮਰੀਕੀ ਡਾਲਰ ਦੀ ਸੁਰੱਖਿਆ ਸਹਾਇਤਾ ਰੋਕ ਲਈ ਸੀ, ਜਿਸ 'ਤੇ ਪਾਕਿ ਨੇ ਤਿੱਖੀ ਪ੍ਰਤੀਕਿਰਿਆ ਕੀਤੀ ਸੀ।

ਇਸ ਅਧਿਕਾਰੀ ਨੇ ਕਿਹਾ ਕਿ 9/11 ਹਮਲੇ ਬਾਅਦ ਦੇ ਅਮਰੀਕੀ ਪ੍ਰਸ਼ਾਸਨ ਦੀਆਂ ਨੀਤੀਆਂ ਮੁਤਾਬਕ ਪਾਕਿਸਤਾਨ ਨੇ ਕੰਮ ਨਹੀਂ ਕੀਤਾ। ਟਰੰਪ ਪ੍ਰਸ਼ਾਸਨ ਦੇ ਇਸ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਜਾਂ ਅਫ਼ਗਾਨਿਸਤਾਨ ਨੂੰ ਅਤਿਵਾਦੀਆਂ ਦੀ ਸੁਰੱਖਿਅਤ ਠਾਹਰ ਨਾ ਬਣਨ ਦੇਣ ਲਈ ਵਚਨਬੱਧ ਹੈ, ਜਿਥੋਂ ਉਹ ਅਮਰੀਕਾ ਤੇ ਉਸ ਦੇ ਭਾਈਵਾਲਾਂ 'ਤੇ ਹਮਲੇ ਕਰ ਸਕਦੇ ਹੋਣ। ਇਹ ਸੁਰੱਖਿਅਤ ਥਾਵਾਂ ਅਸਲ 'ਚ ਇਸ ਖਿੱਤੇ ਦੀ ਸਥਿਰਤਾ ਲਈ ਖ਼ਤਰਾ ਹਨ। ਉਨ੍ਹਾਂ ਕਿਹਾ ਕਿ ਪਿਛਲੇ ਪ੍ਰਸ਼ਾਸਨ ਨੇ ਠਰ੍ਹੰਮਾ ਰੱਖਣ ਦੀ ਨੀਤੀ ਅਪਣਾਈ ਅਤੇ ਕੈਰੀ-ਲੁਗਰ-ਬਰਮਨ ਬਿੱਲ ਰਾਹੀਂ ਪਾਕਿ ਨੂੰ ਅਰਬਾਂ ਡਾਲਰ ਸਹਾਇਤਾ ਵਜੋਂ ਦਿੱਤੇ ਪਰ ਅਜੇ ਤਕ ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਪਰ ਮੌਜੂਦਾ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਹ ਸਮਾਂ ਕੁੱਝ ਵੱਖਰਾ ਅਜਮਾਉਣਾ ਦਾ ਹੈ। ਜੇਕਰ ਅਫ਼ਗਾਨਿਸਤਾਨ ਦੀ ਹਾਲਤ ਸੁਧਾਰਨੀ ਹੈ ਤਾਂ ਇਨ੍ਹਾਂ ਸੁਰੱਖਿਅਤ ਠਾਹਰਾਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਰਾਸ਼ਟਰਪਤੀ ਟਰੰਪ ਅਫ਼ਗਾਨਿਸਤਾਨ ਦੀ ਸਥਿਰਤਾ ਪ੍ਰਤੀ ਵਚਨਬੱਧਤਾ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹਨ। ਇਸ ਅਧਿਕਾਰੀ ਨੇ ਕਿਹਾ ਕਿ ਟਰੰਪ ਦੀ ਨਵੀਂ ਨੀਤੀ ਪਾਕਿਸਤਾਨ ਨੂੰ ਅਫ਼ਗਾਨਿਸਤਾਨ ਦੀ ਅੱਖ ਰਾਹੀਂ ਦੇਖਣ ਬਾਰੇ ਨਹੀਂ ਬਲਕਿ ਇਹ ਇਸ ਖਿੱਤੇ ਅਤੇ ਅਮਰੀਕਾ ਦੇ ਭਵਿੱਖ ਬਾਰੇ ਇਕ ਨਜ਼ਰੀਆ ਹੈ।

ਹੁਣ ਜਦੋਂ ਟਰੰਪ ਪ੍ਰਸ਼ਾਸਨ ਪਾਕਿਸਤਾਨ 'ਚ ਸੁਰੱਖਿਅਤ ਦਹਿਸ਼ਤੀ ਪਨਾਹਗਾਹਾਂ ਨੂੰ ਤਬਾਹ ਕਰਨ ਲਈ ਦ੍ਰਿੜ੍ਹ ਨਜ਼ਰ ਆ ਰਿਹਾ ਹੈ ਤਾਂ ਅਮਰੀਕਾ ਨੇ ਆਸ ਜਤਾਈ ਹੈ ਕਿ ਚੀਨ ਆਪਣੇ ਭਾਈਵਾਲ ਪਾਕਿਸਤਾਨ ਨੂੰ ਮਨਾਉਣ 'ਚ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ। ਉਂਜ ਵ੍ਹਾਈਟ ਹਾਊਸ ਦੇ ਸੀਨੀਅਰ ਅਧਿਕਾਰੀ ਨੇ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ 'ਚ ਦਹਿਸ਼ਤੀ ਟਿਕਾਣੇ ਤਬਾਹ ਕਰਕੇ ਹੀ ਅਫ਼ਗਾਨਿਸਤਾਨ ਅਤੇ ਖ਼ਿੱਤੇ 'ਚ ਸ਼ਾਂਤੀ ਬਹਾਲ ਕੀਤੀ ਜਾ ਸਕਦੀ ਹੈ। ਉਸ ਨੇ ਕਿਹਾ ਕਿ ਪਾਕਿਸਤਾਨ ਦੇ ਚੀਨ ਨਾਲ ਇਤਿਹਾਸਕ ਅਤੇ ਫ਼ੌਜੀ ਸਬੰਧ ਹਨ। ਚੀਨ ਪਾਕਿਸਤਾਨ ਆਰਥਿਕ ਲਾਂਘੇ ਨਾਲ ਵੀ ਆਰਥਿਕ ਰਿਸ਼ਤੇ ਵੱਧ ਰਹੇ ਹਨ। ਉਸ ਨੇ ਕਿਹਾ ਕਿ ਅਮਰੀਕਾ ਦਹਿਸ਼ਤੀ ਸਮੱਸਿਆ ਨਾਲ ਨਜਿੱਠਣ ਲਈ ਇਲਾਕਾਈ ਮੁਲਕਾਂ ਨਾਲ ਕੰਮ ਕਰਨ ਨੂੰ ਤਿਆਰ ਹੈ ਅਤੇ ਉਨ੍ਹਾਂ 'ਚ ਚੀਨ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਮਨਾਉਣ ਨਾਲ ਚੀਨ ਨੂੰ ਵੀ ਫਾਇਦਾ ਹੋਵੇਗਾ। ਚੀਨ ਵੀ ਸਥਿਰ ਤੇ ਸ਼ਾਂਤ ਅਫ਼ਗਾਨਿਸਤਾਨ ਲਈ ਕੰਮ ਕਰ ਰਿਹਾ ਹੈ ਕਿਉਂਕਿ ਚੀਨ ਵੀ ਦੱਖਣੀ ਏਸ਼ੀਆ 'ਚ ਅਤਿਵਾਦ ਅਤੇ ਕੱਟੜਵਾਦ ਤੋਂ ਪ੍ਰੇਸ਼ਾਨ ਹੈ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਜੇਕਰ ਉਹ (ਚੀਨ) ਖ਼ਿੱਤੇ 'ਚ ਸਥਿਰਤਾ ਚਾਹੁੰਦੇ ਹਨ ਤਾਂ ਉਹ ਵੀ ਪਾਕਿਸਤਾਨ 'ਚ ਹੱਕਾਨੀ ਅਤੇ ਤਾਲਿਬਾਨ ਨੈੱਟਵਰਕ ਖ਼ਿਲਾਫ਼ ਕਾਰਵਾਈ ਹੁੰਦਾ ਦੇਖਣਾ ਚਾਹੁੰਦੇ ਹਨ।



## ਪਾਕਿ 'ਤੇ ਉਂਗਲ ਉਠਾਉਣ ਦਾ ਕੀਤਾ ਸੀ ਵਿਰੋਧ: ਚੀਨ

ਪੇਈਚਿੰਗ: ਚੀਨ ਨੇ ਅੱਜ ਦੱਸਿਆ ਕਿ ਪਾਕਿਸਤਾਨ ਨੂੰ ਅਤਿਵਾਦ ਨਾਲ ਜੋੜਨ ਤੇ ਉਂਗਲ ਉਠਾਉਣ ਲਈ ਉਸ ਨੇ ਅਮਰੀਕਾ ਦਾ ਵਿਰੋਧ ਕੀਤਾ ਸੀ। ਚੀਨ ਦੇ ਵਿਦੇਸ਼ ਮੰਤਰੀ ਲੂ ਕਾਂਗ ਨੇ ਜ਼ੋਰ ਦੇ ਕੇ ਕਿਹਾ ਕਿ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਦੀ ਜ਼ਿੰਮੇਵਾਰੀ ਇਕ ਮੁਲਕ ਉਤੇ ਨਹੀਂ ਸੁੱਟੀ ਜਾ ਸਕਦੀ। ਚੀਨ ਆਪਣੇ 'ਪੱਕੇ' ਸੰਗੀ ਦੇ ਸਮਰਥਨ ਵਿੱਚ ਉਤਰ ਆਇਆ ਹੈ ਜਦੋਂਕਿ ਟਰੰਪ ਪ੍ਰਸ਼ਾਸਨ ਵੱਲੋਂ ਪਾਕਿ 'ਤੇ ਆਪਣੀ ਸਰਜ਼ਮੀਂ ਤੋਂ ਅਤਿਵਾਦੀ ਠਾਹਰਾਂ ਨੂੰ ਤਬਾਹ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ।

## ਪਾਕਿਸਤਾਨ 'ਚ ਬਣ ਰਹੀ ਹੈ ਇਸਲਾਮਿਕ ਸਟੇਟ: ਰਿਪੋਰਟ

ਇਸਲਾਮਾਬਾਦ: ਭਾਵੇਂ ਪਾਕਿਸਤਾਨ ਸਰਕਾਰ ਵੱਲੋਂ ਉਸ ਦੀ ਸਰਜ਼ਮੀਂ 'ਤੇ ਇਸਲਾਮਿਕ ਸਟੇਟ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਜਾਂਦਾ ਹੈ ਪਰ ਪਾਕਿਸਤਾਨ ਇੰਸਟੀਚਿਊਟ ਫਾਰ ਪੀਸ ਸਟੱਡੀਜ਼ (ਪਿਪਸ) ਨੇ ਆਪਣੀ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਹੈ ਕਿ ਇਹ ਖ਼ਤਰਨਾਕ ਜਥੇਬੰਦੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ ਅਤੇ ਦੇਸ਼ ਲਈ ਵੱਡਾ ਖ਼ਤਰਾ ਬਣ ਰਹੀ ਹੈ। 'ਡਾਅਨ' ਦੀ ਰਿਪੋਰਟ ਮੁਤਾਬਕ ਪਿਪਸ ਨੇ ਕੌਮੀ ਸੁਰੱਖਿਆ ਬਾਰੇ ਰਿਪੋਰਟ ਵਿੱਚ ਕਿਹਾ ਕਿ ਆਈਐਸ ਖਾਸ ਤੌਰ 'ਤੇ ਉੱਤਰੀ ਸਿੰਧ ਅਤੇ ਬਲੋਚਿਸਤਾਨ ਵਿੱਚ ਸਰਗਰਮ ਹੈ ਅਤੇ ਪਿਛਲੇ ਸਾਲ ਦੋ ਚੀਨੀ ਨਾਗਰਿਕਾਂ ਨੂੰ ਅਗਵਾ ਕਰ ਕੇ ਕਤਲ ਕਰਨ ਪਿੱਛੇ ਵੀ ਉਸ ਦਾ ਹੀ ਹੱਥ ਸੀ। ਇਸਲਾਮਿਕ ਸਟੇਟ ਦੇ 6 ਮਾਰੂ ਹਮਲਿਆਂ ਵਿੱਚ 153 ਲੋਕ ਮਾਰੇ ਗਏ ਹਨ। ਇਸ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ 2017 ਵਿੱਚ 370 ਅਤਿਵਾਦੀ ਹਮਲੇ ਹੋਏ ਹਨ, ਜਿਨ੍ਹਾਂ ਵਿੱਚ 815 ਮੌਤਾਂ ਤੇ 1736 ਜਣੇ ਜ਼ਖ਼ਮੀ ਹੋਏ ਹਨ। ਇਹ ਪਿਛਲੇ ਸਾਲ ਨਾਲੋਂ 16 ਫ਼ੀਸਦ ਘੱਟ ਹਨ।

## ਪਾਕਿ ਫੰਡਾਂ ਉੱਤੇ ਰੋਕ ਦੇ ਬਾਵਜੂਦ ਅਮਰੀਕਾ ਨਾਲ ਗੱਲਬਾਤ ਜਾਰੀ ਰਖੇਗਾ

**ਕਰਾਚੀ:** ਵਿਦੇਸ਼ ਸਕੱਤਰ ਤਹਿਮੀਨਾ ਜੰਜੂਆ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ 2 ਅਰਬ ਡਾਲਰ ਦੀ ਫ਼ੌਜੀ ਸਹਾਇਤਾ ਰੋਕੇ ਜਾਣ ਦੇ ਬਾਵਜੂਦ ਪਾਕਿਸਤਾਨ ਉਸ ਨਾਲ ਜਿਥੋਂ ਤਕ ਸੰਭਵ ਹੋਇਆ, ਗੱਲਬਾਤ ਕਰਨਾ ਜਾਰੀ ਰੱਖੇਗਾ। 'ਡਾਅਨ' ਦੀ ਰਿਪੋਰਟ ਮੁਤਾਬਕ ਉਨ੍ਹਾਂ ਕਿਹਾ ਕਿ ਅਮਰੀਕਾ ਦੀ ਸਾਰੀ ਨਾਰਾਜ਼ਗੀ ਦਾ ਪਾਕਿਸਤਾਨ ਨਪੇ-ਤੁਲੇ ਢੰਗ ਨਾਲ ਜਵਾਬ ਦੇਣਾ ਜਾਰੀ ਰੱਖੇਗਾ। ਜੰਜੂਆ ਨੇ ਕਿਹਾ ਕਿ ਅਮਰੀਕਾ ਨਾ ਸਿਰਫ਼ ਆਲਮੀ ਤਾਕਤ ਹੈ ਸਗੋਂ ਖ਼ਿੱਤੇ 'ਚ ਵੀ ਉਸ ਦੀ ਮੌਜੂਦਗੀ ਹੈ ਅਤੇ ਪਾਕਿਸਤਾਨ ਲਈ ਉਹ ਗੁਆਂਢੀਆਂ ਵਰਗਾ ਹੈ। ਕਰਾਚੀ 'ਚ ਬਿਜ਼ਨਸ ਐਡਮਿਨੀਸਟਰੇਸ਼ਨ ਇੰਸਟੀਚਿਊਸ਼ਨ 'ਚ 'ਪਾਕਿਸਤਾਨ ਦੀ ਵਿਦੇਸ਼ ਨੀਤੀ ਦੇ ਮਸਲਿਆਂ' ਬਾਰੇ ਹੋਏ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਦਾ ਪਹਿਲੀ ਜਨਵਰੀ ਨੂੰ ਆਇਆ ਟਵੀਟ ਸੋਚੀ ਸਮਝੀ ਰਣਨੀਤੀ ਦਾ ਹਿੱਸਾ ਜਾਪਦਾ ਹੈ। ਅਫ਼ਗਾਨਿਸਤਾਨ 'ਚ ਅਮਰੀਕਾ ਦੇ ਮਾੜੇ ਹਾਲਾਤ ਕਰਕੇ ਇਹ ਟਵੀਟ ਖਿੱਝ ਕਾਰਨ ਵੀ ਆਇਆ ਹੋ ਸਕਦਾ ਹੈ। ਵਿਦੇਸ਼ ਸਕੱਤਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਮੈਟਿੱਜ਼ ਨਾਲ ਚੰਗੀ ਗੱਲਬਾਤ ਹੋਈ ਸੀ ਪਰ ਅਚਾਨਕ ਹੀ ਟਰੰਪ ਪਾਕਿਸਤਾਨ ਅਤੇ ਇਰਾਨ ਖ਼ਿਲਾਫ਼ ਕਿਵੇਂ ਹੋ ਗਏ। ਉਨ੍ਹਾਂ ਕਿਹਾ ਕਿ ਭਾਰਤ ਨੂੰ ਖ਼ਿੱਤੇ ਦੀ ਸੁਰੱਖਿਆ ਦੇ ਅਧਿਕਾਰ ਦਿੱਤੇ ਗਏ ਜੋ ਜਾਇਜ਼ ਨਹੀਂ। ਇਹ ਵੀ ਕਾਰਨ ਹੋ ਸਕਦਾ ਹੈ ਕਿ ਚੀਨ ਦੀ ਆਰਥਿਕ ਅਤੇ ਫ਼ੌਜੀ ਤਾਕਤ ਅਮਰੀਕਾ ਨੂੰ ਚੁਣੌਤੀ ਦੇ ਰਹੀ ਹੈ।

## ਪਾਕਿਸਤਾਨ ਦੀ ਅਮਰੀਕਾ ਨੂੰ ਸਬੰਧ ਵਿਗੜਨ ਦੀ ਚਿਤਾਵਨੀ

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਵਾਸ਼ਿੰਗਟਨ ਵੱਲੋਂ ਜਾਰੀ ਕੀਤੇ ਜਾ ਰਹੇ ਬਿਆਨਾਂ ਕਾਰਨ ਦੋਹਾਂ ਦੇਸ਼ਾਂ ਦੇ ਲੰਮੇ ਸਮੇਂ ਤੋਂ ਸੁਖਾਵੇਂ ਚੱਲੇ ਆ ਰਹੇ ਸਬੰਧ ਖ਼ਰਾਬ ਹੋ ਸਕਦੇ ਹਨ। ਪ੍ਰਧਾਨ ਮੰਤਰੀ ਸ਼ਾਹਿਦ ਖੱਕਾਨ ਅੱਬਾਸੀ ਨੇ ਕੈਬਨਿਟ ਮੀਟਿੰਗ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਿੱਤੇ ਉਸ ਬਿਆਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਵੱਲੋਂ ਦਿੱਤੀ ਗਈ 33 ਅਰਬ ਡਾਲਰ ਦੀ ਮਦਦ ਬਦਲੇ ਪਾਕਿਸਤਾਨ ਨੇ ਝੂਠ ਅਤੇ ਫਰੇਬ ਤੋਂ ਬਿਨਾਂ ਕੁਝ ਨਹੀਂ ਦਿੱਤਾ। ਕੈਬਨਿਟ ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਅਤਿਵਾਦ ਵਿਰੁੱਧ ਲੜਾਈ ਲੜਦਿਆਂ ਪਾਕਿਸਤਾਨ ਨੇ ਮਨੁੱਖੀ ਜਾਨਾਂ ਸਮੇਤ ਆਰਥਿਕ ਮੁਹਾਜ਼ 'ਤੇ ਵੀ ਵੱਡਾ ਨੁਕਸਾਨ ਝੱਲਿਆ ਹੈ। ਇਸ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਨਿੱਕੀ ਹੈਲੀ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਪਾਕਿਸਤਾਨ ਦੀ ਵਿੱਤੀ ਮੱਦਦ ਬੰਦ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹਨ।

## ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਇਰਾਨ ਨੂੰ ਚਿਤਾਵਨੀ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼:** ਇਰਾਨ 'ਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਕਾਰਨ ਵਿਗੜੇ ਹਾਲਾਤ 'ਤੇ ਵਿਚਾਰ ਵਟਾਂਦਰਾ ਕਰਨ ਲਈ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ ਦੀ ਹੰਗਾਮੀ ਬੈਠਕ ਸੱਦੀ ਗਈ ਜਿਸ 'ਚ ਅਮਰੀਕੀ ਸਫ਼ੀਰ ਨਿੱਕੀ ਹੇਲੀ ਨੇ ਇਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ (ਸਰਕਾਰ) ਜੋ ਕੁਝ ਕਰ ਰਹੇ ਹਨ, ਉਸ 'ਤੇ ਦੁਨੀਆ ਦੀਆਂ ਨਿਗਾਹਾਂ ਹਨ। ਬੈਠਕ ਦੌਰਾਨ ਤਿੰਨ ਸਥਾਈ ਮੈਂਬਰਾਂ ਫਰਾਂਸ, ਰੂਸ ਅਤੇ ਚੀਨ ਨੇ ਇਰਾਨ ਦੇ ਪੱਖ 'ਚ ਭੁਗਤਦਿਆਂ ਕਿਹਾ ਕਿ 15 ਮੈਂਬਰੀ ਸਲਾਮਤੀ ਪ੍ਰੀਸ਼ਦ ਇਰਾਨ ਦੇ ਮੌਜੂਦਾ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਢੁਕਵਾਂ ਸਥਾਨ ਨਹੀਂ ਹੈ ਕਿਉਂਕਿ ਇਸ ਨਾਲ ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕੋਈ ਖ਼ਤਰਾ ਦਰਪੇਸ਼ ਨਹੀਂ ਹੈ। ਅਮਰੀਕਾ ਦੀ ਬੇਨਤੀ 'ਤੇ ਸੱਦੀ ਗਈ ਬੈਠਕ ਦੌਰਾਨ ਗਰਮਾ-ਗਰਮ ਬਹਿਸ ਹੋਈ। ਹੇਲੀ ਨੇ ਕਿਹਾ ਕਿ ਇਰਾਨ ਦੇ ਲੋਕ ਵਿਦਰੋਹ ਕਰ ਰਹੇ ਹਨ ਅਤੇ ਹੱਕਾਂ ਦੀ ਮੰਗ ਨੂੰ ਕੋਈ ਵੀ ਸਰਕਾਰ ਅਣਗੌਲਿਆਂ ਨਹੀਂ ਕਰ ਸਕਦੀ। ਉਨ੍ਹਾਂ ਸਲਾਮਤੀ ਪ੍ਰੀਸ਼ਦ ਦੇ ਹੋਰ ਸਾਥੀਆਂ ਨੂੰ ਕਿਹਾ ਕਿ ਉਹ ਇਰਾਨੀ ਲੋਕਾਂ ਦੇ ਹੱਕ 'ਚ ਮਿਲ ਕੇ ਸੁਨੇਹਾ ਜਾਰੀ ਕਰਨ। ਇਰਾਨੀ ਸਫ਼ੀਰ ਗ਼ੁਲਾਮਾਲੀ ਖ਼ੁਸਰੋ ਨੇ 15 ਮੈਂਬਰੀ ਸਲਾਮਤੀ ਪ੍ਰੀਸ਼ਦ ਦੀ ਨਿੰਦਾ ਕਰਦਿਆਂ ਕਿਹਾ ਕਿ ਟਰੰਪ ਪ੍ਰਸ਼ਾਸਨ ਦੇ ਆਖੇ ਲੱਗ ਕੇ ਉਹ ਅਜਿਹੀ ਬੈਠਕ ਕਰ ਰਹੇ ਹਨ ਜੋ ਉਨ੍ਹਾਂ ਦੇ ਘੇਰੇ 'ਚ ਆਉਂਦੀ ਹੀ ਨਹੀਂ ਹੈ।

## ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਕਸਿਕੋ ਸਰਹੱਦ 'ਤੇ ਦੀਵਾਰ ਲਈ 18 ਅਰਬ ਡਾਲਰ ਦੀ ਮਨਜ਼ੂਰੀ ਮੰਗੀ

ਵਾਸ਼ਿੰਗਟਨ: ਰਾਸ਼ਟਰਪਤੀ ਡੋਨਲਡ ਟਰੰਪ ਨੇ ਕਾਂਗਰਸ ਨੂੰ ਕਿਹਾ ਹੈ ਕਿ ਉਹ ਮੈਕਸਿਕੋ ਸਰਹੱਦ 'ਤੇ ਅਗਲੇ 10 ਸਾਲਾਂ 'ਚ ਲੰਬੀ ਦੀਵਾਰ ਬਣਾਉਣ ਲਈ ਕਰੀਬ 18 ਅਰਬ ਡਾਲਰ ਦੇ ਫੰਡ ਨੂੰ ਪ੍ਰਵਾਨਗੀ ਦੇਣ।

ਡੋਨਲਡ ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਮੈਕਸਿਕੋ ਨਾਲ ਵੱਡੀ ਅਤੇ ਖ਼ੂਬਸੂਰਤ ਦੀਵਾਰ ਬਣਾਉਣ ਦਾ ਵਾਅਦਾ ਕੀਤਾ ਹੈ ਪਰ ਇਹ ਕਦੋਂ ਅਤੇ ਕਿਥੇ ਉਸਾਰੀ ਜਾਵੇਗੀ, ਇਸ ਦੇ ਵੇਰਵੇ ਨਹੀਂ ਦਿੱਤੇ ਗਏ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਦਾ ਕਹਿਣਾ ਹੈ ਕਿ ਦੀਵਾਰ ਬਣਨ ਨਾਲ ਗ਼ੈਰਕਾਨੂੰਨੀ ਪਰਵਾਸੀਆਂ ਅਤੇ ਨਸ਼ੇ ਦੀ ਮੁਲਕ 'ਚ ਆਮਦ 'ਤੇ ਲਗਾਮ ਲੱਗੇਗੀ। ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਦਸਤਾਵੇਜ਼ਾਂ ਮੁਤਾਬਕ ਨਵੀਂ ਸਰਹੱਦ 'ਤੇ ਕੁੱਲ 33 ਅਰਬ ਡਾਲਰ ਦਾ ਖ਼ਰਚਾ ਆਏਗਾ। ਜੇਕਰ ਤਜਵੀਜ਼ ਪ੍ਰਵਾਨ ਹੋ ਗਈ ਤਾਂ 3218 ਕਿਲੋਮੀਟਰ ਦੱਖਣ-ਪੱਛਮ ਸਰਹੱਦ 'ਚੋਂ ਕਰੀਬ 1552 ਕਿਲੋਮੀਟਰ 'ਤੇ ਅਮਰੀਕਾ ਨੂੰ ਮੈਕਸਿਕੋ ਨਾਲੋਂ ਵੱਖ ਕਰਨ ਲਈ ਤਾਰ ਜਾਂ ਦੀਵਾਰ ਲਾਈ ਜਾਵੇਗੀ।

## ਟਰੰਪ ਲਈ ਕਿਮ ਨੂੰ ਦਬਾਅ ਹੇਠ ਰੱਖਣਾ ਜ਼ਰੂਰੀ: ਹੇਲੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਨਿਕੀ ਹੇਲੀ ਨੇ ਹਾਲ ਹੀ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਿਮ ਜੋਂਗ ਉਨ ਨੂੰ ਧਮਕਾਉਣ ਲਈ ਕੀਤੇ ਪ੍ਰਮਾਣੂ ਬਟਨ ਸਬੰਧੀ ਟਵੀਟ ਦਾ ਸਮਰਥਨ ਕਰਦਿਆਂ ਕਿਹਾ ਕਿ ਇਹ ਉੱਤਰੀ ਕੋਰੀਆ ਦੇ ਆਗੂ ਨੂੰ ਦਬਾਅ ਹੇਠ ਰੱਖਣ ਲਈ ਜ਼ਰੂਰੀ ਸੀ।ਜ਼ਿਕਰਯੋਗ ਹੈ ਕਿ ਉੱਤਰੀ ਕੋਰਿਆਈ ਆਗੂ ਦੇ ਇਹ ਕਹਿਣ ਕਿ ਪਯੋਂਗਯਾਂਗ ਦੇ ਪ੍ਰਮਾਣੂ ਹਥਿਆਰ ਅਮਰੀਕਾ ਵਿੱਚ ਕਿਤੇ ਵੀ ਹਮਲਾ ਕਰਨ ਦੇ ਯੋਗ ਹਨ ਅਤੇ ਉਸ ਦੀ ਮੇਜ਼ 'ਤੇ ਪ੍ਰਮਾਣੂ ਬਟਨ ਹੈ ਦੇ ਕੁਝ ਦਿਨ ਬਾਅਦ ਬੀਤੇ ਹਫ਼ਤੇ ਟਰੰਪ ਨੇ ਉਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਉਸ ਦਾ ਪ੍ਰਮਾਣੂ ਬਟਨ ਕਿਮ ਜੋਂਗ ਦੇ ਬਟਨ ਤੋਂ ਕਿਤੇ ਵੱਡਾ ਅਤੇ ਵਧ ਸ਼ਕਤੀਸ਼ਾਲੀ ਹੈ।



ਟਰੰਪ ਦੇ ਇਹ ਕਹਿਣ ਕਿ ਉਹ ਉੱਤਰੀ ਕੋਰਿਆਈ ਆਗੂ ਨਾਲ ਗੱਲਬਾਤ ਲਈ ਤਿਆਰ ਹਨ ਦੇ ਇਕ ਦਿਨ ਬਾਅਦ ਸੰਯੁਕਤ ਰਾਸ਼ਟਰ ਦੇ ਅਮਰੀਕੀ ਏਲਚੀ ਭਾਰਤੀ ਅਮਰੀਕੀ ਹੇਲੀ ਨੇ ਕਿਹਾ ਕਿ ਉੱਤਰੀ ਕੋਰਿਆਈ ਹਕੂਮਤ ਨੂੰ ਗੱਲਬਾਤ ਲਈ ਕਈ ਕਦਮ ਚੁੱਕਣ ਦੀ ਲੋੜ ਹੈ। ਕੱਲ੍ਹ ਏਬੀਸੀ ਨਿਊਜ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਕਦਮਾਂ ਵਿੱਚ ਪ੍ਰਮਾਣੂ ਹਥਿਆਰ ਅਤੇ ਮਿਜ਼ਾਈਲਾਂ ਦੀ ਅਜ਼ਮਾਇਸ਼ ਰੋਕਣ ਅਤੇ ਪ੍ਰਮਾਣੂ ਹਥਿਆਰਾਂ 'ਤੇ ਰੋਕ ਲਾਉਣ ਬਾਰੇ ਗੱਲਬਾਤ ਸ਼ਾਮਲ ਹੈ। ਜਦੋਂ ਉਨ੍ਹਾਂ ਤੋਂ ਟਰੰਪ ਦੇ ਟਵੀਟ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕਿਮ 'ਤੇ ਦਬਾਅ ਬਣਾਉਣ ਲਈ ਇਹ ਜ਼ਰੂਰੀ ਸੀ।

## ਮੇਰਾ ਪਰਮਾਣੂ ਬਟਨ ਕਿਮ ਯੌਂਗ ਤੋਂ ਵੱਡਾ: ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਉਸ ਦਾ 'ਪਰਮਾਣੂ ਬਟਨ' ਉੱਤਰੀ ਕੋਰੀਆ ਦੇ ਕਿਮ ਯੌਂਗ ਉਨ ਦੇ ਪਰਮਾਣੂ ਬਟਨ ਨਾਲੋਂ 'ਜ਼ਿਆਦਾ ਵੱਡਾ ਤੇ ਜ਼ਿਆਦਾ ਤਾਕਤਵਰ' ਹੈ। ਟਰੰਪ ਦਾ ਇਹ ਬਿਆਨ ਨਵੇਂ ਸਾਲ ਮੌਕੇ ਕਿਮ ਵੱਲੋਂ ਪਰਮਾਣੂ ਹਮਲੇ ਸਬੰਧੀ ਦਿੱਤੇ ਗਏ ਬਿਆਨ ਦੇ ਜਵਾਬ ਵਿੱਚ ਆਇਆ ਹੈ। ਟਰੰਪ ਨੇ ਟਵੀਟ ਕੀਤਾ, 'ਉੱਤਰੀ ਕੋਰੀਆ ਦੇ ਆਗੂ ਕਿਮ ਯੌਂਗ ਉਨ ਦਾ ਕਹਿਣਾ ਹੈ ਕਿ ਪਰਮਾਣੂ ਬਟਨ ਹਮੇਸ਼ਾ ਉਸ ਦੀ ਮੇਜ਼ 'ਤੇ ਰਹਿੰਦਾ ਹੈ। ਪਰ ਉਸ ਨੂੰ ਕੋਈ ਦਸ ਦੇਵੇ ਕਿ ਮੇਰੇ ਕੋਲ ਵੀ ਪਰਮਾਣੂ ਬਟਨ ਹੈ, ਪਰ ਇਹ ਉਸ ਦੇ ਬਟਨ ਨਾਲੋਂ ਵੱਡਾ ਤੇ ਤਾਕਤਵਰ ਹੈ ਅਤੇ ਇਹ ਕੰਮ ਵੀ ਕਰਦਾ ਹੈ।' ਇਸੇ ਦੌਰਾਨ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸਾਰਾਹ ਸੈਂਡਰਜ਼ ਨੇ ਕਿਹਾ ਕਿ ਉਨ੍ਹਾਂ ਦਾ ਪੂਰਾ ਧਿਆਨ ਉੱਤਰੀ ਕੋਰੀਆ ਦਾ ਪ੍ਰਮਾਣੂ ਪ੍ਰੋਗਰਾਮ ਬੰਦ ਕਰਾਉਣ ਲਈ ਉਸ 'ਤੇ ਦਬਾਅ ਬਣਾਉਣ ਵੱਲ ਹੈ ਅਤੇ ਅਮਰੀਕਾ ਨੂੰ ਇਸ ਲਈ ਹੋਰਨਾਂ ਮੁਲਕਾਂ ਦੇ ਸਹਿਯੋਗ ਦੀ ਲੋੜ ਹੈ। ਇਸੇ ਦੌਰਾਨ ਟਰੰਪ ਨੇ ਟਵੀਟ ਕੀਤਾ, 'ਮੈਂ ਸੋਮਵਾਰ ਨੂੰ ਸਾਲ ਦੇ ਸਭ ਤੋਂ ਬੇਈਮਾਨ ਤੇ ਭ੍ਰਿਸ਼ਟ ਮੀਡੀਆ ਐਵਾਰਡਾਂ ਦਾ ਐਲਾਨ ਕਰਾਂਗਾ।'



## ਫਲਸਤੀਨ ਨੂੰ ਵਿੱਤੀ ਮਦਦ ਬੰਦ ਦੀ ਧਮਕੀ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫਲਸਤੀਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਸ ਨੇ ਇਸਰਾਈਲ ਨਾਲ ਸ਼ਾਂਤੀ ਵਾਰਤਾ ਸ਼ੁਰੂ ਨਾ ਕੀਤੀ ਤਾਂ ਉਸ ਦੀ ਵਿੱਤੀ ਸਹਾਇਤਾ ਰੋਕ ਦਿੱਤੀ ਜਾਵੇਗੀ। ਇਸ ਦੇ ਜਵਾਬ ਵਿੱਚ ਫਲਸਤੀਨ ਨੇ ਕਿਹਾ ਕਿ ਉਨ੍ਹਾਂ ਨੂੰ ਬਲੈਕਮੇਲ ਨਹੀਂ ਕੀਤਾ ਜਾ ਸਕਦਾ। ਰਾਸ਼ਟਰਪਤੀ ਟਰੰਪ ਨੇ ਪਹਿਲਾਂ ਉਸ ਦੀ ਅਮਨ, ਆਜ਼ਾਦੀ ਤੇ ਨਿਆਂ ਦੀ ਕੋਸ਼ਿਸ਼ ਨੂੰ ਸਾਬੋਤਾਜ ਕੀਤਾ ਤੇ ਹੁਣ ਉਹ ਫਲਸਤੀਨ ਦੇ ਸਿਰ 'ਤੇ ਦੋਸ਼ ਮੜ੍ਹ ਰਹੇ ਹਨ।



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345





Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578

## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਨ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

## NOW OPEN IN MODESTO/CERES

# PANNU'S
LEGAL SERVICES (Regd. & Bonded)
510.677.5200



G.S. Pannu
Immigration Consultant-LDA

### IMMIGRATION
ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions
**FREE**

### DIVORCE
- Petitions
- Child Support
- Child Visitation
- Child Custody
- Modification
- ...& related matters




LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY | CREDIT REPAIR/CLEAR
SMALL CLAIM COURT CASES ...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ
## Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons
open 6am to midnight

Phone: 765-478-6300


Watch Your Favorite Channel
FREE PREVIEW
jus
punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com




SAVE UPTO 24¢

PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਬਾਦਲਾਂ ਦਾ ਚਹੇਤਾ ਰਜਨੀਸ਼ ਅਰੋੜਾ ਪੁਲੀਸ ਸਿਕੰਜੇ ਵਿਚ

## *ਵਿਜੀਲੈਂਸ ਨੇ ਪੀਟੀਯੂ ਦੇ ਸਾਬਕਾ ਉਪ ਕੁਲਪਤੀ ਉੱਤੇ ਫੰਡਾਂ 'ਚ ਵੱਡੀ ਪੱਧਰ ਉੱਤੇ ਹੇਰਾਫਰੀਆਂ ਕਰਨ ਦੇ ਦੋਸ਼ ਹੇਠ ਦਰਜ ਕੀਤਾ ਹੈ ਅਪਰਾਧਕ ਮਾਮਲਾ*

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਵਿਜੀਲੈਂਸ ਬਿਊਰੋ ਨੇ ਆਈ.ਕੇ ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਪੀ.ਟੀ.ਯੂ.) ਕਪੂਰਥਲਾ ਦੇ ਸਾਬਕਾ ਉਪ ਕੁਲਪਤੀ ਡਾ. ਰਜਨੀਸ਼ ਅਰੋੜਾ ਨੂੰ ਉਸਦੇ ਕਾਰਜਕਾਲ ਦੌਰਾਨ ਯੂਨੀਵਰਸਿਟੀ ਵਿੱਚ ਵਿੱਤੀ ਅਤੇ ਪ੍ਰਬੰਧਕੀ ਬੇਨਿਯਮੀਆਂ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਕੇ ਜਲੰਧਰ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਉਸ ਦਾ ਚਾਰ ਦਿਨਾਂ ਦਾ ਰਿਮਾਂਡ ਦਿੱਤਾ ਹੈ।

ਬਿਊਰੋ ਤੋਂ ਹਾਸਲ ਜਾਣਕਾਰੀ ਮੁਤਾਬਕ ਸਾਲ 2012-2013 ਦੌਰਾਨ ਪੀ.ਟੀ.ਯੂ. ਵਿੱਚ ਵਿੱਤੀ ਅਤੇ ਪ੍ਰਬੰਧਕੀ ਬੇਨਿਯਮੀਆਂ ਸਬੰਧੀ ਪੜਤਾਲ ਸੇਵਾਮੁਕਤ ਆਈਏਐਸ ਐਸ. ਐਸ. ਢਿੱਲੋਂ ਵੱਲੋਂ ਕੀਤੀ ਗਈ, ਜਿਸ ਉਪਰੰਤ ਮਾਮਲਾ ਅਗਲੇਰੀ ਕਾਰਵਾਈ ਹਿੱਤ ਵਿਜੀਲੈਂਸ ਬਿਊਰੋ ਕੋਲ ਭੇਜਿਆ ਗਿਆ। ਪੜਤਾਲੀਆ ਰਿਪੋਰਟ ਬਾਰੇ ਕਾਨੂੰਨੀ ਰਾਇ ਦੇ ਅਧਾਰ 'ਤੇ ਡਾ. ਰਜਨੀਸ਼ ਅਰੋੜਾ ਅਤੇ ਹੋਰਨਾਂ ਖਿਲਾਫ਼ ਧਾਰਾ 409, 120-ਬੀ, ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) (ਡੀ) ਅਤੇ 13 (2) ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿੱਚ ਕੇਸ ਦਰਜ ਕੀਤਾ ਗਿਆ।

ਵਿਜੀਲੈਂਸ ਮੁਤਾਬਕ ਜਾਂਚ ਵਿੱਚ ਪਤਾ ਚੱਲਿਆ ਕਿ ਡਾ. ਅਰੋੜਾ ਵੱਲੋਂ 6 ਕੋਆਰਡੀਨੇਟਰਾਂ ਅਤੇ ਫੈਸੀਲਿਟੇਟਰਾਂ ਦੀ ਨਿਯੁਕਤੀ ਬਗੈਰ ਕਿਸੇ ਇਸ਼ਤਿਹਾਰ ਦੇ ਮਨਮਾਨੇ ਢੰਗ ਨਾਲ ਕੀਤੀ ਗਈ। ਇਨ੍ਹਾਂ 6 ਸੀ.ਐਂਡ.ਐਫਜ਼ ਨੂੰ ਸਾਲ 2012-13 ਵਿੱਚ 2.73 ਕਰੋੜ ਰੁਪਏ ਅਤੇ ਸਾਲ 2013-14 ਵਿੱਚ 6.53 ਕਰੋੜ ਰੁਪਏ ਦੀਆਂ ਅਦਾਇਗੀਆਂ ਕੀਤੀਆਂ ਗਈਆਂ। ਵਿਜੀਲੈਂਸ ਦਾ ਦਾਅਵਾ ਹੈ ਪੀ.ਟੀ.ਯੂ. ਵਿੱਚ ਡਾ. ਨਛੱਤਰ ਸਿੰਘ ਸਲਾਹਕਾਰ (ਡੈਪੂਟੇਸ਼ਨ) ਅਤੇ ਡਾ. ਆਰ.ਪੀ ਭਾਰਦਵਾਜ ਡਾਇਰੈਕਟਰ (ਕੰਟਰੈਕਟ) ਨੂੰ ਨਿਯੁਕਤ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਵੱਲੋਂ ਕੋਈ ਇਸ਼ਤਿਹਾਰ ਨਹੀਂ ਦਿੱਤਾ ਗਿਆ ਅਤੇ ਨਾ ਹੀ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰਿਆਂ ਵਿੱਚ ਇਸ ਅਸਾਮੀ ਦੀ ਭਰਤੀ ਬਾਰੇ ਕੋਈ ਸਰਕੂਲਰ ਭੇਜਿਆ ਗਿਆ। ਇਨ੍ਹਾਂ ਵਿਅਕਤੀਆਂ ਨੂੰ ਸਿੱਧੇ ਤੌਰ 'ਤੇ ਭਰਤੀ ਕਰ ਲਿਆ ਗਿਆ। ਇਸ ਤੋਂ ਇਲਾਵਾ ਵਿਸ਼ਵਦੀਪ ਸਹਾਇਕ ਰਜਿਸਟਰਾਰ (ਐਡਹਾਕ), ਮਰਗਿੰਦਰ ਸਿੰਘ ਬੇਦੀ ਸਹਾਇਕ ਟ੍ਰੇਨਿੰਗ ਤੇ ਪਲੇਸਮੈਂਟ ਅਫਸਰ ਅਤੇ ਸੁਮੀਰ ਸ਼ਰਮਾ ਸਹਾਇਕ ਨਿਰਦੇਸ਼ਕ ਸੱਭਿਆਚਾਰਕ ਗਤੀਵਿਧੀਆਂ ਨੂੰ ਠੇਕੇ 'ਤੇ ਨਿਯੁਕਤ ਕਰਨ ਸਮੇਂ ਨਿਯਮਾਂ ਅੁਨਸਾਰ ਕਾਰਵਾਈ ਨਹੀਂ ਕੀਤੀ ਗਈ। ਸ੍ਰੀਮਤੀ ਗੀਤਿਕਾ ਸੂਦ ਲੀਗਲ ਅਫਸਰ (ਰੈਗੂਲਰ) ਦੀ ਨਿਯੁਕਤੀ ਲੋੜੀਂਦੇ ਤਜਰਬਾ ਸਰਟੀਫਿਕੇਟ ਤੋਂ ਬਗੈਰ ਕੀਤੀ ਗਈ। ਇਸੇ ਤਰ੍ਹਾਂ ਅਸ਼ੀਸ ਸ਼ਰਮਾ ਪ੍ਰੋਗਰਾਮਰ (ਰੈਗੂਲਰ) ਵੀ ਨਿਯੁਕਤੀ ਸਮੇਂ ਅਸਾਮੀ ਲਈ ਲੋੜੀਂਦਾ ਤਜਰਬਾ ਪੂਰਾ ਨਹੀਂ ਕਰਦਾ ਸੀ। ਡਾ. ਅਰੋੜਾ ਨੇ ਆਪਣੇ ਜਮਾਤੀ ਪ੍ਰਵੀਨ ਕੁਮਾਰ ਨੂੰ ਮੈਸਰਜ਼ ਐਨਈਟੀਆਈਆਈਟੀ ਲਈ ਸਲਾਹਕਾਰ ਨਿਯੁਕਤ ਕਰ ਕੇ ਉਸ ਦੀ ਕੰਪਨੀ ਨੂੰ ਮੋਟੀਆਂ ਰਕਮਾਂ ਅਦਾ ਕੀਤੀਆਂ। ਤਫ਼ਤੀਸ਼ ਦੌਰਾਨ ਉਕਤ ਸਲਾਹਕਾਰ ਦੀ ਨਿਯੁਕਤੀ ਅਤੇ ਅਦਾਇਗੀਆਂ ਵਿੱਚ ਵੱਡੀਆਂ ਖਾਮੀਆਂ ਮਿਲੀਆਂ। ਯੂਨੀਵਰਸਿਟੀ ਨੂੰ ਕੰਸਲਟੈਂਟ ਦੀ ਨਿਯੁਕਤੀ ਨੂੰ ਤੁਰੰਤ ਵਾਪਸ ਲੈਣ ਦੀ ਹਦਾਇਤ ਕੀਤੀ ਗਈ ਸੀ ਪ੍ਰੰਤੂ ਇਹ ਨਿਯੁਕਤੀ ਵਾਪਸ ਨਹੀਂ ਲਈ ਗਈ। ਇਸ ਵਿਅਕਤੀ ਨੂੰ ਦਸੰਬਰ 2014 ਤੱਕ ਵੀ ਕੰਮਾਂ ਦੀ ਲਗਾਤਾਰ ਅਦਾਇਗੀ ਹੁੰਦੀ ਰਹੀ ਜੋ ਕੁੱਲ 24.37 ਕਰੋੜ ਰੁਪਏ ਸੀ। ਵਿਜੀਲੈਂਸ ਪੁਲੀਸ ਲਾਈਨ ਕਪੂਰਥਲਾ ਵਿੱਚ ਸੋਲਰ ਲਾਈਟਾਂ ਲਗਵਾਉਣ ਉਪਰ ਯੂਨੀਵਰਸਿਟੀ ਵੱਲੋਂ 5.60 ਲੱਖ ਰੁਪਏ ਦੀ ਅਦਾਇਗੀ ਯੂਨੀਵਰਸਿਟੀ ਐਕਟ ਦੀ ਧਾਰਾ 4(17) ਦੇ



ਖ਼ਿਲਾਫ਼ ਜਾ ਕੇ ਕੀਤੀ ਗਈ। ਸਿਤਮ ਇਹ ਰਿਹਾ ਕਿ ਇਸ ਸਬੰਧੀ ਫਾਈਲ ਖੁਰਦ-ਬੁਰਦ ਕਰ ਦਿੱਤੀ ਗਈ। ਵਿਜੀਲੈਂਸ ਮੁਤਾਬਕ ਡਾ. ਅਰੋੜਾ ਅਤੇ ਮੈਸਰਜ਼ ਐਨਈਟੀਆਈਆਈਟੀ ਦੀ ਮਿਲੀਭੁਗਤ ਨਾਲ ਦਿੱਲੀ ਕੈਂਪ ਆਫਿਸ ਖੋਲ੍ਹ ਕੇ 1.65 ਕਰੋੜ ਰੁਪਏ ਦੀ ਫਜ਼ੂਲ ਖਰਚੀ ਕੀਤੀ ਗਈ। ਡਾ. ਅਰੋੜਾ ਨੇ ਧਰਿੰਦਰ ਤਾਇਲ ਦੁਆਰਾ ਚੰਡੀਗੜ੍ਹ ਵਿਖੇ ਸਥਾਪਿਤ ਕੀਤੇ ਗਏ ਡਾਇਰੈਕਟ ਲਰਨਿੰਗ ਸੈਂਟਰ ਨੂੰ ਹੋਰਨਾਂ ਲਰਨਿੰਗ ਸੈਂਟਰਾਂ ਮੁਕਾਬਲੇ ਵੱਧ ਫੀਸ ਚਾਰਜ ਕਰਨ ਦੀ ਆਗਿਆ ਦੇ ਕੇ ਉਸ ਨੂੰ ਵਿੱਤੀ ਲਾਭ ਪਹੁੰਚਾਇਆ। ਯੂ.ਜੀ.ਸੀ ਵੱਲੋਂ ਸਪੱਸ਼ਟੀਕਰਨ ਦਿੱਤੇ ਜਾਣ ਉਪਰੰਤ ਵੀ ਉਕਤ ਇੰਸਟੀਚਿਊਟ ਨੂੰ ਪੀ.ਟੀ.ਯੂ ਦੇ ਸੀਮਾ ਖੇਤਰ ਤੋਂ ਬਾਹਰ ਅਰਥਾਤ ਚੰਡੀਗੜ੍ਹ ਤੋਂ ਸੰਸਥਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ।

# ਘੋਨ-ਮੋਨ ਮੀਕਾ ਸਿੰਘ ਤੋਂ ਕੀਰਤਨ ਕਰਾਏ ਜਾਣ ਵਿਰੁਧ ਸਿੱਖ ਸੰਗਤਾਂ 'ਚ ਭਾਰੀ ਰੋਸ

**ਅੰਮ੍ਰਿਤਸਰ/ਬਿਊਰੋ ਨਿਊਜ਼:** ਮੁੰਬਈ ਵਿੱਚ ਇਕ ਸਿੱਖ ਵੱਲੋਂ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਾਏ ਗੁਰਮਤਿ ਸਮਾਗਮ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਤਿਤ ਸਿੱਖ ਗਾਇਕ ਮੀਕਾ ਸਿੰਘ ਕੋਲੋਂ ਗੁਰਬਾਣੀ ਦਾ ਕੀਰਤਨ ਕਰਾ ਕੇ ਸਿੱਖ ਰਹਿਤ ਮਰਿਆਦਾ ਦੀ ਹੋਈ ਉਲੰਘਣਾ ਦਾ ਮਾਮਲਾ ਭਖ਼ ਗਿਆ ਹੈ। ਇਸ ਸਮਾਗਮ ਵਿੱਚ ਤਿੰਨ ਤਖ਼ਤਾਂ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਧਿਕਾਰੀ ਵੀ ਹਾਜ਼ਰ ਸਨ। ਵਿਰੋਧ ਕਰ ਰਹੀਆਂ ਸਿੱਖ ਧਿਰਾਂ ਨੇ ਮੰਗ ਕੀਤੀ ਹੈ ਕਿ ਜਥੇਦਾਰ ਇਸ ਉਲੰਘਣਾ ਲਈ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣ। ਇਹ ਗੁਰਮਤਿ ਸਮਾਗਮ ਉਂਜ ਵੀ ਮੂਲ ਨਾਨਕਸ਼ਾਹੀ ਕੈਲੰਡਰ ਵਿੱਚ ਸ਼ਾਮਲ ਪ੍ਰਕਾਸ਼ ਪੁਰਬ ਦੀ ਮਿਤੀ ਮੁਤਾਬਕ ਮਨਾਇਆ ਗਿਆ ਹੈ, ਜਿਸ ਨੂੰ ਅਕਾਲ ਤਖ਼ਤ ਤੋਂ ਸੋਧਿਆ ਜਾ ਚੁੱਕਾ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਉਸ ਨੂੰ ਅਪਣਾਇਆ ਜਾ ਚੁੱਕਾ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਸਿੱਖ ਧਾਰਮਿਕ ਆਗੂਆਂ ਦੀ ਆਲੋਚਨਾ ਹੋ ਰਹੀ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਕੱਲ੍ਹ ਹੋਏ ਸਮਾਗਮ ਵਿੱਚ ਤਿੰਨ ਤਖ਼ਤਾਂ ਦੇ ਜਥੇਦਾਰ ਜਿਨ੍ਹਾਂ ਵਿੱਚ ਅਕਾਲ ਤਖ਼ਤ, ਤਖ਼ਤ ਹਜ਼ੂਰ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਸ਼ਾਮਲ ਸਨ, ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਮੁੱਖ ਸਕੱਤਰ ਡਾ. ਰੂਪ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਸਿੱਖ ਰਹਿਤ ਮਰਿਆਦਾ ਤੇ ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਇਸ ਸਮਾਗਮ ਦਾ ਸਿੱਧਾ ਪ੍ਰਸਾਰਨ ਵੀ ਇਕ ਟੀਵੀ ਚੈਨਲ 'ਤੇ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਮਾਗਮ ਵਿੱਚ ਇਨ੍ਹਾਂ ਧਾਰਮਿਕ ਆਗੂਆਂ ਦੀ ਹਾਜ਼ਰੀ ਵਿੱਚ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਸੀ, ਉਥੇ ਹੀ ਇਕ ਪਤਿਤ ਸਿੱਖ ਗਾਇਕ ਮੀਕਾ ਸਿੰਘ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਤਿਤ ਸਿੱਖ ਨੂੰ ਸਿਰੋਪਾਓ ਵੀ ਦਿੱਤਾ ਗਿਆ ਤੇ ਫਿਲਮੀ ਕਲਾਕਾਰਾਂ ਦਾ ਵੀ ਸਨਮਾਨ ਕੀਤਾ ਗਿਆ। ਇਕ ਮਹਿਲਾ ਕਲਾਕਾਰ ਕੋਲੋਂ ਗੁਰੂ ਦੀ ਹਾਜ਼ਰੀ ਵਿੱਚ ਮੱਥਾ ਵੀ ਟਿਕਵਾਇਆ, ਜੋ ਗੁਰ ਮਰਿਆਦਾ ਦੀ ਉਲੰਘਣਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਥਕ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਇਸ ਮਾਮਲੇ ਵਿੱਚ ਜਥੇਦਾਰਾਂ ਸਮੇਤ ਸ਼੍ਰੋਮਣੀ



ਕਮੇਟੀ ਪ੍ਰਧਾਨ ਤੇ ਹੋਰਾਂ ਨੂੰ ਸਿੱਖ ਪੰਥ ਕੋਲੋਂ ਖਿਮਾ ਯਾਚਨਾ ਕਰਨੀ ਚਾਹੀਦੀ ਹੈ। ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਪ੍ਰਮੁੱਖ ਡਿਊਟੀ ਵਿੱਚ ਪੰਥਕ ਰਹਿਤ ਮਰਿਆਦਾ ਨੂੰ ਲਾਗੂ ਕਰਾਉਣਾ ਵੀ ਸ਼ਾਮਲ ਹੈ, ਪਰ ਮੁੰਬਈ ਵਿੱਚ ਹੋਏ ਸਮਾਗਮ ਦੌਰਾਨ ਪਹਿਰੇਦਾਰਾਂ ਦੇ ਸਾਹਮਣੇ ਰਹਿਤ ਮਰਿਆਦਾ ਦੀ ਉਲੰਘਣਾ ਹੋਈ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਅਤੇ ਮੌਜੂਦਾ ਮੈਂਬਰ ਕਿਰਨਜੋਤ ਕੌਰ ਨੇ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਇਸ ਮਾਮਲੇ ਵਿੱਚ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।

ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਿਸੇ ਵੀ ਮਿਤੀ ਨੂੰ ਕਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਰਹਿਤ ਮਰਿਆਦਾ ਦੀ ਕੋਈ ਉਲੰਘਣਾ ਹੋਈ ਹੈ ਤਾਂ ਤਖ਼ਤਾਂ ਦੇ ਜਥੇਦਾਰ ਵੀ ਉਥੇ ਸਨ, ਜਿਨ੍ਹਾਂ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਸੀ।

## ਮੀਕੇ ਤੋਂ ਕੀਰਤਨ ਸਬੰਧੀ ਜਥੇਦਾਰ ਵੀ ਤਲਬ ਕੀਤੇ ਜਾਣ-ਸਰਨਾ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਮੁੰਬਈ ਵਿੱਚ ਗੁਰਮਤਿ ਸਮਾਗਮ ਦੌਰਾਨ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਵਿੱਚ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੂੰ ਪੱਤਰ ਲਿਖ ਕੇ ਅਪੀਲ ਕਰਨਗੇ ਕਿ ਗੁਰਮਤਿ ਸਮਾਗਮ ਵਿੱਚ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਤਖ਼ਤਾਂ ਦੇ ਜਥੇਦਾਰ ਤੇ ਹੋਰਾਂ ਨੂੰ ਤਲਬ ਕਰਕੇ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ। ਮੁੰਬਈ ਵਿੱਚ ਗੁਰਪੁਰਬ ਸਮਾਗਮ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਕਰਾਏ ਗੁਰਮਤਿ ਸਮਾਗਮ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਤਿਤ ਸਿੱਖ ਗਾਇਕ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਸੀ। ਸਮਾਗਮ ਵਿੱਚ ਤਿੰਨ ਤਖ਼ਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੀ ਹਾਜ਼ਰ ਸਨ, ਜਿਨ੍ਹਾਂ ਮਰਿਆਦਾ ਦੀ ਉਲੰਘਣਾ ਦਾ ਨੋਟਿਸ ਨਹੀਂ ਲਿਆ, ਜਿਸ ਦਾ ਸਿੱਖ ਸੰਗਤ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਅੱਜ ਇਸ ਮਾਮਲੇ ਵਿੱਚ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਿੱਖ ਸੰਗਤ ਨੂੰ ਜਥੇਦਾਰਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਉਹ ਇੱਥੇ ਇੰਦਰਪ੍ਰੀਤ ਸਿੰਘ ਚੱਢਾ ਨਮਿਤ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਆਏ ਸਨ ਅਤੇ ਇਸ ਦੌਰਾਨ ਉਨ੍ਹਾਂ ਹਰਿਮੰਦਰ ਸਾਹਿਬ ਮੱਥਾ ਟੇਕਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਪਤਿਤ ਸਿੱਖ ਗਾਇਕ ਮੀਕਾ ਸਿੰਘ ਕੀਰਤਨ ਕਰ ਰਿਹਾ ਸੀ ਤਾਂ ਸਿੱਖ ਰਹਿਤ ਮਰਿਆਦਾ ਦੇ ਪਹਿਰੇਦਾਰਾਂ ਨੇ ਉਸ ਦਾ ਕੋਈ ਨੋਟਿਸ ਨਹੀਂ ਲਿਆ।

### ਭੌਰ ਤੇ ਗਿਆਨੀ ਕੇਵਲ ਸਿੰਘ ਵੱਲੋਂ ਨਿੰਦਾ

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਥਕ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਇਸ ਮਾਮਲੇ ਵਿੱਚ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰਾਂ ਨੂੰ ਸਿੱਖ ਪੰਥ ਕੋਲੋਂ ਖਿਮਾ ਯਾਚਨਾ ਕਰਨੀ ਚਾਹੀਦੀ ਹੈ।

### ਕਿਰਨਜੋਤ ਕੌਰ ਵੱਲੋਂ ਅਲੋਚਨਾ

ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਨੇ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਇਸ ਮਾਮਲੇ 'ਚ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।

### ਦਲ ਖਾਲਸਾ ਵੱਲੋਂ ਨਿੰਦਾ

ਦਲ ਖਾਲਸਾ ਦੇ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਕਿਹਾ ਹੈ ਕਿ ਕਿਹਾ ਹੈ ਕਿ ਗਿਆਨੀ ਗੁਰਬਚਨ ਸਿੰਘ ਵਰਗੇ ਲੋਕ ਆਰ ਐਸ ਐਸ ਦੇ ਗੁਲਾਮ ਨੇ ਜਿਨ੍ਹਾਂ ਦਾ ਕੰਮ ਸਿੱਖੀ ਨੂੰ ਖੋਰਾ ਲਾਉਣਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਹਾਜਰ ਹਜੂਰੀ ਵਿੱਚ ਮੱਥਾ ਟਿਕਵਾ ਕੇ ਗੁਰੂ ਦੇ ਸ਼ਰੀਕ ਬਨਣ ਦੀ ਹਿਮਾਕਤ ਵੀ ਕਰ ਲਈ ਹੈ ਤੇ ਇਹ ਪੰਥ ਦੇ ਸਬਰ ਦੀ ਇੰਤਹਾ ਹੈ।

### ਕੀ ਕਹਿੰਦੇ ਨੇ ਜਥੇਦਾਰ

ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੀਕਾ ਸਿੰਘ ਪਾਸੋਂ ਕੀਰਤਨ ਕਰਵਾਏ ਜਾਣ ਸਬੰਧੀ ਪ੍ਰਬੰਧਕਾਂ ਨੂੰ ਟੋਕ ਦਿੱਤਾ ਗਿਆ ਹੈ। ਭਵਿੱਖ ਵਿੱਚ ਅਜਿਹਾ ਨਹੀ ਹੋਵੇਗਾ। ਪਰ ਇਹ ਪੁੱਛੇ ਜਾਣ ਤੇ ਕਿ ਗਿਆਨੀ ਗੁਰਬਚਨ ਸਿੰਘ ਵਲੋਂ ਅਜਿਹੇ ਘੋਨ ਮੋਨ ਰਾਗੀ ਨੂੰ ਸਿਰੋਪਾਉ ਦੇਣਾ ਤੇ ਫਿਲਮੀ ਕਲਾਕਾਰਾਂ ਪਾਸੋਂ ਮੱਥਾ ਟਿਕਾਏ ਜਾਣ ਬਾਰੇ ਕੀ ਕਹੋਗੇ ਤਾਂ ਜਥੇਦਾਰ ਹਰਪ੍ਰੀਤ ਸਿੰਘ ਦਾ ਕਹਿਣਾ ਸੀ ਕਿ ਕਈ ਵਾਰ ਮੌਕੇ ਦੀ ਨਜਾਕਤ ਵੀ ਵੇਖਣੀ ਪੈਂਦੀ ਹੈ।

# ਪੀਟੀਯੂ ਦੇ ਸਾਬਕਾ ਵਾਈਸ ਚਾਂਸਲਰਾਂ ਤੇ ਵਿਜੀਲੈਂਸ ਦੀ ਪੁਰਾਣੀ ਸਾਂਝ

## *ਰਜਨੀਸ਼ ਅਰੋੜਾ ਤੋਂ ਪਹਿਲਾਂ ਡਾ. ਐਚ.ਐੱਸ. ਗੁਰਮ ਨੂੰ ਵੀ ਪੁਲੀਸ ਨੇ ਕੀਤਾ ਸੀ ਕਾਬੂ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਹੋਂਦ ਤੋਂ ਲੈ ਕੇ ਹੁਣ ਤੱਕ ਵਿਵਾਦਾਂ ਨੇ ਖਹਿੜਾ ਨਹੀਂ ਛੱਡਿਆ। ਪੀਟੀਯੂ ਦੇ ਸਾਬਕਾ ਵਾਈਸ ਚਾਂਸਲਰ ਡਾ. ਰਜਨੀਸ਼ ਅਰੋੜਾ ਵਿੱਤੀ ਬੇਨਿਯਮੀਆਂ ਕਾਰਨ ਵਿਜੀਲੈਂਸ ਦੇ ਅੜਿੱਕੇ ਚੜ੍ਹਨ ਵਾਲੇ ਦੂਜੇ ਵੀ.ਸੀ. ਹਨ। ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਡਾ. ਐਚ.ਐੱਸ. ਗੁਰਮ ਨੂੰ ਵੀ ਵਿਜੀਲੈਂਸ ਨੇ ਗ੍ਰਿਫ਼ਤਾਰ ਕੀਤਾ ਸੀ। ਅਹਿਮ ਗੱਲ ਇਹ ਹੈ ਕਿ ਪੀਟੀਯੂ ਵਿੱਚ ਵਾਈਸ ਚਾਂਸਲਰਾਂ ਵੱਲੋਂ ਬੇਨਿਯਮੀਆਂ ਅਕਾਲੀ-ਭਾਜਪਾ ਸਰਕਾਰ ਦੌਰਾਨ ਹੀ ਹੁੰਦੀਆਂ ਰਹੀਆਂ ਸਨ ਤੇ ਉਨ੍ਹਾਂ ਵਿਰੁੱਧ ਵਿਜੀਲੈਂਸ ਨੇ ਉਦੋਂ-ਉਦੋਂ ਹੀ ਕਾਰਵਾਈ ਕੀਤੀ ਹੈ ਜਦੋਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ, ਜਿਹੜੀ 1997 ਤੋਂ 2002 ਤੱਕ ਰਹੀ ਸੀ, ਉਸ ਸਮੇਂ ਦੌਰਾਨ ਪੀਟੀਯੂ ਵਿੱਚ ਵੱਡੇ ਪੱਧਰ 'ਤੇ ਘਪਲੇ ਸਾਹਮਣੇ ਆਏ ਸਨ, ਜਿਸ ਵਿੱਚ ਵਿੱਤੀ ਬੇਨਿਯਮੀਆਂ ਦੇ ਨਾਲ ਨਾਲ ਕਾਨੂੰਨ ਨੂੰ ਛਿੱਕੇ ਟੰਗ ਕੇ 95 ਮੁਲਾਜ਼ਮ ਭਰਤੀ ਕਰਨ ਦਾ ਮਾਮਲਾ ਕਾਫ਼ੀ ਭਖ਼ਿਆ ਸੀ। ਪੰਜਾਬ ਵਿੱਚ ਜਦੋਂ 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਸੀ, ਉਦੋਂ ਡਾ. ਐਚ.ਐੱਸ. ਗੁਰਮ ਵਿਰੁੱਧ ਵਿਜੀਲੈਂਸ ਨੇ ਸ਼ਿਕੰਜਾ ਕੱਸਦਿਆਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਕਾਂਗਰਸ ਸਰਕਾਰ ਦੇ ਹੁੰਦਿਆਂ ਹੀ ਪੀਟੀਯੂ ਦੇ ਵਾਈਸ ਚਾਂਸਲਰ ਬਣਨ ਵਾਲਿਆਂ ਵਿੱਚ ਵਾਈ.ਐੱਸ. ਰਾਜਨ ਅਤੇ ਐਸ.ਕੇ. ਸਲਵਾਨ ਵਰਗੇ ਨਾਮਵਰ ਸਾਇੰਸਦਾਨ ਵੀ ਰਹੇ ਸਨ, ਪਰ ਪੀਟੀਯੂ ਦੇ ਪ੍ਰਬੰਧਕੀ ਢਾਂਚੇ ਵਿੱਚ ਫੈਲੇ ਭ੍ਰਿਸ਼ਟਾਚਾਰ ਨੇ ਉਨ੍ਹਾਂ ਦੀ ਵੀ ਪੇਸ਼ ਨਹੀਂ ਸੀ ਜਾਣ ਦਿੱਤੀ। ਕਾਂਗਰਸ ਸਰਕਾਰ ਦੇ ਬਦਲਣ ਤੋਂ ਬਾਅਦ 10 ਸਾਲ ਅਕਾਲੀ-ਭਾਜਪਾ ਗੱਠਜੋੜ ਦਾ ਕਾਰਜਕਾਲ ਪੀਟੀਯੂ ਲਈ ਸਭ ਤੋਂ ਮਾੜਾ ਗਿਣਿਆ ਜਾਣ ਲੱਗਾ, ਜਦੋਂ ਇਸੇ ਯੂਨੀਵਰਸਿਟੀ ਦੇ ਫੰਡਾਂ ਵਿੱਚੋਂ ਫੰਡ ਕੱਢ ਕੇ ਬਠਿੰਡਾ ਵਿੱਚ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਣਾ ਦਿੱਤੀ ਗਈ ਸੀ। ਪੀਟੀਯੂ ਦਾ ਨਾਂ ਵੀ ਬਦਲ ਕੇ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਰੱਖ ਦਿੱਤਾ ਗਿਆ ਸੀ। ਰਜਨੀਸ਼ ਅਰੋੜਾ ਪੀਟੀਯੂ ਦੇ ਕਾਫ਼ੀ ਲੰਮੇ ਸਮੇਂ ਤੱਕ ਵਾਈਸ ਚਾਂਸਲਰ ਰਹੇ ਤੇ ਕਈ ਵਾਰ ਉਨ੍ਹਾਂ ਦੇ ਅਹੁਦੇ ਦੀ ਮਿਆਦ ਵੀ ਵਧਾਈ ਗਈ ਸੀ। ਜਾਣਕਾਰੀ ਅਨੁਸਾਰ ਪੀਟੀਯੂ ਨੂੰ ਭਾਜਪਾ ਦੇ ਕੋਟੇ ਵਾਲੀ ਯੂਨੀਵਰਸਿਟੀ ਮੰਨਿਆ ਜਾਂਦਾ ਸੀ ਤੇ ਇਸ ਵਿੱਚ ਰਜਨੀਸ਼ ਅਰੋੜਾ ਵੱਲੋਂ ਭਰਤੀ ਕੀਤੇ ਸਟਾਫ ਤੇ ਆਰ.ਐਸ.ਐਸ. ਦੇ ਪਿਛੋਕੜ ਵਾਲੇ ਹੋਣ ਦੇ ਦੋਸ਼ ਵੀ ਲੱਗਦੇ ਰਹੇ ਸਨ।

ਕੈਪਟਨ ਸਰਕਾਰ ਬਣਨ ਤੋਂ ਬਾਅਦ ਜਦੋਂ ਆਈ.ਏ.ਐਸ. ਅਫ਼ਸਰ ਕਾਹਨ ਸਿੰਘ ਪੰਨੂੰ ਨੂੰ ਪੀਟੀਯੂ ਦਾ ਵਾਈਸ ਚਾਂਸਲਰ ਲਾਇਆ ਗਿਆ ਸੀ ਤਾਂ ਉਨ੍ਹਾਂ ਵੱਲੋਂ ਫਰੋਲੀਆਂ ਫਾਈਲਾਂ ਵਿੱਚੋਂ ਰਜਨੀਸ਼ ਅਰੋੜਾ ਦੀਆਂ ਵਿੱਤੀ ਬੇਨਿਯਮੀਆਂ ਸਾਹਮਣੇ ਆਉਣ ਲੱਗੀਆਂ ਸਨ ਤਾਂ ਅੰਦਰਖਾਤੇ ਆਰ.ਐਸ. ਐਸ. ਵੱਲੋਂ ਪਾਏ ਦਬਾਅ ਦੇ ਚੱਲਦਿਆਂ ਹੀ ਕਾਹਨ ਸਿੰਘ ਪੰਨੂੰ ਦੀ ਬਦਲੀ ਕਰ ਦਿੱਤੀ ਗਈ ਸੀ। ਹੁਣ ਰਜਨੀਸ਼ ਅਰੋੜਾ ਦੀ ਕੀਤੀ ਗ੍ਰਿਫ਼ਤਾਰੀ ਤੋਂ ਬਾਅਦ ਭਾਜਪਾ ਹਲਕਿਆਂ ਵਿੱਚ ਹੈਰਾਨੀ ਪਾਈ ਜਾ ਰਹੀ ਹੈ। ਪੰਜਾਬ ਭਾਜਪਾ ਦੇ ਬੁਲਾਰੇ ਰਾਕੇਸ਼ ਸ਼ਾਂਤੀਦੂਤ ਨੇ ਰਜਨੀਸ਼ ਅਰੋੜਾ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਹੈ।

# ਕੱਪੜੇ ਉਤਰਵਾ ਕੇ ਚੈਕਿੰਗ, ਫਿਰ ਵੀ ਜੇਲ੍ਹਾਂ 'ਚ ਪੁੱਜ ਰਹੇ ਮੋਬਾਈਲ

***• ਛੇ ਮਹੀਨੇ 'ਚ ਸੂਬੇ ਦੀਆਂ ਜੇਲ੍ਹਾਂ ਤੋਂ ਮਿਲੇ ਤਕਰੀਬਨ 200 ਮੋਬਾਈਲ • 180 ਕੈਦੀਆਂ 'ਤੇ ਕੇਸ ਪਰ ਗੈਂਗਸਟਰਾਂ 'ਤੇ ਮੇਹਰਬਾਨ ਪੁਲੀਸ***

- **ਸੈਂਟਰਲ ਜੇਲ੍ਹ 'ਚ ਬੰਦ ਗੈਂਗਸਟਰਾਂ ਦੀਆਂ ਮੌਜਾਂ**
- **ਖਾਣ ਨੂੰ ਪਹੁੰਚ ਰਹੇ ਨੇ ਪੀਜ਼ਾ-ਬਰਗਰ**
- **ਸੇਵਾ ਲਈ ਚਾਰ ਕੈਦੀ ਤਾਇਨਾਤ**
- **ਗੈਂਗਸਟਰਾਂ ਹੱਥੋਂ ਪ੍ਰੇਸ਼ਾਨ ਨੇ ਜੇਲ੍ਹ ਮੁਲਾਜ਼ਮ**

**ਫਿਰੋਜ਼ਪੁਰ/ਬਿਊਰੋ ਨਿਊਜ਼**

ਜੇਲ੍ਹਾਂ ਤੋਂ ਗੈਂਗਸਟਰ ਲਗਾਤਾਰ ਆਪਣੇ ਗਿਰੋਹ ਆਪਰੇਟ ਕਰ ਰਹੇ ਹਨ। ਬਕਾਇਦਾ ਸੋਸ਼ਲ ਮੀਡੀਆ 'ਤੇ ਵੀ ਸਰਗਰਮ ਹਨ। ਇਸ 'ਤੇ ਰੋਕ ਲਗਾਉਣ ਦੀ ਜ਼ਿੰਮੇਵਾਰੀ ਜਿਨ੍ਹਾਂ 'ਤੇ ਹੈ, ਉਹ ਕਾਰਵਾਈ ਦੇ ਨਾਂ 'ਤੇ ਸਿਰਫ਼ ਖਾਨਾਪੂਰਤੀ ਕਰ ਰਹੇ ਹਨ। ਕਿਸੇ ਨੂੰ ਧਮਕੀ ਦੇਣੀ ਹੋਵੇ ਜਾਂ ਕਿਸੇ ਦੀ ਸੁਪਾਰੀ ਲੈਣੀ ਹੋਵੇ, ਸਾਰਾ ਕੰਮ ਗੈਂਗਸਟਰ ਜੇਲ੍ਹਾਂ ਵਿਚ ਬੈਠੇ ਅਰਾਮ ਨਾਲ ਕਰ ਰਹੇ ਹਨ, ਪਰ ਪੁਲੀਸ ਸਿਰਫ਼ ਉਸੇ ਵੇਲੇ ਸਰਗਰਮ ਹੁੰਦੀ ਹੈ, ਜਦੋਂ ਇਹ ਗਿਰੋਹ ਕਿਸੇ ਘਟਨਾ ਨੂੰ ਅੰਜਾਮ ਦਿੰਦਾ ਹੈ। ਫਿਰ ਸ਼ੁਰੂ ਹੁੰਦੀ ਹੈ ਜੇਲ੍ਹਾਂ ਦੀ ਵਿਸ਼ੇਸ਼ ਚੈਕਿੰਗ, ਜਿਸ ਵਿਚ ਇਕ ਦੋ ਮੋਬਾਈਲ ਫੜ ਕੇ ਜ਼ਿੰਮੇਵਾਰੀ ਨਿਭਾਅ ਦਿੱਤੀ ਜਾਂਦੀ ਹੈ। ਹਰ ਵਾਰ ਮੰਗ ਉੱਠਦੀ ਹੈ ਕਿ ਜੇਲ੍ਹਾਂ ਵਿਚ ਜੈਮਰ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਕਿ ਕੋਈ ਵੀ ਅਪਰਾਧੀ ਜੇਲ੍ਹ ਤੋਂ ਮੋਬਾਈਲ ਦੀ ਵਰਤੋਂ ਨਾ ਕਰ ਸਕੇ। ਸੁਆਲ ਇਹ ਹੈ ਕਿ ਅਖੀਰ ਜੇਲ੍ਹਾਂ ਵਿਚ ਮੋਬਾਈਲ ਪਹੁੰਚ ਕਿਵੇਂ ਜਾਂਦਾ ਹੈ। ਇਸ ਦੌਰਾਨ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਤੋਂ 200 ਮੋਬਾਈਲ ਫੋਨ ਬਰਾਮਦ ਹੋਏ। ਕਾਹਲੀ-ਕਾਹਲੀ ਵਿਚ ਜਿਸ ਕੈਦੀ ਤੋਂ ਮੋਬਾਈਲ ਮਿਲਿਆ, ਉਸ ਦੇ ਖ਼ਿਲਾਫ਼ ਨਵਾਂ ਕੇਸ ਦਰਜ ਕਰਕੇ ਜ਼ਿੰਮੇਵਾਰੀ ਨਿਭਾਅ ਦਿੱਤੀ ਗਈ। 180 ਕੈਦੀਆਂ ਦੇ ਖ਼ਿਲਾਫ਼ ਕੇਸ ਦਰਜ ਹੋਏ, ਤਾਂ ਸਿਰਫ਼ 8 ਜੇਲ੍ਹ ਮੁਲਾਜ਼ਮਾਂ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ।

ਜੇਲ੍ਹਾਂ ਦੀ ਸੁਰੱਖਿਆ ਦੀ ਗੱਲ ਕਰੀਏ, ਤਾਂ ਉੱਥੇ ਮੁਲਾਕਾਤੀ ਦੀ ਕਿਸੇ ਕੈਦੀ ਨਾਲ ਮਿਲਣ ਤੋਂ ਪਹਿਲਾਂ ਦੋ ਜਾਂ ਤਿੰਨ ਥਾਵਾਂ 'ਤੇ ਚੈਕਿੰਗ ਹੁੰਦੀ ਹੈ। ਚੈਕਿੰਗ ਵੀ ਅਜਿਹੀ ਕਿ ਕੋਈ ਸੂਈ ਤੱਕ ਨਹੀਂ ਲਿਜਾ ਸਕਦਾ। ਕਈ ਜੇਲ੍ਹਾਂ ਵਿਚ ਤਾਂ ਨਾ ਸਿਰਫ਼ ਆਦਮੀਆਂ, ਸਗੋਂ ਔਰਤਾਂ ਦੀ ਵੀ ਚੈਕਿੰਗ ਹੁੰਦੀ ਹੈ ਕਿ ਦੂਜੀ ਵਾਰ ਜੇਲ੍ਹ ਵਿਚ ਮੁਲਾਕਾਤ ਕਰਨ ਤੋਂ ਹੀ ਲੋਕ ਕਤਰਾਉਣ ਲੱਗਦੇ ਹਨ। ਨਾ ਤਾਂ ਤੁਸੀਂ ਕੋਈ ਸਾਮਾਨ ਲਿਜਾ ਸਕਦੇ ਹੋ ਜੇ ਜੇਕਰ ਲੈ ਕੇ ਜਾਣਾ ਵੀ ਹੋਵੇ ਤਾਂ ਤਲਾਸ਼ੀ ਤੋਂ ਬਾਅਦ ਜੇਲ੍ਹ ਦੇ ਅੰਦਰੋਂ ਹੀ ਸਾਮਾਨ ਖ਼ਰੀਦ ਕੇ ਲਿਜਾ ਸਕਦੇ ਹੋ। ਅਜਿਹੀ ਹਾਲਤ ਵਿਚ ਜੇਲ੍ਹ ਵਿਚ ਮੋਬਾਈਲ ਕਿਵੇਂ ਪਹੁੰਚ ਰਹੇ ਹਨ। ਜੇਲ੍ਹ ਪ੍ਰਸ਼ਾਸਨ ਦੇ ਕੋਲ ਕੋਈ ਜਵਾਬ ਨਹੀਂ ਹੈ।

### ਕਾਰਵਾਈ ਕਰਾਂਗੇ-ਏਡੀਜੀਪੀ

ਏਡੀਜੀਪੀ ਇੰਦਰਪਾਲ ਸਿੰਘ ਸਹੋਤਾ ਦਾ ਕਹਿਣਾ ਹੈ ਕਿ ਗੈਂਗਸਟਰਾਂ ਦੇ ਕੰਮ-ਕਾਜ ਲਈ ਕੈਦੀ ਨਹੀਂ ਲਗਾ ਸਕਦੇ। ਉਨ੍ਹਾਂ ਨੂੰ ਜੇਲ੍ਹ ਵਿਚ ਵੀਆਈਪੀ ਸਹੂਲਤ ਮੁਹੱਈਆ ਕਰਵਾਈ ਗਈ ਹੈ ਤਾਂ ਸੰਬੰਧਿਤ ਜੇਲ੍ਹ ਅਧਿਕਾਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹਾਲਾਂ ਕਿ ਜੇਲ੍ਹ ਦੇ ਅੰਦਰ ਸੀਸੀਟੀਵੀ ਕੈਮਰੇ ਲਗਾਏ ਗਏ ਹਨ।




### *ਜੇਲ੍ਹਾਂ ਤੋਂ ਹੀ ਘਟਨਾਵਾਂ ਨੂੰ ਦਿੱਤਾ ਗਿਆ ਅੰਜਾਮ*

*ਲੁਧਿਆਣਾ ਵਿਚ ਆਰ. ਐੱਸ. ਐੱਸ. ਨੇਤਾ ਰਵਿੰਦਰ ਗੋਸਾਈਂ ਦੀ ਹੱਤਿਆ, ਹੁਸ਼ਿਆਰਪੁਰ ਦੇ ਸਰਪੰਚ ਦੀ ਚੰਡੀਗੜ੍ਹ ਵਿਚ ਹੋਈ ਹੱਤਿਆ, ਸੰਗਰੂਰ ਜੇਲ੍ਹ ਵਿਚ ਬੰਦ ਗੈਂਗਸਟਰ ਰਾਜੀਵ ਰਾਜਾਵ ਨੂੰ ਹੁਸ਼ਿਆਰਪੁਰ ਦੇ ਪ੍ਰਦੀਪ ਸਿੰਘ ਨੂੰ ਮਾਰਨ ਲਈ ਕੈਨੇਡਾ ਤੋਂ ਆਈ 35 ਲੱਖ ਦੀ ਸੁਪਾਰੀ ਤੋਂ ਇਲਾਵਾ ਲੁਧਿਆਣਾ ਦੇ ਸਾਬਕਾ ਸਰਪੰਚ ਰਵੀ ਖਵਾਜਕੇ ਦੀ ਗੈਂਗਸਟਰ ਦਵਿੰਦਰ ਬਬੀਹਾ ਨੂੰ ਸੁਪਾਰੀ ਦੇ ਕੇ ਕਰਵਾਈ ਹੱਤਿਆ ਜੇਲ੍ਹ ਤੋਂ ਚਲਾਏ ਜਾ ਰਹੇ ਸੰਗਠਿਤ ਅਪਰਾਧ ਦੇ ਵੱਡੇ ਨਮੂਨੇ ਹਨ। ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ ਜੇਲ੍ਹ ਵਿਚ ਮੋਬਾਈਲ ਦੀ ਵਰਤੋਂ ਦੀ ਗੱਲ ਪੰਜਾਬ ਪੁਲੀਸ ਵੀ ਸਵੀਕਾਰ ਕਰ ਚੁੱਕੀ ਹੈ। ਖ਼ਾਸ ਹੈ ਕਿ 27 ਨਵੰਬਰ ਨੂੰ ਹੋਏ ਨਾਭਾ ਜੇਲ੍ਹ ਬਰੇਕ ਸਮੇਤ ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ 4 ਜੀ ਵਾਲੇ ਸਮਾਰਟ ਫੋਨ ਦੀ ਵਰਤੋਂ ਕੀਤੀ ਗਈ, ਇਸ ਦੀ ਜਾਣਕਾਰੀ ਜੇਲ੍ਹ ਪ੍ਰਸ਼ਾਸਨ ਨੂੰ ਵੀ ਹੈ।*

### ਗੈਂਗਸਟਰਾਂ ਦੀਆਂ ਮੌਜਾਂ

ਸੈਂਟਰਲ ਜੇਲ੍ਹ ਫਿਰੋਜ਼ਪੁਰ ਦੇ ਹਾਈ ਸਕਿਓਰਿਟੀ ਜੋਨ ਵਿਚ ਬੰਦ ਗੈਂਗਸਟਰਾਂ ਨੂੰ ਜੇਲ੍ਹ ਦੇ ਕੁਝ ਅਧਿਕਾਰੀਆਂ ਵੱਲੋਂ ਵੀਆਈਪੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੀ ਮੰਗ 'ਤੇ ਉਨ੍ਹਾਂ ਨੂੰ ਬਰਗਰ, ਛੋਲੇ-ਭਟੂਰੇ ਅਤੇ ਪਿੱਜਾ ਤੋਂ ਇਲਾਵਾ ਹੋਰ ਖਾਣ-ਪੀਣ ਦੀਆਂ ਵਸਤੂਆਂ ਮੰਗਵਾ ਕੇ ਦਿੱਤੀਆਂ ਜਾਂਦੀਆਂ ਹਨ। ਅਧਿਕਾਰੀਆਂ ਦੀ ਸ਼ਹਿ ਮਿਲਣ 'ਤੇ ਗੈਂਗਸਟਰ ਮੁਲਾਜ਼ਮਾਂ ਨਾਲ ਦੁਰਵਿਵਹਾਰ ਕਰਦੇ ਹਨ। ਇਸ ਨਾਲ ਜੇਲ੍ਹ ਮੁਲਾਜ਼ਮ ਬੇਹੱਦ ਪਰੇਸ਼ਾਨ ਹਨ।

ਸੂਤਰਾਂ ਦੇ ਮੁਤਾਬਕ ਜੇਲ੍ਹ ਵਿਚ ਸੈਣੀ, ਸਪ, ਕਾਲੀ, ਕ੍ਰਿਪਾਲਾ ਅਤੇ ਰਾਜਬੀਰ ਜਿਵੇਂ ਖ਼ੂੰਖਾਰ ਗੈਂਗਸਟਰ ਬੰਦ ਹਨ। ਕੁਝ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈ ਜਾ ਰਹੀਆਂ ਹਨ। ਉਨ੍ਹਾਂ ਦੇ ਨਾਲ ਮੋਬਾਈਲ ਹੁੰਦੇ ਹਨ, ਪਰ ਮੁਲਾਜ਼ਮਾਂ ਨੂੰ ਏਨੀ ਹਿੰਮਤ ਨਹੀਂ ਕਿ ਚੱਕੀਆਂ ਵਿਚ ਵੜ ਕੇ ਤਲਾਸ਼ੀ ਲਈ ਜਾ ਸਕੇ। ਗੈਂਗਸਟਰ ਜੇਲ੍ਹ ਵਿਚ ਹੀ ਜਿਮ ਕਰਦੇ ਹਨ। ਉਨ੍ਹਾਂ ਲਈ ਟੈਲੀਵਿਜ਼ਨ ਵੀ ਲੱਗਿਆ ਹੋਇਆ ਹੈ। ਉਨ੍ਹਾਂ ਦੀ ਸੇਵਾ ਲਈ ਚਾਰ ਕੈਦੀ ਦਿੱਤੇ ਹੋਏ ਹਨ, ਜੋ ਉਨ੍ਹਾਂ ਦਾ ਖਾਣਾ ਬਣਾਉਣ ਤੋਂ ਇਲਾਵਾ ਕੱਪੜੇ ਧੋਂਦੇ ਹਨ।

ਕੁਝ ਮੁਲਾਜ਼ਮਾਂ ਨੇ ਦੱਸਿਆ ਕਿ ਦੋ ਗੈਂਗਸਟਰਾਂ ਨੂੰ 9 ਚੱਕੀਆਂ ਦਿੱਤੀਆਂ ਗਈਆਂ ਹਨ। ਉਹ ਇਕ ਚੱਕੀ ਨੂੰ ਰਸੋਈ, ਦੂਜੀ ਨੂੰ ਕੱਪੜੇ ਰੱਖਣ, ਤੀਜੀ ਜਿਮ ਦੇ ਲਈ, ਚੌਥੀ ਪਖਾਨਾਘਰ ਤੇ ਪੰਜਵੀਂ ਨੂੰ ਕੱਪੜੇ ਸੁਕਾਉਣ ਲਈ ਇਸਤੇਮਾਲ ਕਰ ਰਹੇ ਹਨ। ਹਾਈ ਸਕਿਓਰਿਟੀ ਜ਼ੋਨ ਵਿਚ ਗੈਂਗਸਟਰਾਂ 'ਤੇ ਨਿਗਰਾਨੀ ਰੱਖਣ ਲਈ ਜੇਲ੍ਹ ਮੁਲਾਜ਼ਮ, ਪੰਜਾਬ ਆਰਮਡ ਤੇ ਸੇਵਾਮੁਕਤ ਫ਼ੌਜੀ ਤਾਇਨਾਤ ਕੀਤੇ ਹਨ।

### ਜੈਮਰ ਅਪਗ੍ਰੇਡੇਸ਼ਨ ਦਾ ਮਾਮਲਾ

ਜ਼ਿਆਦਾਤਰ ਜੇਲ੍ਹਾਂ ਵਿਚ ਜੈਮਰ ਵੀ ਨਹੀਂ ਹਨ। ਜੇਲ੍ਹ ਨਾਭਾ ਵਿਚ 2 ਜੀ ਜੈਮਰ ਲੱਗਾ ਹੈ, ਜੋ ਕਿ ਆਊਟਡੇਟਡ ਹੋ ਚੁੱਕਾ ਹੈ। ਗੈਂਗਸਟਰ 4 ਜੀ ਮੋਬਾਈਲ ਦੀ ਵਰਤੋਂ ਕਰ ਰਹੇ ਹਨ ਤੇ ਉਹ ਉਕਤ ਜੈਮਰ ਦੀ ਰੇਂਜ ਵੀ ਨਹੀਂ ਆਉਂਦਾ।ਨਾਭਾ ਜੇਲ੍ਹ ਬਰੇਕ ਕਾਂਡ ਤੋਂ ਬਾਅਦ ਜੇਲ੍ਹਾਂ ਦੇ ਜੈਮਰਾਂ ਨੂੰ ਅਪਗਰੇਡ ਕਰਨ ਦਾ ਮੁੱਦਾ ਤਾਂ ਜ਼ਰੂਰ ਉੱਠਿਆ ਸੀ, ਪਰ ਨਵਾਂ ਸਾਫਟਵੇਅਰ ਇਨਸਟਾਲ ਕਰਨ ਦਾ ਕੰਮ ਹਾਲੇ ਵੀ ਵਿਚਾਲੇ ਲਟਕਿਆ ਹੈ।

### ਜੈਮਰ ਅਪਗਰੇਡ ਕਰ ਰਹੇ ਹਾਂ : ਡੀਆਈਜੀ

ਜੇਲ੍ਹਾਂ ਵਿਚ ਲੱਗੇ ਜੈਮਰਾਂ ਨੂੰ ਅਪਗਰੇਡ ਕਰਨ ਦਾ ਮਾਮਲਾ ਅੰਡਰ ਪ੍ਰੋਸੈਸ ਹੈ। ਮੋਬਾਈਲ ਜੇਲ੍ਹਾਂ ਵਿਚ ਕਿਵੇਂ ਪਹੁੰਚ ਜਾਂਦੇ ਹਨ, ਇਸ ਦਾ ਰੀਵਿਊ ਹੁੰਦਾ ਹੈ। ਜੇਲ੍ਹ ਵਿਚ ਬੰਦ ਅਪਰਾਧੀਆਂ ਦਾ ਸਹਿਯੋਗ ਕਰਨ ਲਈ ਦੋਸ਼ੀ ਮੁਲਾਜ਼ਮਾਂ ਨੂੰ ਬਰਖ਼ਾਸਤ ਵੀ ਕੀਤਾ ਗਿਆ ਹੈ। **-ਐੱਸਐੱਸ ਜਾਖੜ**



## ਜੇਲ੍ਹ 'ਚ ਗੈਂਗਸਟਰਾਂ ਨੂੰ ਫੰਡ ਪਹੁੰਚਾਉਣ ਵਾਲੇ ਦੋ ਕਾਬੂ

ਨਾਭਾ ਜੇਲ੍ਹ ਬਰੇਕ ਮਾਮਲੇ ਵਿਚ ਜੁੜੇ ਦੋ ਦੋਸ਼ੀਆਂ ਗੁਰਪ੍ਰੀਤ ਗੋਪੀ ਨਿਵਾਸੀ ਪਿੰਡ ਪੰਡੋਰੀ ਜ਼ਿਲ੍ਹਾ ਅੰਮ੍ਰਿਤਸਰ ਤੇ ਦਵਿੰਦਰ ਸਿੰਘ ਨਿਵਾਸੀ ਡਬਵਾਲੀ ਨੂੰ ਪਟਿਆਲਾ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਤੇ ਦੋਸ਼ ਹੈ ਕਿ ਇਨ੍ਹਾਂ ਨੇ ਬਰੇਕ ਮਾਮਲੇ ਦੇ ਗੈਂਗਸਟਰਾਂ ਨੂੰ ਫੰਡ ਤੇ ਹੋਰ ਸਾਧਨ ਮੁਹੱਈਆ ਕਰਵਾਏ ਸਨ। ਐੱਸਪੀ (ਡੀ) ਹਰਵਿੰਦਰ ਸਿੰਘ ਵਿਰਕ ਦੇ ਮੁਤਾਬਕ ਉਕਤ ਦੋਸ਼ੀਆਂ ਦੀ ਗ੍ਰਿਫ਼ਤਾਰੀ ਗੈਂਗਸਟਰ ਵਿੱਕੀ ਗੌਂਡਰ ਦੇ ਕਰੀਬੀ ਮੰਨੇ ਜਾਣ ਵਾਲੇ ਇੰਦਰਜੀਤ ਸੰਧੂ ਤੋਂ ਹੋਈ ਪੁੱਛਗਿੱਛ ਦੇ ਆਧਾਰ 'ਤੇ ਕੀਤੀ ਗਈ ਹੈ। ਇੰਦਰਜੀਤ ਸੰਧੂ ਨੂੰ ਫਰਜੀ ਪਾਸਪੋਰਟ 'ਤੇ ਵਿਦੇਸ਼ ਤੋਂ ਵਾਪਸ ਦਿੱਲੀ ਆਉਣ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਸੰਧੂ ਇਸ ਸਮੇਂ ਮੋਹਾਲੀ ਪੁਲੀਸ ਦੇ ਰਿਮਾਂਡ 'ਤੇ ਹੈ। ਥਾਣਾ ਸਦਰ ਰਾਜਪੁਰਾ ਵਿਚ 23 ਅਕਤੂਬਰ ਨੂੰ ਗੁਰਪ੍ਰੀਤ ਗੋਪੀ ਤੇ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## 'ਗੈਂਗਸਟਰ ਪੁਲੀਸ ਮੁਲਾਜ਼ਮਾਂ ਨੂੰ ਦੇ ਚੁੱਕੇ ਹਨ ਮਾਰਨ ਦੀ ਧਮਕੀ'

ਸੂਤਰਾਂ ਮੁਤਾਬਕ ਗੈਂਗਸਟਰਾਂ ਦੀ ਕਈ ਅਧਿਕਾਰੀਆਂ ਨਾਲ ਮਿਲੀਭੁਗਤ ਹੋਣ ਕਾਰਨ ਕਈ ਜੇਲ੍ਹ ਮੁਲਾਜ਼ਮ ਇੱਥੋਂ ਆਪਣੀ ਬਦਲੀ ਕਰਵਾ ਰਹੇ ਹਨ। ਕਈ ਵਾਰ ਗੈਂਗਸਟਰ ਮੁਲਾਜ਼ਮਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਤੱਕ ਵੀ ਦੇ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਜਿਹੜੇ ਮੁਲਾਜ਼ਮ ਤਾਕਤ ਵਰਤਦੇ ਹਨ, ਉਨ੍ਹਾਂ ਨੂੰ ਗੈਂਗਸਟਰ ਆਪਣੇ ਸਾਥੀਆਂ ਨੂੰ ਫੋਨ ਕਰਵਾ ਕੇ ਜੇਲ੍ਹ ਦੇ ਬਾਹਰ ਕੁੱਟਵਾਉਂਦੇ ਨ। ਤਿੰਨ ਜੇਲ੍ਹ ਮੁਲਾਜ਼ਮਾਂ ਦੀ ਕੁੱਟਮਾਰ ਵੀ ਹੋ ਚੁੱਕੀ ਹੈ। ਇਸ ਤੋਂ ਮੁਲਾਜ਼ਮ ਡਰੇ ਹੋਏ ਹਨ। ਇੱਕ ਮੁਲਾਜ਼ਮ ਨੇ ਦੱਸਿਆ ਕਿ ਤਿੰਨ ਗੈਂਗਸਟਰ ਗੁਰਦਾਸਪੁਰ ਦੀ ਜੇਲ੍ਹ ਤੋਂ ਫਿਰੋਜ਼ਪੁਰ ਸੈਂਟਰਲ ਜੇਲ੍ਹ ਸ਼ਿਫਟ ਹੋਏ ਹਨ। ਉਨ੍ਹਾਂ ਨੇ ਗੁਰਦਾਸਪੁਰ ਜੇਲ੍ਹ ਵਿਚ ਭੰਨ-ਤੋੜ ਕੀਤੀ ਸੀ। ਉਨ੍ਹਾਂ ਨੂੰ ਵੀ ਵੀਆਈਪੀ ਸਹੂਲਤ ਮਿਲ ਰਹੀ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਇੱਕ ਗੈਂਗਸਟਰ ਦੇ ਕੋਲੋਂ ਫੋਨ ਮਿਲਿਆ ਸੀ, ਪਰ ਅਧਿਕਾਰੀਆਂ ਨੇ ਇਸ ਮਾਮਲੇ ਨੂੰ ਦਬਾ ਦਿੱਤਾ। ਕਈ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਇਹੀ ਕਾਰਨ ਹੈ ਕਿ ਜੇਲ੍ਹ ਵਿਚ ਬੈਠੇ ਗੈਂਗਸਟਰ ਟੈਲੀਫੋਨ ਕਰਕੇ ਬਾਹਰਲੇ ਲੋਕਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ। ਇਸ ਤਰ੍ਹਾਂ ਦੀਆਂ ਕਈ ਵਾਰਦਾਤਾਂ ਹੋ ਚੁੱਕੀਆਂ ਹਨ ਕਿ ਜੇਲ੍ਹ ਦੇ ਅੰਦਰੋਂ ਗੈਂਗਸਟਰਾਂ ਨੇ ਅਦਾਲਤ ਵਿਚ ਚੱਲ ਰਹੇ ਮਾਮਲੇ ਵਾਪਸ ਲੈਣ ਲਈ ਸ਼ਿਕਾਇਤਕਰਤਾਵਾਂ ਨੂੰ ਧਮਕੀ ਭਰੇ ਫੋਨ ਕੀਤੇ ਹਨ। ਅਜਿਹਾ ਹੀ ਇੱਕ ਮਾਮਲਾ ਥਾਣਾ ਸਿਟੀ ਫਿਰੋਜ਼ਪੁਰ ਵਿਚ ਦਰਜ ਹੈ।

# ਪੰਚਕੂਲਾ ਦੇ ਦੰਗਿਆਂ ਬਾਰੇ ਸੌਦੇ ਸਾਧ ਦਾ ਰਿਸ਼ਤੇਦਾਰ ਕਾਨੂੰਨ ਦੇ ਘੇਰੇ ਵਿਚ

### 25 ਅਗਸਤ ਨੂੰ ਡੇਰਾ ਮੁਖੀ ਦੇ ਕਾਫ਼ਲੇ 'ਚ ਕੋਰਟ ਆਇਆ ਸੀ ਸਾਬਕਾ ਵਿਧਾਇਕ ਜੱਸੀ

**ਪੰਚਕੂਲਾ/ਬਿਊਰੋ ਨਿਊਜ਼**

ਸਾਧਵੀ ਸੈਕਸ ਸ਼ੋਸ਼ਣ ਮਾਮਲੇ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ 20 ਸਾਲ ਦੀ ਸਜ਼ਾ ਭੁਗਤ ਰਹੇ ਡੇਰਾ ਮੁਖੀ ਗੁਰਮੀਤ ਸਿੰਘ ਨੂੰ 25 ਅਗਸਤ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਸ ਦਿਨ ਗੁਰਮੀਤ ਦੇ ਕਾਫਲੇ ਵਿਚ ਉਸ ਦੇ ਸੰਬੰਧੀ ਅਤੇ ਪੰਜਾਬ ਕਾਂਗਰਸ ਤੋਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਵੀ ਸ਼ਾਮਲ ਸਨ। ਸਿਰਸਾ ਵਿਚ



***ਜੱਸੀ ਨੇ ਪਹਿਲਾਂ ਕੀਤਾ ਮਨ੍ਹਾਂ ਲੋਕੇਸ਼ਨ ਦੱਸਣ 'ਤੇ ਦਿੱਤੇ ਜਵਾਬ***

ਹੋਈ ਦੰਗਿਆਂ ਦੀ ਯੋਜਨਾ ਤੋਂ ਲੈ ਕੇ ਪੰਚਕੂਲਾ ਵਿਚ ਹੋਏ ਦੰਗਿਆਂ ਦੌਰਾਨ ਜੱਸੀ ਨੂੰ ਇਸ ਪੂਰੇ ਬਦਲ ਬਾਰੇ ਕੀ ਪਤਾ ਸੀ, ਉਨ੍ਹਾਂ ਦੀ ਭੂਮਿਕਾ ਕੀ ਸੀ ? ਇਨ੍ਹਾਂ ਸਾਰੇ ਸਵਾਲਾਂ ਨੂੰ ਲੈ ਕੇ ਐੱਸਆਈਟੀ ਨੇ ਬੀਤੇ ਦਿਨੀਂ ਸਾਬਕਾ ਵਿਧਾਇਕ ਜੱਸੀ ਤੋਂ ਸਾਢੇ 6 ਘੰਟੇ ਤੱਕ ਪੁੱਛਗਿੱਛ ਕੀਤੀ। ਇਸ ਦੌਰਾਨ ਜੱਸੀ ਤੋਂ 165 ਸਵਾਲ ਪੁੱਛੇ ਗਏ, ਪਰ ਉਸ ਨੇ ਕੁਝ ਸਵਾਲਾਂ ਦਾ ਜਵਾਬ ਦਿੱਤਾ ਹੀ ਨਹੀਂ।

ਸਵਾਲਾਂ ਦੀ ਸ਼ੁਰੂਆਤ ਵਿਚ ਤਾਂ ਜੱਸੀ ਨੇ ਬੋਲਿਆ ਕਿ ਇਸ ਬਾਰੇ ਕੁਝ ਵੀ ਨਹੀਂ ਜਾਣਦਾ, ਪਰ ਜਦੋਂ ਪੁਲੀਸ ਨੇ ਸੀਸੀਟੀਵੀ ਫੁਟੇਜ, ਮੋਬਾਈਲ ਲੋਕੇਸ਼ਨ ਤੇ ਆਪਸ ਵਿਚ ਹੋਈ ਗੱਲ ਬਾਰੇ ਦੱਸਿਆ, ਤਾਂ ਉਸ ਤੋਂ ਬਾਅਦ ਜੱਸੀ ਨੇ ਜਵਾਬ ਦਿੱਤੇ।

### ਫਿਰ ਬੁਲਾਇਆ ਜਾ ਸਕਦੈ ਜੱਸੀ

ਆਈ. ਜੀ. ਲਾਅ ਐਂਡ ਆਰਡਰ ਏਐੱਸ ਚਾਵਲਾ ਨੇ ਕਿਹਾ, ਜਾਂਚ ਚੱਲ ਰਹੀ ਹੈ। ਉਸ ਦੇ ਉਨ੍ਹਾਂ ਦੇ ਕੋਲ ਸਬੂਤ ਹਨ। ਪੰਜਾਬ ਪੁਲੀਸ ਨੇ ਬਕਾਇਦਾ ਉਨ੍ਹਾਂ ਨੂੰ ਪੱਤਰ ਲਿਖਿਆ ਹੈ ਕਿ ਪੁਲੀਸ ਮੁਲਾਜ਼ਮ ਜੱਸੀ ਦੇ ਨਾਲ ਭੇਜੇ ਸਨ ਤੇ ਉਨ੍ਹਾਂ ਕੋਲ ਹਥਿਆਰ ਵੀ ਸਨ। ਪੰਚਕੂਲਾ ਪੁਲੀਸ ਦੀ ਐੱਸ. ਆਈ. ਟੀ. ਹੁਣ ਹਰਮਿੰਦਰ ਸਿੰਘ ਜੱਸੀ ਤੋਂ ਪੁੱਛਗਿੱਛ ਕਰਕੇ ਪੰਚਕੂਲਾ ਹਿੰਸਾ ਵਿਚ ਉਸ ਦੀ ਕਿਸੇ ਤਰ੍ਹਾਂ ਦੀ ਭੂਮਿਕਾ ਨੂੰ ਲੈ ਕੇ ਜਾਂਚ ਕਰ ਰਹੀ ਹੈ। ਜਾਂਚ ਕਾਫੀ ਸਾਰਥਕ ਰਹੀ ਹੈ ਤੇ ਲੋੜ ਪੈਣ 'ਤੇ ਅੱਗੇ ਵੀ ਉਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਬੁਲਾਇਆ ਜਾਵੇਗਾ।

# ਪੰਜਾਬੀ ਭਾਸ਼ਾ ’ਚ ਵਿਗਿਆਨਕ ਤੱਥਾਂ ਦੀ ਢੁਕਵੀਂ ਵਿਉਂਤਬੰਦੀ

**ਡਾ. ਜਸਪਾਲ ਸਿੰਘ ਹੀਰੋਂ ਕਲਾਂ**
(ਸੰਪਰਕ: 94780-11059)

ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਗਿਆਨ ਦੇ ਕਈ ਧਰੁਵਾਂ ਨੇ ਇਸ ਨੂੰ ਬਿਹਤਰ ਤੇ ਮਹੱਤਵਪੂਰਨ ਬਣਨ ਲਈ ਯੋਗ ਅਗਵਾਈ ਕੀਤੀ ਹੈ। ਗਿਆਨ ਦੇ ਇਨ੍ਹਾਂ ਧਰੁਵਾਂ ਦਾ ਮੂਲ ਧਰਮ, ਦਾਰਸ਼ਨਿਕਤਾ, ਮਨੋਵਿਗਿਆਨ, ਭਾਸ਼ਾ



ਤੇ ਗਣਿਤ ਨਾਲ ਜੁੜਿਆ ਰਿਹਾ ਹੈ। ਮਨੁੱਖੀ ਜੀਵਨ ਜਾਚ ਦੀ ਪ੍ਰਗਤੀ ਧਾਰਾ ’ਚੋਂ ਉਪਜਿਆ ਵਿਗਿਆਨ ਵੀ ਇਸ ਵੰਨਗੀ ਵਿੱਚ ਅਹਿਮ ਸਥਾਨ ਰੱਖਦਾ ਹੈ ਜੋ ਮੂਲ ਰੂਪ ਵਿੱਚ ਪ੍ਰਯੋਗਿਕ ਵਿਧੀ ਦੁਆਰਾ ਕੀਤੇ ਕਾਰਜਾਂ ’ਚੋਂ ਉਪਜਦਾ ਹੈ। ਪੰਜਾਬੀ ਭਾਸ਼ਾ ਨੇ ਵੀ ਇਸ ਵਿਗਿਆਨ ਨੂੰ ਅਪਣਾਇਆ, ਹੰਢਾਇਆ ਅਤੇ ਵਿਕਸਿਤ ਹੁੰਦਾ ਵੇਖਿਆ ਹੈ। ਹਰ ਵਿਸ਼ੇ ਦਾ ਆਪਣਾ ਸੁਭਾਅ ਹੁੰਦਾ ਹੈ ਜਿਸ ਵਿੱਚੋਂ ਉਸ ਵਿਸ਼ੇ ਦੀ ਆਤਮਾ ਤੇ ਦਰਸ਼ਨ ਝਲਕਦਾ ਹੈ। ਇਤਿਹਾਸ ਵਿਸ਼ੇ ਦਾ ਸੁਭਾਅ ਮਿਤੀਆਂ ਤੇ ਘਟਨਾਵਾਂ ’ਤੇ ਖੜ੍ਹਾ ਹੈ। ਚਿੱਤਰਕਾਰੀ ਜੋ ਦੇਖਿਆ ਜਾਂ ਮਹਿਸੂਸ ਕੀਤਾ, ਉਸ ਦਾ ਰੰਗਾਂ ਦੁਆਰਾ ਚਿੱਤਰਣ ਕਰਨਾ ਹੈ। ਇਸੇ ਤਰ੍ਹਾਂ ਵਿਗਿਆਨ ਵਿਸ਼ੇ ਦਾ ਸੁਭਾਅ ਨਿਰੀਖਣ, ਮਾਪਣ, ਵਿਸ਼ਲੇਸ਼ਣ ਕਰਨ ਅਤੇ ਲਾਗੂ ਕਰਨ ਦੇ ਵਿਸ਼ੇਸ਼ ਪੜਾਵਾਂ ’ਚ ਸਮੋਇਆ ਹੋਇਆ ਹੈ। ਵਿਗਿਆਨ ਨੂੰ ਸਿੱਖਣ ਲਈ ਇਨ੍ਹਾਂ ਪੜਾਵਾਂ ਵਿੱਚ ਤਾਲਮੇਲ ਅਨੁਸਾਰ ਇਸ ਦੇ ਸੁਭਾਅ ਨੂੰ ਸਮਝਣਾ ਅਤੇ ਲਾਗੂ ਕਰਨਾ ਹੋਵੇਗਾ। ਇਸ ਪੜਾਵੀ ਪ੍ਰਕਿਰਿਆ ਦੀ ਵਿਉਂਤਬੰਦੀ ਲਈ ਪੰਜਾਬੀ ਭਾਸ਼ਾ ਸਮਰੱਥ ਅਤੇ ਹੰਢਣਸਾਰ ਹੋਣ ਤੋਂ ਇਲਾਵਾ ਲਚਕਦਾਰ ਵੀ ਹੈ ਜੋ ਵਿਗਿਆਨਕ ਤੱਥਾਂ ਦੇ ਸ਼ਬਦਾਂ, ਵਾਕ, ਅਰਥ ਅਤੇ ਪੇਸ਼ਕਾਰੀ ਲਈ ਢੁੱਕਵੀਂ ਹੈ।

ਵਿਗਿਆਨ ਸੁਭਾਅ ਅਨੁਸਾਰ ਭਾਸ਼ਾਈ ਬਿਲਕੁਲ ਨਹੀਂ ਹੈ। ਇਹ ਸਿਰਫ਼ ਸਮੀਕਰਨਾਂ, ਅੰਕੜਿਆਂ, ਕਿਰਿਆਵਾਂ, ਪ੍ਰਕਿਰਿਆਵਾਂ, ਗਰਾਫ, ਚਿੱਤਰਾਂ, ਅੰਦਾਜ਼ਿਆਂ ਅਤੇ ਪ੍ਰਯੋਗਿਕ ਗਤੀਵਿਧੀਆਂ ਦੀ ਧਾਰਨੀ ਹੈ। ਜੋ ਸਮੀਖਿਆ ਬਣਦੀ ਹੈ, ਉਸ ਨੂੰ ਭਾਸ਼ਾ ਦੁਆਰਾ ਸਿਰਫ਼ ਕੀਰਤੀਮਾਨ ਕਰਨਾ ਹੈ। ਉਸ ਲਈ ਹਰ ਭਾਸ਼ਾ ਵਾਂਗ ਪੰਜਾਬੀ ਭਾਸ਼ਾ ਵੀ ਸਮਰੱਥ ਹੈ। ਮੁੱਢੋਂ ਸੋਚ ਕੇ ਵੇਖੀਏ ਤਾਂ ਹਰ ਇਨਸਾਨ ਕਿਸੇ ਹੱਦ ਤਕ ਵਿਗਿਆਨੀ ਹੈ ਜੋ ਸਮੇਂ ਦਾ ਮਾਪ, ਹਵਾ ਦਾ ਚੱਲਣਾ, ਹਵਾ ਦੀ ਕਿਸਮ, ਪੱਖੇ ਦਾ ਘੁੰਮਣਾ, ਦਿਨ-ਰਾਤ ਦਾ ਬਣਨਾ ਅਤੇ ਰਾਤ ਨੂੰ ਤਾਰਿਆਂ ਦੀ ਸਥਿਤੀ ’ਤੇ ਧਿਆਨ ਦਿੰਦਾ ਹੈ। ਇਹ ਵਿਗਿਆਨ ਦੇ ਸੁਭਾਅ ਦਾ ਪਹਿਲਾ ਪੜਾਅ ਨਿਰੀਖਣ ਹੀ ਹੈ। ਉਪਰੋਕਤ ਕਿਰਿਆਵਾਂ ਬਾਰੇ ਸੋਚਣਾ ਕੁਦਰਤੀ, ਸਹਿਜਤਾ ਪੂਰਨ ਅਤੇ ਆਪਮੁਹਾਰਾ ਹੈ ਜੋ ਹਰ ਹਾਲਤ ਵਿੱਚ ਮਾਤ ਭਾਸ਼ਾ ਵਿੱਚ ਹੀ ਸੰਭਵ ਤੇ ਸਾਰਥਕ ਹੈ। ਮਾਤ ਭਾਸ਼ਾ ਮਨੁੱਖੀ ਮਨ ਦੇ ਆਲੇ ਦੁਆਲੇ ਨਾਲ ਸੰਵਾਦ ਰਚਾ ਕੇ ਲੋੜੀਂਦੇ ਸ਼ਬਦ, ਵਾਕ ਅਤੇ ਵਾਕ ਬਣਤਰ ਦੁਆਰਾ ਰਸਮੀ ਸਿੱਖਿਆ ਦੇ ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ।



ਨਿਰੀਖਣ ਦਾ ਇਹ ਪਹਿਲਾ ਪੜਾਅ ਅਹਿਮ ਅਤੇ ਰੌਚਿਕ ਹੁੰਦਾ ਹੈ। ਇਹੀ ਰੌਚਿਕਤਾ ਵਿਦਿਆਰਥੀ ਮਨ ਨੂੰ ਅਗਲੇ ਪੜਾਵਾਂ ਲਈ ਪ੍ਰੇਰਦੀ ਹੈ। ਆਲੇ ਦੁਆਲੇ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਜਦ ਅਸੀਂ ਕੁਝ ਜਾਣਨ ਜਾਂ ਤਹਿ ਤਕ ਪਹੁੰਚਣ ਲਈ ਵਿਗਿਆਨਕ ਨਜ਼ਰੀਏ ਨਾਲ ਸੋਚਦੇ ਹਾਂ ਤਾਂ ਕਈ ਸਿਧਾਂਤਾਂ ਨੂੰ ਸਿੱਖਦੇ ਜਾਂਦੇ ਹਾਂ। ਨਿਰੀਖਣ ਤੋਂ ਲੋੜੀਂਦੇ ਅੰਕੜੇ ਜਾਣਨ ਉਪਰੰਤ ਉਸ ਨੂੰ ਮਾਪਣ ਦੀ ਤਿਆਰੀ ਲਈ ਲੋੜੀਂਦੇ ਯੰਤਰ, ਸਮੀਕਰਣਾਂ, ਫਾਰਮੂਲੇ ਸਾਡੀ ਪੰਜਾਬੀ ਭਾਸ਼ਾ ਵਿੱਚ ਲਚਕ ਤੇ ਮਿਆਰ ਦੇ ਨਾਲ ਮੌਜੂਦ ਹਨ ਜਿਨ੍ਹਾਂ ਵਿੱਚ ਜੇਕਰ ਅਸੀਂ ਕਿਸੇ ਹੋਰ ਭਾਸ਼ਾ ਦੇ ਸ਼ਬਦ ਵੀ ਵਰਤ ਲਈਏ ਤਾਂ ਵੀ ਅਰਥਾਂ ’ਚ ਕੋਈ ਫ਼ਰਕ ਨਹੀਂ ਪੈਣ ਲੱਗਾ, ਮਿਆਰ ਵੀ ਬਰਕਰਾਰ ਰਹਿੰਦਾ ਹੈ।

ਕੋਈ ਵੀ ਅਜਿਹਾ ਯੰਤਰ ਨਹੀਂ ਹੈ ਜਿਸ ਦਾ ਮਾਪ, ਤੁਲਨਾ ਅਤੇ ਅੰਕੜਾ ਆਦਿ ਪੰਜਾਬੀ ਭਾਸ਼ਾ ’ਚ ਵਿਸਤ੍ਰਿਤ ਰੂਪ ਨਾਲ ਲਿਖਿਆ, ਘੋਖਿਆ ਅਤੇ ਉਲੀਕਿਆ ਨਾ ਜਾ ਸਕਦਾ ਹੋਵੇ। ਨਿਰੀਖਣ ਅਤੇ ਮਾਪ ਉਪਰੰਤ ਵਿਸ਼ਲੇਸ਼ਣ ਪੜਾਅ ਤਕ ਪਹੁੰਚਦੇ ਹਾਂ ਤਾਂ ਸਾਡਾ ਦ੍ਰਿਸ਼ਟੀਕੋਣ ਸੁਭਾਵਿਕ, ਸੁਤੰਤਰ, ਸਿਧਾਂਤਕ ਅਤੇ ਕਿਰਿਆਸ਼ੀਲ ਹੋਣਾ ਜ਼ਰੂਰੀ ਹੈ। ਇਨ੍ਹਾਂ ਅਨੁਸ਼ਾਸਨਬੱਧ ਪੜਾਵਾਂ ਵਿੱਚ ਸਾਡੀ ਮਾਤ ਭਾਸ਼ਾ ਵਧੇਰੇ ਕਾਰਗਰ ਸਾਬਿਤ ਹੁੰਦੀ ਹੈ ਕਿਉਂਕਿ ਇਹ ਬੌਧਿਕਤਾ ਦੀ ਪਰਖ ਹੁੰਦੀ ਹੈ ਨਾ ਕਿ ਭਾਸ਼ਾ ਦੀ, ਨਾ ਕਿਸੇ ਖ਼ਾਸ ਵਿਆਕਰਣ ਦੀ। ਇਸ ਵਿੱਚ ਵਧੇਰੇ ਮਾਨਸਿਕ ਊਰਜਾ, ਦਿਮਾਗ਼ੀ ਸ਼ਕਤੀ ਤੇ ਯਾਦਦਾਸ਼ਤ ਦੁਆਰਾ ਪੜਾਵੀ ਸਮਝ ਨੂੰ ਭਾਸ਼ਾ ਦੇ ਸੁਭਾਵਿਕ ਪੱਧਰ ’ਤੇ ਗ੍ਰਹਿਣ ਅਤੇ ਪੇਸ਼ ਕਰਨਾ ਹੁੰਦਾ ਹੈ। ਵਿਗਿਆਨ ਦੇ ਇਸ ਸੁਭਾਅ ਲਈ ਸਾਡੀ ਗੁਰਮੁਖੀ ਲਿੱਪੀ ਵਿੱਚ ਲੋੜੀਂਦੇ ਚਿੰਨ੍ਹ ਅੱਖਰ, ਬਣਤਰ, ਉਚਾਰਣ ਦੀ ਲੈਅ, ਭਾਵਅੰਸ਼ ਅਤੇ ਇਕਹਿਰੇ ਅਰਥਾਂ ਵਾਲੇ ਵਿਲੱਖਣ ਸ਼ਬਦ ਮੌਜੂਦ ਹਨ। ਇੱਕ ਵਾਰ ਕੀਤੀ ਪੜਤਾਲ ਨੂੰ ਦੂਜੀ ਭਾਸ਼ਾ ਵਿੱਚ ਬਦਲਣਾ ਭਾਸ਼ਾ ਦੀ ਲੋੜ ਵਿੱਚ ਹੈ ਨਾ ਕਿ ਵਿਗਿਆਨ ਵਿਸ਼ੇ ਦੇ ਸੁਭਾਅ ਵਿੱਚ। ਵਿਗਿਆਨ ਦਾ ਇਹ ਚਾਰ ਪੜਾਵੀ ਸੁਭਾਅ ਹਰ ਸਿਧਾਂਤ, ਕਿਰਿਆ ਅਤੇ ਵਰਣਨ ਦਾ ਹਿੱਸਾ ਹੈ।

ਪੰਜਾਬੀ ਭਾਸ਼ਾ ਵਿੱਚ ਇਸਦੀ ਸਿਖਲਾਈ ਤੇ ਰੌਚਿਕਤਾ ਜਲਦ ਪੂਰੀ ਹੋਣ ਕਾਰਨ ਵਿਦਿਆਰਥੀ ਮਨ ਦਿਲਚਸਪੀ ਨਾਲ ਹੋਰ ਮੂਲ ਕਾਰਨਾਂ ਅਤੇ ਕਿਰਿਆਵਾਂ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ ਜੋ ਵਿਗਿਆਨ ਦਾ ਮੁੱਢ ਕਦੀਮੀਂ ਉਦੇਸ਼ ਰਿਹਾ ਹੈ। ਸੰਦਰਭਾਂ ਅਤੇ ਰਾਸ਼ੀਆਂ ਦਾ ਨਿਰੀਖਣ, ਲੋੜ ਅਨੁਸਾਰ ਮਾਪ ਕਰਨ ਉਪਰੰਤ ਪ੍ਰਾਪਤ ਨਤੀਜਿਆਂ, ਅੰਕੜਿਆਂ ਨੂੰ ਗਰਾਫ਼ ਵਿਧੀ ਜਾਂ ਸਿੱਧੇ ਹੀ ਗਣਿਤਕ ਤੌਰ ’ਤੇ ਜਾਂਚਿਆ ਜਾਂਦਾ ਹੈ। ਇਸ ਵਿੱਚ ਕਿਸੇ ਸਥਿਰਤਾ ਅਨੁਸਾਰ ਜਾਂ ਸਿਧਾਂਤਕ ਧਰੁਵਾਂ ਦੇ ਨਤੀਜਿਆਂ ਨਾਲ ਪ੍ਰਯੋਗਿਕ ਨਤੀਜਿਆਂ ਦੀ ਪੁਸ਼ਟੀ ਕੀਤੀ ਜਾਂਦੀ ਹੈ। ਪਹਿਲੇ ਦੋ ਪੜਾਵਾਂ ਦੀ ਵਿਉਂਤਬੰਦੀ ਇਸ ਪੜਾਅ ਲਈ ਸਰੋਤ ਦਾ ਕੰਮ ਕਰੇਗੀ। ਸ਼ਬਦ ਤੇ ਰਾਸ਼ੀਆਂ ਉਹੀ ਰਹਿਣਗੀਆਂ; ਸਿਰਫ਼ ਮਾਪ ਦੁਆਰਾ ਤੁਲਨਾਤਮਕ ਪੱਧਰ ਅਤੇ ਪ੍ਰਮਾਣਿਕਤਾ ਦੀ ਕਸੌਟੀ ’ਤੇ ਪਰਖੀਆਂ ਜਾਣਗੀਆਂ।

ਅੰਤਿਮ ਪੜਾਅ ’ਤੇ ਸਮੁੱਚੀ ਪ੍ਰਕਿਰਿਆ ਦੇ ਨਤੀਜਿਆਂ ਨੂੰ ਕਿਸੇ ਵੀ ਹੋਰ ਵਿਸ਼ੇ, ਉਪ-ਵਿਸ਼ੇ, ਵਸਤੂ ਜਾਂ ਪਦਾਰਥ ਆਦਿ ਲਈ ਲਾਗੂ ਕੀਤਾ ਜਾਂਦਾ ਹੈ। ਇਸ ਵਿੱਚ ਪ੍ਰਮਾਣਿਕਤਾ ਨੂੰ ਹੋਰ ਅਨੁਪਾਤਾਂ ’ਚ ਜਾਂਚਿਆ ਜਾਂਦਾ ਹੈ। ਹਰ ਕਿਰਿਆ, ਪ੍ਰਕਿਰਿਆ ਨੂੰ ਪ੍ਰਾਪਤ ਗਿਆਨ ਨਾਲ ਘੋਖਣਾ ਵਿਗਿਆਨ ਦੀ ਦੂਰਅੰਦੇਸ਼ੀ ਹੈ। ਵਿਗਿਆਨ ਵਿਸ਼ਾ ਆਪਣੇ ਸੁਭਾਅ ਅਨੁਸਾਰ ਕੰਮ ਕਰਦਾ ਹੈ ਜਿਸ ਦੀ ਮੂਲ ਮੰਗ ਹੈ ਕਿ ਸਾਰੇ ਪੜਾਵਾਂ ਲਈ ਸਹਿਜਤਾ ਪੂਰਨ ਤੇ ਸੁਤੰਤਰ ਮਾਨਸਿਕ, ਦਿਮਾਗ਼ੀ ਵਾਤਾਵਰਨ ਮਿਲੇ ਜੋ ਪੰਜੇ ਗਿਆਨ ਇੰਦਰੀਆਂ ਤੋਂ ਇਲਾਵਾ ਯਾਦਦਾਸ਼ਤ ਵਰਗੀਆਂ ਸ਼ਕਤੀਆਂ ਨੂੰ ਇੱਕ ਬਿੰਦੂ ’ਤੇ ਕੇਂਦਰਿਤ ਕਰ ਸਕੇ। ਅਜਿਹੀ ਇਕਾਗਰਤਾ ਆਪਣੀ ਜੀਵਨ ਜਾਚ ’ਚ ਵਧੇਰੇ ਪ੍ਰਪੱਕਤਾ ਨਾਲ ਪ੍ਰਾਪਤ ਹੁੰਦੀ ਹੈ। ਟੀਪੂ ਸੁਲਤਾਨ ਦੁਆਰਾ ਗਿੱਲੇ ਬਾਂਸ ਦੇ ਛੋਟੇ ਟੁਕੜੇ ਨੂੰ ਅੱਗ ’ਚ ਤਿੜਕਦਾ ਦੇਖ ਕੇ ਨਿਰੀਖਣ ਉਪਰੰਤ ਸਾਰੇ ਪੜਾਵਾਂ ’ਚੋਂ ਗੁਜ਼ਰਦਿਆਂ ਮਾਰੂ ਹਥਿਆਰ ਬਣਾ ਕੇ ਅੰਗਰੇਜ਼ਾਂ ਖਿਲਾਫ਼ ਵਰਤਣਾ ਆਪਣੀ ਭਾਸ਼ਾ ਦੁਆਰਾ ਵਿਗਿਆਨਕ ਸੁਭਾਅ ਨੂੰ ਲਾਗੂ ਕਰਨਾ ਹੀ ਸੀ ਜੋ ਅੱਜ ਦੇ ਰਾਕੇਟ-ਲਾਂਚਰ ਦਾ ਰੂਪ ਲੈ ਗਿਆ ਹੈ।

ਪੰਜਾਬ ਦੀ ਸਿੱਖਿਆ, ਖੋਜ ਤੇ ਸਿਖਲਾਈ ਸੰਸਥਾ ਦੁਆਰਾ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ, ਅਧਿਆਪਕਾਂ, ਹੋਰ ਸਬੰਧਿਤ ਸੰਸਥਾਵਾਂ, ਯੂਨੀਵਰਸਿਟੀਆਂ ਨਾਲ ਮਿਲ ਕੇ ਬਾਲ ਵਿਗਿਆਨ ਰਸਾਲਾ, ਰੋਜ਼ਾਨਾ ਵਿਗਿਆਨ ਰਸਾਲਾ, ਖੇਡ-ਖੇਡ ਵਿੱਚ ਵਿਗਿਆਨ ਰਸਾਲਾ ਆਦਿ ਸ਼ੁਰੂ ਕਰਨੇ ਚਾਹੀਦੇ ਹਨ। ਇਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਵਿਗਿਆਨ ਸਿੱਖਣ ਦੀ ਚੇਟਕ ਲੱਗੇਗੀ, ਉਹ ਪੰਜਾਬੀ ਭਾਸ਼ਾ ਦੇ ਵਿਗਿਆਨਕ ਤੱਥਾਂ ਨਾਲ ਸਬੰਧਿਤ ਸ਼ਬਦ ਸਹਿਜੇ-ਸਹਿਜੇ ਆਪਣੇ ਸਿਖਾਂਦਰੂ ਮਨ ’ਚ ਵਸਾਉਂਦੇ ਜਾਣਗੇ। ਉਪਰੰਤ ਉਨ੍ਹਾਂ ਨੂੰ ਵਿਗਿਆਨ ਆਪਣੇ ਨਾਲ, ਆਪਣੇ ਸੱਭਿਆਚਾਰ ਅਤੇ ਆਪਣੇ ਘਰ ’ਚ ਵਸਦਾ ਪ੍ਰਤੀਤ ਹੋਵੇਗਾ।

ਵਿਗਿਆਨ ਦੇ ਮੁੱਖ ਚਰਨਾਂ ਜਿਵੇਂ ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ ਲਈ ਮਹਾਂਕੋਸ਼ਾਂ ਦੀ ਸਿਰਜਣਾ ਜ਼ਰੂਰੀ ਹੈ ਤਾਂ ਜੋ ਮੱਦਾਂ, ਰਾਸ਼ੀਆਂ ਆਦਿ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਆਹਮੋ-ਸਾਹਮਣੇ ਕੀਤਾ ਜਾ ਸਕੇ। ਇਸ ਵਿਉਂਤਬੰਦੀ ਨਾਲ ਵਿਦਿਆਰਥੀਆਂ ਦਾ ਆਤਮ-ਵਿਸ਼ਵਾਸ ਵਧੇਗਾ। ਬਾਹਰਲੀਆਂ ਭਾਸ਼ਾਵਾਂ ਵਿਦਿਆਰਥੀ ਮਨ ’ਚ ਕਈ ਵਾਰ ਦੁਬਿਧਾ, ਹੀਣਭਾਵਨਾ ਆਦਿ ਦੁਆਰਾ ਗਿਆਨ ਦੀ ਪ੍ਰਮਾਣਿਕਤਾ ਨੂੰ ਪ੍ਰਭਾਵਿਤ ਕਰਦੀਆਂ ਹਨ ਤੇ ਕਈ ਵਾਰ ਪੜਾਵੀ ਪ੍ਰਕਿਰਿਆ ਨੂੰ ਸਮਝਣ ’ਚ ਵੀ ਬਾਧਕ ਬਣ ਸਕਦੀਆਂ ਹਨ। ਵਿਦਿਆਰਥੀਆਂ ਨੂੰ ਆਪਣੇ ਵਿਗਿਆਨਕ ਗਿਆਨ, ਕਮੀਆਂ ਤੇ ਦੁਚਿੱਤੀਆਂ ਨੂੰ ਕਹਿਣ ਲਈ ਖੁੱਲ੍ਹੀ ਵਿਗਿਆਨਕ ਬਹਿਸ ਦੇ ਮੰਚ ਮਿਲਣੇ ਚਾਹੀਦੇ ਹਨ। ਅਨੇਕਾਂ ਘੱਟ ਪੜ੍ਹੇ ਲਿਖੇ ਪੰਜਾਬੀ ਕਾਮਿਆਂ ਦੁਆਰਾ ਈਜਾਦ ਕੀਤੀਆਂ ਵਿਲੱਖਣ ਮਸ਼ੀਨਾਂ ਵਾਲੇ ਗਿਆਨ ਨੂੰ ਜੇਕਰ ਭਾਸ਼ਾ ਦੇ ਪ੍ਰਵਾਹ ’ਚ ਵਿਉਂਤਬੰਦ ਕੀਤਾ ਜਾਵੇ ਤਾਂ ਇਹ ’ਹੁਨਰ ਦੀ ਕ੍ਰਾਂਤੀ’ ਬਣ ਸਕਦੀ ਹੈ। ਜੇਕਰ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪ੍ਰਫੁੱਲਤਾ ਲਈ ਵੱਖ ਵੱਖ ਸਾਹਿਤਕ ਖੇਤਰਾਂ ’ਚ ਖੋਜ ਕਾਰਜ ਹੋ ਰਹੇ ਹਨ ਤਾਂ ਬਹੁਵਿਸ਼ਿਆਂ ਦੀ ਸਹਿ-ਸਬੰਧਤਾ ਅਨੁਸਾਰ ਪੰਜਾਬੀ ਭਾਸ਼ਾ ਤੇ ਵਿਗਿਆਨ ਵਿਚਕਾਰ ਉੱਚਤਮ ਤਾਲਮੇਲ ’ਤੇ ਵੀ ਖੋਜ ਕਾਰਜ ਹੋਣੇ ਚਾਹੀਦੇ ਹਨ।

ਜਿਵੇਂ ਪੌਦਾ ਜੜ੍ਹ ਤੋਂ ਸਿੰਜਿਆ ਜਾਂਦਾ ਹੈ, ਉਵੇਂ ਹੀ ਪੰਜਾਬੀ ਭਾਸ਼ਾ ਦੀ ਵਿਗਿਆਨਕ ਤੱਥਾਂ ਨਾਲ ਸਬੰਧਿਤ ਵਿਉਂਤਬੰਦੀ ਹੇਠਲੇ ਪੱਧਰ ਤੋਂ ਹੀ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਫੁੱਲਾਂ ਨੂੰ ਖੁਸ਼ਬੂ ਦੇ ਫੈਲਾਅ ਲਈ ਹਵਾ ਦੀ ਜ਼ਰੂਰਤ ਜ਼ਰੂਰ ਹੈ, ਪਰ ਉਸ ਤੋਂ ਪਹਿਲਾਂ ਫੁੱਲ ਦਾ ਖੁਸ਼ਬੂਦਾਰ ਹੋਣਾ ਲਾਜ਼ਮੀ ਹੈ। ਇਸੇ ਤਰ੍ਹਾਂ ਵਿਦਿਆਰਥੀ ਦਾ ਵਿਗਿਆਨਕ ਦ੍ਰਿਸ਼ਟੀਕੋਣ, ਚੇਤੰਨਤਾ, ਮਾਨਸਿਕ ਝੁਕਾਅ ਅਤੇ ਵਿਗਿਆਨ ਵਿੱਚ ਦਿਲਚਸਪੀ ਦਾ ਪਹਿਲਾਂ ਹੋਣਾ ਜ਼ਰੂਰੀ ਹੈ ਜੋ ਮੌਲਿਕ ਤੇ ਮਨੋਵਿਗਿਆਨਕ ਮਤ ਅਨੁਸਾਰ ਮਾਤ ਭਾਸ਼ਾ ਵਿੱਚ ਹੀ ਵਿਉਂਤਬੱਧ ਕੀਤਾ ਜਾ ਸਕਦਾ ਹੈ।

## *ਖ਼ਬਰਸਾਰ*

**ਰਿਪੋਰਟ :ਬਲਵਿੰਦਰਪਾਲ ਸਿੰਘ**

### ਆਮ ਆਦਮੀ ਪਾਰਟੀ ਦੇ 20 ਵਿਧਾਇਕ ਕਾਂਗਰਸ ’ਚ ਜਾਣਗੇ !

ਵੇਰਕਾ-ਕਾਂਗਰਸੀ ਆਗੂ ਅਤੇ ਵੇਰਕਾ ਤੋਂ ਵਿਧਾਇਕ ਡਾ. ਰਾਜ ਕੁਮਾਰ ਵੇਰਕਾ ਨੇ ਦਾਅਵਾ ਕੀਤਾ ਹੈ ਕਿ ਆਮ ਆਦਮੀ ਪਾਰਟੀ ਦੇ 20 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ। ਇਹ ਦਾਅਵਾ ਵੇਰਕਾ ਨੇ ਉਸ ਵੇਲੇ ਕੀਤਾ ਜਦੋਂ ਉਨ੍ਹਾਂ ਨੂੰ ਪੱਤਰਕਾਰਾਂ ਨੇ ਸਵਾਲ ਕੀਤਾ ਕਿ ਹਰਿੰਦਰ ਸਿੰਘ ਖਾਲਸਾ ਭਾਜਪਾ ਚ ਜਾ ਰਹੇ ਹਨ ਤੇ ਇਸ ਉਤੇ ਉਨ੍ਹਾਂ ਦਾ ਕੀ ਪ੍ਰਤੀਕਰਮ ਹੈ। ਜਵਾਬ ਵਿੱਚ ਵੇਰਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਕੁਨਬਾ ਖਤਮ ਹੋ ਰਿਹਾ ਹੈ ਤੇ ਇਸ ਪਾਰਟੀ ਦੇ 20 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ। ਅਜੇ ਤੱਕ ਪਤਾ ਨਹੀਂ ਲਗ ਸਕਿਆ ਕਿ ਰਾਜ ਕੁਮਾਰ ਨੇ ਛੁਰਲੀ ਛੱਡੀ ਹੈ ਜਾਂ ਉਨ੍ਹਾਂ ਦੀ ਗਲ ਵਿਚ ਸੱਚਾਈ ਹੈ।

### ਭਾਈ ਮਿੰਟੂ ਦੀ ਜਾਨ ਨੂੰ ਖਤਰਾ

ਲੁਧਿਆਣਾ-ਭਾਈ ਹਰਮਿੰਦਰ ਸਿੰਘ ਮਿੰਟੂ ਨਜ਼ਰਬੰਦ ਕੇਂਦਰੀ ਜੇਲ ਪਟਿਆਲਾ ਦੇ ਸੁਪਰਡੈਂਟ ਰਾਜਨ ਕਪੂਰ, ਡਿਪਟੀ ਸੁਪਰਡੈਂਟ ਗੁਰਚਰਨ ਧਾਲੀਵਾਲ ਤੇ ਅਸਿਸਟੈਂਟ ਸੁਪਰਡੈਂਟ ਪ੍ਰਭਜੋਤ ਸਿੰਘ ’ਤੇ ਗੰਭੀਰ ਇਲਜ਼ਾਮ ਲਗਾਉਂਦੇ ਹੋਏ ਇਨ੍ਹਾਂ ਅਧਿਕਾਰੀਆਂ ਤੋਂ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਹੈ। ਇਹ ਜਾਣਕਾਰੀ ਉਨ੍ਹਾਂ ਆਪਣੇ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਦਿੱਤੀ। ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਉਨ੍ਹਾਂ ਨੂੰ ਜੇਲ ਪ੍ਰਸ਼ਾਸਨ ਵੱਲੋ ਪਿਛਲੇ ਕਰੀਬ 2 ਮਹੀਨਿਆਂ ਤੋਂ ਜੇਲ ਵਿਚ ਬੰਦ ਅਹਾਤੇ ਵਿਚ ਰਖਿਆ ਗਿਆ ਹੈ ਅਤੇ ਪੀਣ ਤੇ ਪਖਾਨੇ ਲਈ ਇੱਕ ਹੀ ਪਾਣੀ ਵਰਤਣਾ ਪੈਂਦਾ ਹੈ। ਕਿਉਕਿ ਉਹ ਹਾਰਟ ਦੇ ਮਰੀਜ਼ ਹਨ ਤੇ ਠੰਡ ਦੇ ਦਿਨਾਂ ਵਿਚ ਉਨਾਂ ਦੀ ਤਕਲੀਫ ਹੋਰ ਵੱਧ ਜਾਂਦੀ ਹੈ ਪਰ ਜੇਲ ਡਾਕਟਰ ਵਲੋਂ ਵਾਰ ਵਾਰ ਪੀ.ਜੀ.ਆਈ. ਤੋਂ ਜਾਂਚ ਕਰਵਾਉਣ ਦੀ ਸਲਾਹ ਦੇ ਬਾਵਜੂਦ ਉਨ੍ਹਾਂ ਨੂੰ ਜੇਲ ਸੁਪਰਡੈਂਟ ਵਲੋਂ ਨਹੀਂ ਭੇਜਿਆ ਜਾਂਦਾ। ਉਨ੍ਹਾਂ ਕਿਹਾ ਕਿ ਜੇਲ ਸੁਪਰਡੈਂਟ ਰਾਜਨ ਕਪੂਰ ਵਲੋ ਉਨ੍ਹਾਂ ਨੂੰ ਬੰਦ ਅਹਾਤੇ ਵਿਚੋ ਬਾਹਰ ਕੱਢਣ ਲਈ ਪਹਿਲਾਂ ਇੱਕ ਲੱਖ ਰੁਪਏ ਤੇ ਹੁਣ ਦੋ ਲੱਖ ਰੁਪਏ ਦੀ ਰਿਸ਼ਵਤ ਮੰਗੀ ਜਾ ਰਹੀ ਸੀ।

### ਸਕੂਲ ਹੋਣਗੇ ਤੰਬਾਕੂ ਮੁਕਤ

ਸੰਗਰੂਰ-ਪੰਜਾਬ ਸਿੱਖਿਆ ਵਿਭਾਗ ਨੇ ਰਾਜ ਦੇ ਸਾਰੇ ਸਮੂਹ ਅਤੇ ਆਲੇ-ਦੁਆਲੇ ਨੂੰ ਤੰਬਾਕੂ ਮੁਕਤ ਬਣਾਉਣ ਲਈ ਫਿਰ ਹਦਾਇਤਾਂ ਜਾਰੀ ਕੀਤੀਆਂ ਹਨ। ਵਿਭਾਗ ਦੇ ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ ਵਲੋਂ ਰਾਜ ਦੇ ਸਮੂਹ ਸਿੱਖਿਆ ਅਧਿਕਾਰੀਆਂ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਸਕੂਲਾਂ ਦੀ ਬਾਹਰੀ ਦੀਵਾਰ ਤੋਂ 100 ਗਜ ਦੇ ਘੇਰੇ ਅੰਦਰ ਤੰਬਾਕੂ ਪਦਾਰਥਾਂ ਦੀ ਵਿਕਰੀ ਪੂਰੀ ਤਰ੍ਹਾਂ ਬੰਦ ਕਰਵਾਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਕੂਲ ਕੈਂਪਸ ਅੰਦਰ ਕੋਈ ਵੀ ਵਿਅਕਤੀ ਤੰਬਾਕੂ ਉਤਪਾਦ ਦੀ ਵਰਤੋਂ ਨਾ ਕਰੇ।

### ਸੌਦਾ ਸਾਧ ਦੀ ਮਾਸੀ ਗੋਲੋ ਦੀ ਪੁਲੀਸ ਨੂੰ ਭਾਲ

ਸਿਰਸਾ-ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਸੀ.ਬੀ.ਆਈ. ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਹੋਈ ਸਰਸਾ ਹਿੰਸਾ ਮਾਮਲੇ ਵਿਚ ਵਿਚ ਪੁਲਸ ਨੂੰ ਗੋਲੋ ਮਾਸੀ ਦੀ ਭਾਲ ਹੈ। ਗੋਲੋ ਮਾਸੀ ਰਾਮ ਰਹੀਮ ਦੀ ਰਿਸ਼ਤੇਦਾਰ ਹੈ ਅਤੇ ਹਿੰਸਾ ਤੋਂ ਪਹਿਲਾਂ ਭਾਸ਼ਣਬਾਜੀ ਤੇ ਸਮਰਥਕਾਂ ਨੂੰ ਭੜਕਾਉਣ ਦੇ ਦੋਵਾਂ ’ਤੇ ਦੋਸ਼ ਹਨ। ਸਿਰਸਾ ਵਿਚ ਭੜਕੀ ਹਿੰਸਾ ਦੌਰਾਨ ਸਰਕਾਰੀ ਜਾਇਦਾਦ ਦਾ ਭਾਰੀ ਮਾਤਰਾ ਵਿਚ ਨੁਕਸਾਨ ਕੀਤਾ ਗਿਆ ਸੀ, ਜਿਸ ਦੌਰਾਨ 6 ਲੋਕਾਂ ਦੀ ਮੌਤ ਹੋ ਗਈ ਸੀ

### ਵਿਪਾਸਨਾ ਖਿਲਾਫ ਵਾਰੰਟ ਜਾਰੀ

ਚੰਡੀਗੜ੍ਹ-25 ਅਗਸਤ ਨੂੰ ਪੰਚਕੂਲਾ ਵਿਚ ਰਾਮ ਰਹੀਮ ਦੇ ਸਮਰਥਕਾਂ ਵਲੋਂ ਅੱਗ ਲਗਾਉਣ ਅਤੇ ਹਿੰਸਾ ਭੜਕਾਉਣ ਦੇ ਮਾਮਲੇ ਵਿਚ ਡੇਰਾ ਸੱਚਾ ਸੌਦਾ ਦੀ ਚੇਅਰਪਰਸਨ ਵਿਪਾਸਨਾ ਦੀ ਗ੍ਰਿਫਤਾਰੀ ਲਈ ਗ੍ਰਿਫਤਾਰੀ ਵਾਰੰਟ ਜਾਰੀ ਹੋ ਗਏ ਹਨ। ਵਾਰੰਟ ਜਾਰੀ ਹੋਣ ਦੀ ਖਬਰ ਤੋਂ ਪਹਿਲਾਂ ਹੀ ਵਿਪਾਸਨਾ ਅੰਡਰਗਰਾਊਂਡ ਦੱਸੀ ਜਾ ਰਹੀ ਹੈ।

### ਕੁੜੀਆਂ ਨੇ ਮੁੰਡਿਆਂ ਨੂੰ ਪਛਾੜਿਆ

ਨਵੀਂ ਦਿੱਲੀ- ਪਿਛਲੇ 7 ਸਾਲ ਵਿਚ ਭਾਰਤ ਵਿਚ ਉੱਚ ਸਿੱਖਿਆ ਵਿਚ ਲੜਕੀਆਂ ਦੀ ਨਾਮਜ਼ਦਗੀ ਤਕਰੀਬਨ 37% ਵਧ ਗਈ ਹੈ। ਏਨਾ ਹੀ ਨਹੀਂ, ਇਸ ਮਾਮਲੇ ਵਿਚ ਲੜਕੀਆਂ ਨੇ ਹਰਿਆਣਾ, ਉੱਤਰ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਗੋਆ ਸਮੇਤ 12 ਸੂਬਿਆਂ ਵਿਚ ਲੜਕਿਆਂ ਨੂੰ ਪਛਾੜ ਦਿੱਤਾ ਹੈ। ਇਨ੍ਹਾਂ ਵਿਚ ਪੁਡੂਚੇਰੀ ਵੀ ਸ਼ਾਮਲ ਹੈ। ਇਹ ਜਾਣਕਾਰੀ ਬੀਤੇ ਦਿਨੀਂ ਜਾਰੀ ਆਲ ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ 2016-17 ਵਿਚ ਸਾਹਮਣੇ ਆਈ ਹੈ। ਇਸ ਦੇ ਮੁਤਾਬਕ ਉੱਚ ਸਿੱਖਿਆ ਵਿਚ ਗਰਾਸ ਇਨਰੋਲਮੈਂਟ ਰੇਸ਼ੋ (ਜੀਈਆਰ) 5 ਸਾਲ ਵਿਚ ਤਕਰੀਬਨ 19.ਗ ਵਧ ਕੇ 25.2ਗ ਹੋ ਗਿਆ ਹੈ।

### ਵਿਦੇਸ਼ਾਂ ਵਸਣ ਦੀ ਦੌੜ ’ਚ ਨੇ ਪੰਜਾਬਣਾਂ

ਪੰਜਾਬ ਦੀਆਂ ਲੜਕੀਆਂ ਨੇ ਵੀ ਪੰਜਾਬੀ ਗੱਭਰੂਆਂ ਨੂੰ ਪਛਾੜ ਦਿੱਤਾ ਹੈ। ਉਹ ਉੱਚ ਪੜ੍ਹਾਈ ਲਈ ਤੇ ਆਈਲਟਸ ਕਰਕੇ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਤੇ ਅਸਟਰੇਲੀਆ ਜਾ ਰਹੀਆਂ ਹਨ। ਅਖਬਾਰਾਂ ਵਿਚ ਵਿਆਹ ਦੇ ਇਸ਼ਤਿਹਾਰਾਂ ਵਿਚ ਕਢਵਾਇਆ ਦਾ ਰਿਹਾ ਹੈ ਕਿ ਅਮੀਰ ਲੜਕੇ ਨੂੰ ਆਈਲਟਸ ਲੜਕੀ ਦੀ ਲੋੜ। ਇਸ ਕਾਰਨ ਪੜ੍ਹੀਆਂ ਲਿਖੀਆਂ ਗਰੀਬ ਲੜਕੀਆਂ ਦੇ ਵਿਆਹ ਅਮੀਰ ਘਰਾਂ ਵਿਚ ਹੋ ਰਹੇ ਹਨ ਜੋ ਵਿਦੇਸ਼ਾਂ ਵਿਚ ਵਸਣ ਦੇ ਚਾਹਵਾਨ ਹਨ। ਦੁਆਬੇ ਵਿਚ ਇਹ ਘਟਨਾਵਾਂ ਆਮ ਹੀ ਹਨ।

### ਰਾਜਸਥਾਨ ਵਿਚ ਨਹੀਂ ਚਲੇਗੀ ‘ਪਦਮਾਵਤ’ ਫ਼ਿਲਮ

ਜੈਪੁਰ-ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਸੂਬੇ ਵਿਚ ‘ਪਦਮਾਵਤ’ ਫਿਲਮ ਦੇ ਪ੍ਰਦਰਸ਼ਨ ’ਤੇ ਰੋਕ ਲਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਰਾਣੀ ਪਦਮਨੀ ਦਾ ਬਲੀਦਾਨ ਸੂਬੇ ਦੇ ਮਾਣ-ਸਨਮਾਨ ਨਾਲ ਜੁੜਿਆ ਹੋਇਆ ਹੈ, ਇਸ ਲਈ ਉਨ੍ਹਾਂ ਦੀ ਮਰਿਆਦਾ ਨੂੰ ਕਿਸੇ ਵੀ ਕੀਮਤ ’ਤੇ ਠੇਸ ਨਹੀਂ ਵੱਜਣ ਦਿੱਤੀ ਜਾਏਗੀ।

### ਪੰਜਾਬੀ ਗੱਭਰੂ ਨਹੀਂ ਰਹੇ ਫੌਜੀ ਬਣਨ ਦੇ ਲਾਇਕ

ਜਲੰਧਰ-ਨਸ਼ਾ ਅਤੇ ਖੇਤਾਂ ਵਿਚ ਲਗਾਤਾਰ ਮਿਲਾਏ ਜਾ ਰਹੇ ਕੀਟਨਾਸ਼ਕ ਦਾ ਮਾੜਾ ਅਸਰ ਪੰਜਾਬ ਪੁਲਸ ਦੇ ਬਾਅਦ ਹੁਣ ਫੌਜ ਦੀ ਭਰਤੀ ਵਿਚ ਵੀ ਦੇਖਣ ਨੂੰ ਮਿਲਿਆ। ਫੌਜ ਵਿਚ ਧਾਰਮਿਕ ਅਧਿਆਪਕਾਂ ਦੇ 62 ਅਹੁਦਿਆਂ ਲਈ ਕੀਤੀ ਜਾ ਰਹੀ ਭਰਤੀ ਦੀ ਦੌੜ ਵਿਚ ਪੰਜਾਬ ਦਾ ਇਕ ਵੀ ਗੱਭਰੂ ਪਾਸ ਨਾ ਹੋ ਸਕਿਆ। ਕੈਂਟ ਵਿਚ ਹੋਈ ਡੇਢ ਕਿਲੋਮੀਟਰ ਦੀ ਦੌੜ ਵਿਚ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਪਹਿਲੇ ਹੀ ਰਾਊਂਡ ਤੋਂ ਬਾਹਰ ਹੋ ਗਏ।

# ਚਾਰਾ ਘੁਟਾਲਾ ਮਾਮਲੇ 'ਚ ਲਾਲੂ ਯਾਦਵ ਨੂੰ ਦਿੱਤੀ ਸਾਢੇ ਤਿੰਨ ਸਾਲ ਕੈਦ ਦੀ ਸਜ਼ਾ

**ਰਾਂਚੀ/ਬਿਊਰੋ ਨਿਊਜ਼:**
ਵਿਸ਼ੇਸ਼ ਸੀਬੀਆਈ ਅਦਾਲਤ ਨੇ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਨੂੰ ਚਾਰਾ ਘੁਟਾਲੇ ਵਿੱਚ ਸਾਢੇ ਤਿੰਨ ਸਾਲ ਕੈਦ ਅਤੇ 10 ਲੱਖ ਰੁਪਏ ਜੁਰਮਾਨਾ ਕੀਤਾ ਹੈ। ਇਹ ਸਜ਼ਾ 21 ਸਾਲ ਪਹਿਲਾਂ ਦਿਓਘਰ ਖ਼ਜ਼ਾਨੇ 'ਚੋਂ ਫਰੇਬੀ ਢੰਗ ਨਾਲ 89.27 ਲੱਖ ਰੁਪਏ ਕਢਵਾਉਣ ਦੇ ਦੋਸ਼ 'ਚ ਹੋਈ ਹੈ। 23 ਦਸੰਬਰ ਨੂੰ ਦੋਸ਼ੀ ਕਰਾਰ ਦਿੱਤੇ 69 ਸਾਲਾ ਲਾਲੂ ਪ੍ਰਸਾਦ ਇਸ ਸਮੇਂ ਬਿਰਸਾ ਮੁੰਡਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਸੀਬੀਆਈ ਜੱਜ ਸ਼ਿਵ ਪਾਲ ਸਿੰਘ ਨੇ ਉਸ ਨੂੰ ਇਹ ਸਜ਼ਾ ਵੀਡੀਓਕਾਨਫਰੰਸਿੰਗ ਰਾਹੀਂ ਸੁਣਾਈ।



ਵਰਨਣਯੋਗ ਹੈ ਕਿ ਮੋਦੀ ਸਰਕਾਰ ਖਿਲਾਫ਼ ਵਿਰੋਧੀ ਧਿਰ ਨੂੰ ਇੱਕਮੁਠ ਕਰਨ ਲਈ ਯਤਨਸ਼ੀਲ ਲਾਲੂ ਯਾਦਵ ਭਾਜਪਾ ਵਾਲਿਆਂ ਦੀਆਂ ਅੱਖਾਂ 'ਚ ਰੜਕਦਾ ਆ ਰਿਹਾ ਹੈ।
ਇਸਤੋਂ ਪਹਿਲਾਂ ਆਰਜੇਡੀ ਮੁਖੀ ਨੂੰ ਚਾਰਾ ਘੁਟਾਲੇ ਦੇ ਇਕ ਹੋਰ ਕੇਸ 'ਚ 30 ਸਤੰਬਰ, 2013 ਨੂੰ ਪੰਜ ਸਾਲ ਕੈਦ ਹੋਈ ਸੀ। ਢਾਈ ਮਹੀਨਿਆਂ ਤੋਂ ਵੱਧ ਸਮਾਂ ਜੇਲ੍ਹ 'ਚ ਰਹਿਣ ਬਾਅਦ ਸੁਪਰੀਮ ਕੋਰਟ ਨੇ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ।
ਸੀਬੀਆਈ ਦੇ ਵਕੀਲ ਰਾਕੇਸ਼ ਪ੍ਰਸਾਦ ਨੇ ਦੱਸਿਆ ਕਿ ਚਾਰਾ ਘੁਟਾਲੇ 'ਚ ਧੋਖਾਧੜੀ, ਅਪਰਾਧਕ ਸਾਜ਼ਿਸ਼ ਅਤੇ ਆਈਪੀਸੀ ਦੀਆਂ ਹੋਰ ਧਾਰਾਵਾਂ ਤਹਿਤ ਸਾਢੇ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ। ਲਾਲੂ ਨੂੰ ਇਸ ਕੇਸ 'ਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ (ਪੀਸੀਏ) ਤਹਿਤ ਵੀ ਤਿੰਨ ਸਾਲ ਛੇ ਮਹੀਨੇ ਕੈਦ ਹੋਈ ਹੈ। ਉਸ ਨੂੰ ਆਈਪੀਸੀ ਤੇ ਪੀਸੀਏ ਤਹਿਤ ਪੰਜ ਪੰਜ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਵਕੀਲ ਨੇ ਦੱਸਿਆ ਕਿ ਜੇਕਰ ਜੁਰਮਾਨਾ ਨਾ ਭਰਿਆ ਤਾਂ ਛੇ ਮਹੀਨੇ ਹੋਰ ਕੈਦ ਕੱਟਣੀ ਪਵੇਗੀ। ਇਹ ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ। ਇਸ ਕੇਸ 'ਚ ਦੋਸ਼ੀ ਠਹਿਰਾਏ ਗਏ 10 ਹੋਰ ਜਣਿਆਂ ਨੂੰ ਸਜ਼ਾ ਬਾਰੇ ਵੀ ਬਹਿਸ ਹੋਈ ਸੀ। ਇਸ ਤੋਂ ਪਹਿਲਾਂ ਅੱਜ ਅਦਾਲਤ ਨੇ ਪੰਜ ਦੋਸ਼ੀਆਂ ਨੂੰ ਸਜ਼ਾ ਬਾਰੇ ਬਹਿਸ ਨਿਬੇੜੀ।
ਵਿਸ਼ੇਸ਼ ਸੀਬੀਆਈ ਅਦਾਲਤ ਨੇ 23 ਦਸੰਬਰ ਨੂੰ ਇਸ ਕੇਸ 'ਚੋਂ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਤੇ ਪੰਜ ਹੋਰਾਂ ਨੂੰ ਬਰੀ ਕਰ ਦਿੱਤਾ ਸੀ। ਇਸ ਦੌਰਾਨ ਪਟਨਾ 'ਚ ਲਾਲੂ ਦੇ ਪੁੱਤਰ ਤੇਜਸਵੀ ਯਾਦਵ ਨੇ ਕਿਹਾ, 'ਲਾਲੂ ਪ੍ਰਸਾਦ ਨੂੰ ਸਜ਼ਾ ਖ਼ਿਲਾਫ਼ ਅਸੀਂ ਹਾਈ ਕੋਰਟ ਜਾਵਾਂਗੇ ਅਤੇ ਅਦਾਲਤੀ ਫ਼ੈਸਲੇ ਦੇ ਅਧਿਐਨ ਬਾਅਦ ਜ਼ਮਾਨਤ ਲਈ ਅਪੀਲ ਕੀਤੀ ਜਾਵੇਗੀ।'

### 'ਕਦੇ ਨਹੀਂ ਝੁਕਾਂਗਾ'

ਸਜ਼ਾ ਦੇ ਐਲਾਨ ਤੋਂ ਬਾਅਦ ਲਾਲੂ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਟਵੀਟ ਕੀਤਾ। ਭਾਜਪਾ ਨਾਲ ਆਓ ਵਰਨਾ ਭੁਗਤੋ, ਦੇ ਨਿਯਮ ਨਾਲ ਨਹੀਂ ਜਾਵਾਂਗਾ। ਉਨ੍ਹਾਂ ਕਿਹਾ ਕਿ ਉਹ ਸਮਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਲਈ ਮਰਨ ਨੂੰ ਤਿਆਰ ਹਨ। ਟਵੀਟ ਤੋਂ ਬਾਅਦ ਜਨਤਾ ਦੇ ਨਾਂ ਚਿੱਠੀ ਵੀ ਪੋਸਟ ਕੀਤੀ। ਇਸ ਵਿੱਚ ਕਿਹਾ ਗਿਆ ਕਿ ਉਨ੍ਹਾਂ ਤਾਨਾਸ਼ਾਹੀ ਸੱਤਾ ਦਾ ਸਾਥ ਨਹੀਂ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ ਸਜ਼ਾ ਭੁਗਤਣੀ ਪਈ।


WHOLESALE TIRE & WHEELS
1030 West Main, Turlock, Ca 95382
Phone/24hr Service (209)668-1073
www.wholesaletire.us
24 HOUR EMERGENCY SERVICE
Please call (209) 277-3546



$45 Per Hour
SPECIAL RATE
Call (209) 277-6367 24-HOUR
SERVICE CALLS
MON-FRI 8AM - 5PM
SUPER LOW PRICING ON USED 1000-20 TIRES
Everyday low prices on 1000-20 quality used tires, wide selection, all major brands. Starting as low as



$75.00ea
All used tires are pre inspected for damage, leaks and cleaned before the transaction. In house installation or onsite service available 24/7. Please call us for more information and For your specification needs.
$90 Per Hour
SPECIAL RATE
SERVICE CALLS
SAT-SUN 8AM - 5PM
MON-SUN 5PM-8AM


## ਰਾਜ ਸਭਾ ਟਿਕਟਾਂ ਦੀ ਵੰਡ ਵਿਰੁਧ 'ਆਪ' ਦੀ ਪੰਜਾਬ

### ਇਕਾਈ ਦੇ ਵਿਧਾਇਕਾਂ ਨੇ ਨਰਾਜ਼ਗੀ ਪ੍ਰਗਟਾਈ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਵਾਦਤ ਕਾਰੋਬਾਰੀ ਨੂੰ ਰਾਜ ਸਭਾ ਲਈ ਨਾਮਜ਼ਦ ਕਰਕੇ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ 'ਤੇ ਆਈ ਆਮ ਆਦਮੀ ਪਾਰਟੀ (ਆਪ) ਨੂੰ ਹੁਣ ਪੰਜਾਬ 'ਚ ਆਪਣੇ ਵਿਧਾਇਕਾਂ ਦੀ ਨਾਰਾਜ਼ਗੀ ਵੀ ਸਹੇੜਨੀ ਪੈ ਰਹੀ ਹੈ। ਪੰਜਾਬ 'ਚ 12 ਦੇ ਕਰੀਬ ਵਿਧਾਇਕਾਂ ਨੇ ਪਾਰਟੀ ਦੀ ਚੋਣ 'ਤੇ ਨਾਰਾਜ਼ਗੀ ਜਤਾਈ ਹੈ। ਇਹ ਤੱਥ ਉਸ ਸਮੇਂ ਸਾਹਮਣੇ ਆਇਆ ਜਦੋਂ 'ਆਪ' ਦੇ ਉੱਘੇ ਆਗੂਆਂ 'ਚ ਸ਼ੁਮਾਰ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨੂੰ ਗੁਪਤ' ਪੱਤਰ ਭੇਜਿਆ। ਸ੍ਰੀ ਸੰਧੂ ਨੇ ਕਿਹਾ ਕਿ ਰਾਜ ਸਭਾ ਦੀਆਂ ਵਿਵਾਦਤ ਨਾਮਜ਼ਦਗੀਆਂ ਮਗਰੋਂ ਅਸੀਂ ਸਿਆਸੀ ਸੂਝ ਪੱਖੋਂ ਪਛੜਦੇ ਨਜ਼ਰ ਆ ਰਹੇ ਹਾਂ। ਉਨ੍ਹਾਂ ਕਿਹਾ, ਇਸ ਮਾਮਲੇ ਦਾ ਭਾਵੇਂ ਪਾਰਟੀ ਦੀ ਪੰਜਾਬ ਇਕਾਈ ਨਾਲ ਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਹੈ ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਵਿਧਾਇਕਾਂ ਅਤੇ ਵਾਲੰਟੀਅਰਜ਼ ਦੇ ਨਾਲ ਹੀ ਪਰਵਾਸੀ ਭਾਰਤੀਆਂ ਦੇ ਜਜ਼ਬਾਤ ਤੋਂ ਸੀਨੀਅਰ ਲੀਡਰਸ਼ਿਪ ਨੂੰ ਜਾਣੂ ਕਰਵਾਉਣਾ ਬਣਦਾ ਹੈ।' ਸ੍ਰੀ ਸੰਧੂ ਨੇ ਕਿਹਾ ਕਿ ਕਰੀਬ ਛੇ ਵਿਧਾਇਕ ਸੁਸ਼ੀਲ ਗੁਪਤਾ ਅਤੇ ਐਨ ਡੀ ਗੁਪਤਾ ਦੀ ਨਾਮਜ਼ਦਗੀ ਤੋਂ ਨਿਰਾਸ਼ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕੁਮਾਰ ਵਿਸ਼ਵਾਸ ਅਤੇ ਆਸ਼ੂਤੋਸ਼ ਨੂੰ ਅਣਗੌਲਿਆਂ ਨਹੀਂ ਕੀਤਾ ਜਾਣਾ ਚਾਹੀਦਾ ਸੀ। ਪੱਤਰ 'ਚ ਉਨ੍ਹਾਂ ਸਿਸੋਦੀਆ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਸ ਮੁੱਦੇ ਨੂੰ ਮੀਡੀਆ 'ਚ ਨਹੀਂ ਲੈ ਕੇ ਜਾਣਗੇ ਪਰ ਸਾਰੇ ਅਖ਼ਬਾਰਾਂ ਦੀਆਂ ਸੰਪਾਦਕੀਆਂ ਨੇ ਪਾਰਟੀ ਦੀ ਲਾਹ-ਪਾਹ ਕੀਤੀ ਹੈ। ਇਥੋਂ ਤਕ ਕਿ ਟੀਵੀ ਚੈਨਲਾਂ 'ਤੇ ਪਾਰਟੀ ਦੇ ਮੈਂਬਰਾਂ ਨੂੰ ਜਵਾਬ ਦੇਣਾ ਮੁਸ਼ਕਲ ਹੋ ਰਿਹਾ ਹੈ। ਸ੍ਰੀ ਸੰਧੂ ਨੇ ਚੇਤੇ ਕਰਵਾਇਆ ਕਿ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ 'ਚ ਕੱਢਣ ਵੇਲੇ ਵੀ ਉਨ੍ਹਾਂ ਦੀ ਗੱਲ ਨੂੰ ਨਹੀਂ ਮੰਨਿਆ ਗਿਆ ਜਿਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ 'ਚ ਪਾਰਟੀ ਦਾ ਨਿਘਾਰ ਆਉਣਾ ਸ਼ੁਰੂ ਹੋਇਆ ਸੀ।

### 'ਆਪ' ਦੇ ਤਿੰਨੇ ਉਮੀਦਵਾਰ ਬਿਨ੍ਹਾਂ ਮੁਕਾਬਲਾ ਜੇਤੂ

ਨਵੀਂ ਦਿੱਲੀ: ਆਮ ਆਦਮੀ ਪਾਰਟੀ ਦੇ ਤਿੰਨੋਂ ਉਮੀਦਵਾਰ ਸੰਜੈ ਸਿੰਘ, ਸੁਸ਼ੀਲ ਗੁਪਤਾ ਅਤੇ ਐਨ ਡੀ ਗੁਪਤਾ ਸੋਮਵਾਰ ਨੂੰ ਬਿਨਾਂ ਮੁਕਾਬਲੇ ਰਾਜ ਸਭਾ ਲਈ ਚੁਣ ਲਏ ਗਏ। ਮੁਕਾਬਲੇ 'ਚ ਕੋਈ ਹੋਰ ਉਮੀਦਵਾਰ ਨਾ ਹੋਣ ਕਰਕੇ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਜੇਤੂ ਕਰਾਰ ਦਿੱਤਾ। ਸ੍ਰੀ ਸੰਜੈ ਸਿੰਘ ਨੇ ਕਿਹਾ ਕਿ ਦਿੱਲੀ ਦੇ ਹੱਕਾਂ ਅਤੇ ਪੂਰਨ ਰਾਜ ਦਾ ਦਰਜਾ ਦਿਵਾਉਣ ਦੀ ਉਹ ਰਾਜ ਸਭਾ 'ਚ ਆਵਾਜ਼ ਬੁਲੰਦ ਕਰਨਗੇ।

# ਦਲਿਤ ਸਮਾਰੋਹ ਉੱਤੇ ਹਮਲੇ ਵਿਰੁਧ ਅੰਦੋਲਨ ਦੌਰਾਨ ਝੜਪਾਂ ਸਬੰਧੀ 150 ਗ੍ਰਿਫ਼ਤਾਰ

**ਮੁੰਬਈ/ਬਿਊਰੋ ਨਿਊਜ਼:** ਭੀਮ ਕੋਰੇਗਾਓਂ ਜੰਗ ਦੀ 200ਵੀਂ ਵਰ੍ਹੇਗੰਢ ਮਨਾਉਣ ਮੌਕੇ ਹੋਈ ਹਿੰਸਾ ਦੇ ਵਿਰੋਧ 'ਚ ਮਹਾਰਾਸ਼ਟਰ ਬੰਦ ਦੇ ਦਿੱਤੇ ਗਏ ਸੱਦੇ ਦੌਰਾਨ ਅੰਦੋਲਨ ਹੋਰ ਹਿੰਸਕ ਹੋ ਗਿਆ ਅਤੇ ਰੇਲ, ਬੱਸ ਅਤੇ ਸੜਕ ਆਵਾਜਾਈ 'ਚ ਅੜਿੱਕਾ ਡਾਹਿਆ ਗਿਆ। ਸ਼ਹਿਰ ਅਤੇ ਮਹਾਰਾਸ਼ਟਰ ਦੇ ਕਈ ਹਿੱਸਿਆਂ 'ਚ ਆਮ ਜਨਜੀਵਨ ਠੱਪ ਹੋ ਕੇ ਰਹਿ ਗਿਆ। ਬੰਦ ਨੂੰ ਦੇਖਦਿਆਂ ਮੁੰਬਈ ਡੱਬਾਵਾਲਾ ਐਸੋਸੀਏਸ਼ਨ ਨੇ ਆਪਣੇ ਗਾਹਕਾਂ ਨੂੰ ਖਾਣਾ ਪਹੁੰਚਾਉਣ ਦੀਆਂ ਸੇਵਾਵਾਂ ਨਹੀਂ ਦਿੱਤੀਆਂ।

ਸੂਬਾ ਸਰਕਾਰ ਨੇ ਸਕੂਲਾਂ 'ਚ ਛੁੱਟੀ ਨਹੀਂ ਐਲਾਨੀ ਸੀ ਪਰ ਬੰਦ ਕਾਰਨ ਬੱਸ ਅਪਰੇਟਰਾਂ ਨੇ ਆਪਣੀਆਂ ਬੱਸਾਂ ਨਹੀਂ ਚਲਾਈਆਂ। ਭਰੀਪਾ ਬਹੁਜਨ ਮਹਾਸੰਘ ਆਗੂ ਅਤੇ ਬੀ ਆਰ ਅੰਬੇਦਕਰ ਦੇ ਪੋਤੇ ਪ੍ਰਕਾਸ਼ ਅੰਬੇਦਕਰ ਨੇ ਪੁਣੇ ਜ਼ਿਲ੍ਹੇ ਦੇ ਪਿੰਡ ਭੀਮ ਕੋਰੇਗਾਓਂ 'ਚ ਦੋ ਦਿਨ ਪਹਿਲਾਂ ਹੋਈ ਹਿੰਸਾ ਨੂੰ ਸੂਬਾ ਸਰਕਾਰ ਵੱਲੋਂ ਰੋਕਣ 'ਚ ਨਾਕਾਮ ਰਹਿਣ ਦੇ ਵਿਰੋਧ 'ਚ ਅੱਜ ਮਹਾਰਾਸ਼ਟਰ ਬੰਦ ਦਾ ਸੱਦਾ ਦਿੱਤਾ ਸੀ। ਅੰਦੋਲਨਕਾਰੀਆਂ ਵੱਲੋਂ ਬੱਸਾਂ 'ਤੇ ਹਮਲੇ, ਨੀਮ ਸ਼ਹਿਰੀ ਲੋਕਲ ਸੇਵਾਵਾਂ ਰੋਕਣ ਅਤੇ ਵੱਖ ਵੱਖ ਥਾਵਾਂ 'ਤੇ ਸੜਕਾਂ ਜਾਮ ਕੀਤੇ ਜਾਣ ਮਗਰੋਂ ਮੁੰਬਈ 'ਚ ਮਾਹੌਲ ਅਸ਼ਾਂਤ ਹੋ ਗਿਆ। ਬੰਦ ਦਾ ਹਵਾਈ ਉਡਾਣਾਂ 'ਤੇ ਵੀ ਅਸਰ ਪਿਆ ਅਤੇ 12 ਉਡਾਣਾਂ ਰੱਦ ਹੋ ਗਈਆਂ ਜਦਕਿ 235 ਦੇਰੀ ਨਾਲ ਰਵਾਨਾ ਹੋਈਆਂ।

ਪੁਲੀਸ ਨੇ ਕਿਹਾ ਕਿ ਅੰਦੋਲਨਕਾਰੀਆਂ ਨੇ ਚੇਂਬੂਰ, ਘਾਟਕੋਪਰ, ਕਾਮਰਾਜ ਨਗਰ, ਵਿਖਰੋਲੀ, ਦਿਨਦੋਸ਼ੀ, ਕਾਂਡੀਵਲੀ, ਜੋਗੇਸ਼ਵਰੀ, ਕਲਾਨਗਰ ਅਤੇ ਮਾਹਿਮ ਤੋਂ ਪ੍ਰਦਰਸ਼ਨ ਸ਼ੁਰੂ ਕੀਤੇ। ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਸਵੇਰੇ ਹੀ ਪੱਛਮੀ ਐਕਸਪ੍ਰੈੱਸ ਹਾਈਵੇਅ ਨੂੰ ਠੱਪ ਕਰ ਦਿੱਤਾ ਸੀ ਪਰ ਪੁਲੀਸ ਨੇ ਉਨ੍ਹਾਂ ਨੂੰ ਮੌਕੇ ਤੋਂ ਭਜਾ ਦਿੱਤਾ। ਪੂਰਬੀ ਐਕਸਪ੍ਰੈੱਸ ਹਾਈਵੇਅ ਪੰਜ ਘੰਟਿਆਂ ਤਕ ਜਾਮ ਰਿਹਾ। ਪ੍ਰਦਰਸ਼ਨਕਾਰੀਆਂ ਨੇ ਬੈੱਸਟ ਦੀਆਂ 50 ਬੱਸਾਂ ਨੂੰ ਨੁਕਸਾਨਿਆ ਜਿਸ 'ਚ ਚਾਰ ਡਰਾਈਵਰ ਜ਼ਖ਼ਮੀ ਹੋ ਗਏ। ਨਵੀ ਮੁੰਬਈ, ਥਾਣੇ, ਔਰੰਗਾਬਾਦ, ਪੁਣੇ, ਨਾਂਦੇੜ, ਪਾਰਬਣੀ, ਵਾਸ਼ਿਮ, ਅਕੋਲਾ, ਸਿੰਧੂਦੁਰਗ, ਰਾਇਗੜ, ਕੋਲ੍ਹਾਪੁਰ ਤੋਂ ਵੀ ਸੜਕਾਂ ਜਾਮ ਕਰਨ, ਪੱਥਰਾਅ ਅਤੇ ਜਾਇਦਾਦ ਨੁਕਸਾਨ ਪਹੁੰਚਾਉਣ ਦੀਆਂ ਰਿਪੋਰਟਾਂ ਮਿਲੀਆਂ ਹਨ। ਪ੍ਰਦਰਸ਼ਨਾਂ ਨੂੰ ਦੇਖਦਿਆਂ ਪੁਲੀਸ ਨੇ ਟਰੈਫਿਕ ਨੂੰ ਹੋਰ ਰਸਤਿਆਂ ਵੱਲ ਮੋੜ ਦਿੱਤਾ ਤਾਂ ਜੋ ਆਵਾਜਾਈ ਸੁਚਾਰੂ ਢੰਗ ਨਾਲ ਚਲਦੀ ਰਹੇ। ਮੁੰਬਈ ਪੁਲੀਸ ਨੇ ਕੱਲ ਤੋਂ ਹੁਣ ਤਕ 150 ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਸੀ। ਪੁਣੇ 'ਚ 'ਸਕਲ ਮਰਾਠਾ ਕਰਾਂਤੀ ਮੋਰਚਾ' ਨੇ ਸ਼ਾਂਤੀ ਅਤੇ ਸਦਭਾਵਨਾ ਦੀ ਅਪੀਲ ਕਰਦਿਆਂ ਵੱਖ ਵੱਖ ਭਾਈਚਾਰਿਆਂ 'ਚ ਤਰੇੜ ਪਾਉਣ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਪੁਣੇ 'ਚ ਹਿੰਸਾ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬੰਬੇ ਹਾਈ ਕੋਰਟ ਦਾ ਰੁਖ਼ ਕਰਕੇ ਮੌਜੂਦਾ ਜੱਜ ਤੋਂ ਭੀਮ ਕੋਰੇਗਾਓਂ 'ਚ ਹੋਈ ਹਿੰਸਾ ਦੀ ਜਾਂਚ ਕਰਵਾਉਣ ਦੀ ਮੰਗ ਕਰੇਗੀ।



ਮਹਾਰਾਸ਼ਟਰ ਬੰਦ ਦੇ ਸੱਦੇ ਦੌਰਾਨ ਦਲਿਤ ਭਾਈਚਾਰੇ ਦੇ ਲੋਕ ਥਾਣੇ ਦੇ ਰੇਲਵੇ ਸਟੇਸ਼ਨ 'ਤੇ ਮੁਜ਼ਾਹਰਾ ਕਰਦਾ ਹੋਏ।

## ਦੋ ਹਿੰਦੂ ਆਗੂਆਂ ਦੀ ਗ੍ਰਿਫ਼ਤਾਰ ਮੰਗੀ

ਮਹਾਰਾਸ਼ਟਰ ਬੰਦ ਦਾ ਸੱਦਾ ਵਾਪਸ ਲੈਂਦਿਆਂ ਸ੍ਰੀ ਪ੍ਰਕਾਸ਼ ਅੰਬਦੇਕਰ ਨੇ ਦੋਸ਼ ਲਾਇਆ ਕਿ ਪੁਣੇ ਜ਼ਿਲ੍ਹੇ ਦੇ ਭੀਮ ਕੋਰੇਗਾਓਂ 'ਚ ਹੋਈ ਹਿੰਸਾ ਪਿੱਛੇ ਹਿੰਦੂ ਜਥੇਬੰਦੀਆਂ ਦੇ ਆਗੂਆਂ ਸੰਭਾਜੀ ਭਿੜੇ ਅਤੇ ਮਿਲਿੰਦ ਏਕਬੋਤੇ ਦਾ ਹੱਥ ਹੈ ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਮੁੰਬਈ ਧਮਾਕਿਆਂ ਦੇ ਦੋਸ਼ੀ ਯਾਕੂਬ ਮੇਮਨ ਵਾਂਗ ਕੇਸ ਚਲਾਇਆ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਬੰਦ 'ਚ ਸੂਬੇ ਦੀ 50 ਫ਼ੀਸਦੀ ਆਬਾਦੀ ਨੇ ਹਿੱਸਾ ਲਿਆ ਅਤੇ ਦਲਿਤਾਂ ਦੇ ਨਾਲ ਹੀ ਓਬੀਸੀ ਨੇ ਵੀ ਰੋਸ ਜ਼ਾਹਰ ਕੀਤਾ।

## ਮਾਮਲੇ ਦੀ ਸੰਸਦ 'ਚ ਗੂੰਜ

**ਨਵੀਂ ਦਿੱਲੀ :** ਮਹਾਰਾਸ਼ਟਰ 'ਚ ਜਾਤ ਆਧਾਰਿਤ ਹਿੰਸਾ ਦਾ ਮਾਮਲਾ ਅੱਜ ਸੰਸਦ 'ਚ ਵੀ ਗੂੰਜਿਆ। ਵਿਰੋਧੀ ਧਿਰਾਂ ਨੇ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖਾਮੋਸ਼ੀ ਦੀ ਨਿਖੇਧੀ ਕੀਤੀ। ਉਧਰ, ਕਾਂਗਰਸ ਵੱਲੋਂ ਲਾਏ ਗਏ ਦੋਸ਼ਾਂ ਦਾ ਆਰਐਸਐਸ ਨੇ ਖੰਡਨ ਕੀਤਾ ਹੈ। ਲੋਕ ਸਭਾ 'ਚ ਕਾਂਗਰਸ ਆਗੂ ਮਲਿਕਅਰਜੁਨ ਖੜਗੇ ਨੇ ਦੋਸ਼ ਲਾਇਆ ਕਿ ਆਰਐਸਐਸ ਅਤੇ ਕੁਝ ਕੱਟੜ ਹਿੰਦੂਤਵ ਜਥੇਬੰਦੀਆਂ ਦਾ ਹਿੰਸਾ ਪਿੱਛੇ ਹੱਥ ਹੈ। ਉਨ੍ਹਾਂ ਮੰਗ ਕੀਤੀ ਕਿ ਸੁਪਰੀਮ ਕੋਰਟ ਦੇ ਜੱਜ ਤੋਂ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ। ਭਾਜਪਾ ਮੈਂਬਰਾਂ ਵੱਲੋਂ ਜਦੋਂ ਉਨ੍ਹਾਂ ਦੇ ਬਿਆਨ ਦਾ ਵਿਰੋਧ ਕੀਤਾ ਗਿਆ ਤਾਂ ਖ਼ਫ਼ਾ ਨਜ਼ਰ ਆਏ ਖੜਗੇ ਨੇ ਕੁਝ ਕਾਗਜ਼ ਫਾੜ ਦਿੱਤੇ। ਉਨ੍ਹਾਂ ਕਿਹਾ ਕਿ ਦਲਿਤਾਂ ਦੇ ਮੁੱਦੇ 'ਤੇ 'ਮੌਨੀ ਬਾਬਾ' (ਪ੍ਰਧਾਨ ਮੰਤਰੀ) ਖਾਮੋਸ਼ ਕਿਉਂ ਹਨ? ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਤ ਕੁਮਾਰ ਨੇ ਦੋਸ਼ ਲਾਇਆ ਕਿ ਕਾਂਗਰਸ ਇਸ ਮੁੱਦੇ 'ਤੇ ਸਿਆਸਤ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਤੇ ਕਾਂਗਰਸ ਮੈਂਬਰ ਸਦਨ ਦੇ ਵਿਚਕਾਰ ਆ ਗਏ ਅਤੇ 'ਬਾਬਾਸਾਹੇਬ ਅੰਬੇਦਕਰ ਦਾ ਅਪਮਾਨ ਨਾ ਕਰੋ, ਮੁਲਕ ਨੂੰ ਵੰਡਣ ਦੀ ਕੋਸ਼ਿਸ਼ ਨਾ ਕਰੋ ਅਤੇ ਪ੍ਰਧਾਨ ਮੰਤਰੀ ਬੋਲੋ' ਜਿਹੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਧਰ, ਰਾਜ ਸਭਾ 'ਚ ਕਾਂਗਰਸ ਅਤੇ ਬਸਪਾ ਸਮੇਤ ਹੋਰ ਪਾਰਟੀਆਂ ਵੱਲੋਂ ਹਿੰਸਾ 'ਤੇ ਬਹਿਸ ਦੀ ਮੰਗ ਕਰਕੇ ਕਾਫੀ ਹੰਗਾਮਾ ਹੋਇਆ। ਬਸਪਾ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੇ ਕਿਹਾ ਕਿ ਮਹਾਰਾਸ਼ਟਰ 'ਚ ਸ਼ਾਂਤ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਦੋਸ਼ ਲਾਇਆ ਕਿ ਸੂਬਾ ਸਰਕਾਰ ਨੇ ਇਸ ਪਿੱਛੇ ਸਾਜ਼ਿਸ਼ ਘੜੀ ਹੈ। ਉਧਰ, ਕਾਂਗਰਸ ਵੱਲੋਂ ਮਹਾਰਾਸ਼ਟਰ 'ਚ ਹਿੰਸਾ ਲਈ ਆਰਐਸਐਸ ਨੂੰ ਦੋਸ਼ੀ ਠਹਿਰਾਏ ਜਾਣ 'ਤੇ ਆਰਐਸਐਸ ਦੇ ਤਰਜਮਾਨ ਮਨਮੋਹਨ ਵੈਦਿਆ ਨੇ ਕਿਹਾ ਕਿ 'ਭਾਰਤ ਤੋੜੋ ਬ੍ਰਿਗੇਡ' ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ 'ਚ ਭਾਰਤ ਦੇ ਟੋਟੇ ਕਰਨ ਦੇ ਨਾਅਰੇ ਲਾਏ ਸਨ ਅਤੇ ਹੁਣ ਉਹ ਅਜਿਹੀਆਂ ਵਾਰਦਾਤਾਂ ਨਾਲ ਮੁਲਕ ਨੂੰ ਧਰਮ ਅਤੇ ਜਾਤ ਦੇ ਆਧਾਰ 'ਤੇ ਵੰਡਣਾ ਚਾਹੁੰਦੇ ਹਨ।

## ਭੀਮਾ ਕੋਰੇਗਾਓਂ ਹਿੰਸਾ ਦੇ ਸਬੰਧ 'ਚ ਮੇਵਾਨੀ ਤੇ ਖਾਲਿਦ ਖ਼ਿਲਾਫ਼ ਕੇਸ

**ਪੁਣੇ/ਬਿਊਰੋ ਨਿਊਜ਼:** ਇਥੇ ਭੀਮਾ ਕੋਰੇਗਾਓਂ ਜੰਗ ਦੀ 200 ਵੀਂ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਦੌਰਾਨ ਕਥਿਤ ਭੜਕਾਊ ਭਾਸ਼ਣ ਦੇਣ ਦੇ ਦੋਸ਼ ਹੇਠ ਪੁਲੀਸ ਨੇ ਦਲਿਤ ਆਗੂ ਜਿਗਨੇਸ਼ ਮੇਵਾਨੀ ਅਤੇ ਜਵਾਹਰਲਾਲ ਨਹਿਰ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਹ ਸਮਾਗਮ 31 ਦਸੰਬਰ ਨੂੰ ਹੋਇਆ ਸੀ। ਦੋਵਾਂ ਆਗੂਆਂ ਖ਼ਿਲਾਫ਼ ਕਥਿਤ ਤੌਰ 'ਤੇ ਮਰਾਠਾ ਅਤੇ ਦਲਿਤ ਫਿਰਕਿਆਂ ਵਿੱਚ ਫੁੱਟ ਅਤੇ ਅਸੰਤੋਸ਼ ਫੈਲਾਉਣ ਦਾ ਦੋਸ਼ ਹੈ। ਜ਼ਿਕਰਯੋਗ ਹੈ ਕਿ ਭੀਮ ਕੋਰੇਗਾਓਂ ਜੰਗ ਦੀ 200ਵੀਂ ਵਰ੍ਹੇਗੰਢ ਮੌਕੇ ਸ਼ਨੀਵਾਰ ਵਾੜਾ ਵਿੱਚ 'ਇਲਗਾਰ ਪ੍ਰੀਸ਼ਦ' ਕਰਵਾਈ ਗਈ ਸੀ, ਜਿਸ ਵਿੱਚ ਗੁਜਰਾਤ ਤੋਂ ਨਵੇਂ ਚੁਣੇ ਵਿਧਾਇਕ ਜਿਗਨੇਸ਼ ਮੇਵਾਨੀ ਅਤੇ ਖਾਲਿਦ ਨੇ ਸ਼ਿਰਕਤ ਕੀਤੀ ਸੀ। ਇਥੋਂ ਦੇ ਵਸਨੀਕ ਅਕਸ਼ੈ ਬਿੱਕਰ ਨੇ ਪੁਲੀਸ ਨੂੰ ਸ਼ਿਕਾਇਤ ਦੇ ਕੇ ਦੋਸ਼ ਲਾਇਆ ਸੀ ਕਿ ਮੇਵਾਨੀ ਅਤੇ ਖਾਲਿਦ ਨੇ ਸਮਾਗਮ ਦੌਰਾਨ ਭੜਕਾਊ ਤਕਰੀਰ ਕੀਤੀ। ਇਸ ਕਾਰਨ ਦੋਵਾਂ ਫਿਰਕਿਆਂ ਵਿੱਚ ਫੁਟ ਅਤੇ ਅਸੰਤੋਸ਼ ਫੈਲਿਆ ਅਤੇ ਭੀਮ ਕੋਰੇਗਾਓਂ ਵਿੱਚ ਇਕ ਜਨਵਰੀ ਨੂੰ ਹਿੰਸਾ ਹੋਈ। ਬਿੱਕਰ ਨੇ ਇਹ ਸ਼ਿਕਾਇਤ ਦੱਖਣ ਜਿਮਖਾਨਾ ਪੁਲੀਸ ਨੂੰ ਦਿੱਤੀ ਜੋ ਅੱਗੇ ਵਿਸ਼ਰਾਮਬਾਗ ਥਾਣੇ ਨੂੰ ਭੇਜੀ ਗਈ ਜਿਸ ਨੇ ਦੋਵਾਂ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ। ਇਸੇ ਦੌਰਾਨ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਭੀਮ ਕੋਰੇਗਾਓਂ ਵਿੱਚ ਕੱਲ੍ਹ ਦਲਿਤ ਧੜਿਆਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ ਵਿੱਚ 30 ਪੁਲੀਸ ਵਾਲੇ ਜ਼ਖ਼ਮੀ ਹੋਏ ਹਨ। ਮਹਾਰਾਸ਼ਟਰ ਪੁਲੀਸ ਨੇ ਇਸ ਮਾਮਲੇ ਵਿੱਚ ਵੱਖ ਵੱਖ ਥਾਣਿਆਂ ਵਿੱਚ 16 ਕੇਸ ਦਰਜ ਕੀਤੇ ਹਨ ਤੇ 300 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਵਿੱਚ ਤਣਾਅ ਦੇ ਮੱਦੇਨਜ਼ਰ ਕੋਹਲਾਪੁਰ ਵਿੱਚ ਇੰਟਰਨੈਟ ਸੇਵਾ ਬੰਦ ਕਰ ਦਿੱਤੀ ਗਈ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਦੌਰਾਨ ਹੋਈ ਹਿੰਸਾ ਵਿੱਚ ਮਹਾਰਾਸ਼ਟਰ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ 200 ਬੱਸਾਂ ਨੂੰ ਨੁਕਸਾਨ ਪੁੱਜਿਆ ਹੈ।



## ਮੋਦੀ ਨੇ ਦਲਿਤਾਂ ਬਾਰੇ ਕਿਉਂ ਪਾਈਆਂ ਨੇ ਮੂੰਹ 'ਚ ਘੁਗਣੀਆਂ: ਮੇਵਾਨੀ

**ਨਵੀਂ ਦਿੱਲੀ/ਬਿਊਰੋ ਨਿਊਜ਼**, ਦਲਿਤ ਆਗੂ ਅਤੇ ਗੁਜਰਾਤ 'ਚ ਨਵੇਂ ਚੁਣੇ ਗਏ ਵਿਧਾਇਕ ਜਿਗਨੇਸ਼ ਮੇਵਾਨੀ ਨੇ ਭੜਕਾਊ ਭਾਸ਼ਣ ਦੇ ਲੱਗੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਦਲਿਤਾਂ 'ਤੇ ਹੋਏ ਹਮਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਾਮੋਸ਼ੀ ਤੋੜਨ ਲਈ ਕਿਹਾ ਹੈ। ਪੁਣੇ ਪੁਲੀਸ ਵੱਲੋਂ ਮੇਵਾਨੀ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ ਖ਼ਿਲਾਫ਼ ਭੜਕਾਊ ਭਾਸ਼ਣ ਦੇਣ ਦੇ ਮਾਮਲੇ 'ਚ ਐਫਆਈਆਰ ਦਰਜ ਕੀਤੇ ਜਾਣ ਦੇ ਇਕ ਦਿਨ ਬਾਅਦ ਮੇਵਾਨੀ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਹਾਕਮ ਪਾਰਟੀ ਅਤੇ ਸੰਘ ਪਰਿਵਾਰ ਜਾਣ-ਬੁੱਝ ਕੇ ਉਸ ਦੇ ਅਕਸ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਸ ਨੇ ਕਿਹਾ ਕਿ ਗੁਜਰਾਤ 'ਚ ਉਨ੍ਹਾਂ ਦੀਆਂ ਸੀਟਾਂ 115 ਤੋਂ ਘੱਟ ਕੇ 99 'ਤੇ ਪਹੁੰਚ ਗਈਆਂ ਹਨ ਅਤੇ ਉਹ ਨਿਰਾਸ਼ ਹਨ। ਭੀਮਾ-ਕੋਰੇਗਾਓਂ ਨਾ ਜਾਣ ਅਤੇ ਨਾ ਹੀ ਮਹਾਰਾਸ਼ਟਰ ਬੰਦ 'ਚ ਕੋਈ ਸ਼ਮੂਲੀਅਤ ਕਰਨ ਦਾ ਉਨ੍ਹਾਂ ਦਾਅਵਾ ਕੀਤਾ ਹੈ। ਉਸ ਨੇ ਕਿਹਾ, "ਮੈਂ ਚੁਣਿਆ ਹੋਇਆ ਨੁਮਾਇੰਦਾ ਅਤੇ ਵਕੀਲ ਹਾਂ। ਮੇਰਾ ਭਾਸ਼ਣ ਆਨਲਾਈਨ ਪਿਆ ਹੈ ਅਤੇ ਇਸ 'ਚ ਇਕ ਵੀ ਸ਼ਬਦ ਭੜਕਾਊ ਨਹੀਂ ਹੈ। ਜੇਕਰ ਵਿਧਾਇਕ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਤਾਂ ਆਮ ਲੋਕਾਂ ਦਾ ਤਾਂ ਰੱਬ ਹੀ ਰਾਖਾ ਹੈ।" ਮੇਵਾਨੀ ਨੇ ਕਿਹਾ ਕਿ 9 ਜਨਵਰੀ ਨੂੰ ਦਿੱਲੀ 'ਚ 'ਯੂਥ ਪ੍ਰਾਈਡ ਮਾਰਚ' ਦਾ ਐਲਾਨ ਕੀਤਾ ਹੈ ਜਿਸ 'ਚ ਸਮਾਜਿਕ ਨਿਆਂ ਦੇ ਮੁੱਦੇ ਉਠਾਏ ਜਾਣਗੇ। ਉਸ ਨੇ ਕਿਹਾ ਕਿ ਰੈਲੀ ਦੇ ਅਖ਼ੀਰ 'ਚ ਉਹ ਇਕ ਹੱਥ 'ਚ ਸੰਵਿਧਾਨ ਅਤੇ ਦੂਜੇ 'ਚ ਮਨੂਸਮ੍ਰਿਤੀ ਰੱਖ ਕੇ ਪ੍ਰਧਾਨ ਮੰਤਰੀ ਦਫ਼ਤਰ ਜਾਣਗੇ ਜਿਥੇ ਪ੍ਰਧਾਨ ਮੰਤਰੀ ਤੋਂ ਦੋਹਾਂ 'ਚੋਂ ਇਕ ਦੀ ਚੋਣ ਕਰਨ ਨੂੰ ਆਖਣਗੇ।



## ਹਿੰਦੂਤਵੀ ਅਨਸਰਾਂ ਨੇ ਭੜਕਾਈ ਸੀ 'ਭੀਮਾ-ਕੋਰੇਗਾਓਂ' 'ਚ ਹਿੰਸਾ

**ਪੁਣੇ/ਬਿਊਰੋ ਨਿਊਜ਼:** ਮਹਾਰਾਸ਼ਟਰ 'ਚ ਜਾਤ ਆਧਾਰਿਤ ਹਿੰਸਾ ਦਾ ਮੁੱਖ ਕੇਂਦਰ ਰਹੇ ਭੀਮਾ-ਕੋਰੇਗਾਓਂ ਪਿੰਡ ਦੇ ਵਸਨੀਕਾਂ ਨੇ ਦੋਸ਼ ਲਾਇਆ ਹੈ ਕਿ ਬਾਹਰੀ ਹਿੰਦੂਤਵੀ ਤਾਕਤਾਂ ਨੇ ਹਿੰਸਾ ਭੜਕਾਈ। ਉਨ੍ਹਾਂ ਦਾਅਵਾ ਕੀਤਾ ਕਿ ਵਿਸ਼ਾਲ ਸਮਾਗਮ ਦੌਰਾਨ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਾ ਹੋਣ ਕਰਕੇ ਵੀ ਗੜਬੜ ਫੈਲੀ। ਭੀਮਾ-ਕੋਰੇਗਾਓਂ ਪਿੰਡ ਦੀ ਸਰਪੰਚ ਸੁਨੀਤਾ ਕਾਂਬਲੇ ਨੇ ਕਿਹਾ ਕਿ ਕੁਝ ਬਾਹਰੀ ਅਨਸਰਾਂ ਨੇ ਪਿੰਡ 'ਚ ਅਸ਼ਾਂਤੀ ਫੈਲਾਈ। ਉਨ੍ਹਾਂ ਕਿਹਾ ਕਿ ਹਿੰਸਾ ਦੌਰਾਨ ਜਿਨ੍ਹਾਂ ਲੋਕਾਂ ਦੀ ਜਾਇਦਾਦ ਅਤੇ ਵਾਹਨ ਨੁਕਸਾਨੇ ਗਏ ਹਨ, ਉਸ ਦਾ ਮੁਆਵਜ਼ਾ ਸਰਕਾਰ ਅਦਾ ਕਰੇ। ਉਨ੍ਹਾਂ ਮੰਗ ਕੀਤੀ ਕਿ ਝੜਪਾਂ ਦੌਰਾਨ ਮਾਰੇ ਗਏ ਰਾਹੁਲ ਫਟਾਂਗਲੇ ਦੇ ਨਜ਼ਦੀਕੀਆਂ ਨੂੰ ਇਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਕ ਹੋਰ ਪਿੰਡ ਵਾਸੀ ਵਰੁਸ਼ਲੀ ਗਾਵਾਨੇ ਦਾਅਵਾ ਕੀਤਾ ਕਿ ਭੀੜ ਨੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਹਮਲੇ ਕੀਤੇ। ਉਸ ਨੇ ਦੋਸ਼ ਲਾਇਆ ਕਿ ਕੁਝ ਬਾਹਰੀ ਅਨਸਰਾਂ ਨੇ ਨੇਤਰਹੀਣ ਲੜਕੀ ਨਾਲ ਵੀ ਕੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ ਕਿ ਪਿਛਲੇ ਤਿੰਨ ਦਿਨਾਂ ਤੋਂ ਪਿੰਡ ਵਾਸੀਆਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਪਿੰਡ 'ਚ ਪਾਣੀ ਅਤੇ ਬਿਜਲੀ ਤਕ ਨਹੀਂ ਹੈ ਪਰ ਬਦਕਿਸਮਤੀ ਨਾਲ ਸਰਕਾਰ ਨੇ ਹਾਲਾਤ 'ਤੇ ਕੋਈ ਗੌਰ ਨਹੀਂ ਕੀਤਾ ਹੈ।' ਉਧਰ ਪਿੰਡ ਵਾਸੀ ਗੋਵਿੰਦ ਗਾਇਕਵਾੜ ਦੀ 'ਸਮਾਧੀ' ਭੀਮਾ-ਕੋਰਗਾਓਂ ਨੇੜੇ ਵਧੂ ਬਡਰੁਕ 'ਚ ਬਣਾਉਣ ਲਈ ਬਜ਼ਿੱਦ ਹਨ ਜਿਸ ਨੂੰ ਭੀੜ ਨੇ ਤੋੜ ਦਿੱਤਾ ਸੀ।



## ਸੁਪਰੀਮ ਕੋਰਟ ਨੇ ਕੌਮੀ ਤਰਾਨੇ ਬਾਰੇ ਅਪਣਾ ਪਹਿਲਾ ਫ਼ੈਸਲਾ ਬਦਲਿਆ : ਸਿਨਮਾ ਘਰਾਂ 'ਚ ਹੁਣ ਲਾਜ਼ਮੀ ਨਹੀਂ ਹੋਵੇਗਾ ਜਨ, ਗਨ, ਮਨ ਵਜਾਉਣਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਆਪਣੇ ਪਹਿਲੇ ਹੁਕਮਾਂ ਨੂੰ ਉਲਟਾਉਂਦਿਆਂ ਸਿਨੇਮਾਘਰਾਂ ਵਿੱਚ ਫਿਲਮ ਚਲਾਉਣ ਤੋਂ ਪਹਿਲਾਂ ਕੌਮੀ ਤਰਾਨਾ ਵਜਾਉਣ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਇਹ ਲਾਜ਼ਮੀ ਨਹੀਂ ਹੈ। ਉੱਚ ਅਦਾਲਤ ਨੇ 30 ਨਵੰਬਰ 2016 ਦੇ ਆਪਣੇ ਪਹਿਲੇ ਫੈਸਲੇ ਵਿੱਚ ਸਿਨਮਾਘਰਾਂ ਵਿੱਚ ਫਿਲਮ ਦਿਖਾਉਣ ਤੋਂ ਪਹਿਲਾਂ ਕੌਮੀ ਤਰਾਨਾ ਵਜਾਉਣ ਨੂੰ ਲਾਜ਼ਮੀ ਕਰਾਰ ਦਿੱਤਾ ਸੀ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕੇਂਦਰ ਵੱਲੋਂ ਬਣਾਈ ਗਈ 12 ਮੈਂਬਰੀ ਅੰਤਰ ਮੰਤਰਾਲਾ ਕਮੇਟੀ ਇਸ ਮਾਮਲੇ 'ਤੇ ਅੰਤਿਮ ਫੈਸਲਾ ਲਏਗੀ। ਕੇਂਦਰ ਦਾ ਫੈਸਲਾ ਉੱਚ ਅਦਾਲਤ ਵੱਲੋਂ ਬੀਤੇ ਵਰ੍ਹੇ ਇਹ ਕਹਿਣ ਕਿ ਦੇਸ਼ਭਗਤੀ ਲੋਕਾਂ 'ਤੇ ਥੋਪੀ ਨਹੀਂ ਜਾ ਸਕਦੀ ਅਤੇ ਇਹ ਨਹੀਂ ਸਮਝਿਆ ਜਾ ਸਕਦਾ ਕਿ ਜੇ ਕੋਈ ਵਿਅਕਤੀ ਕੌਮੀ ਤਰਾਨੇ ਦੌਰਾਨ ਖੜ੍ਹਾ ਨਹੀਂ ਹੁੰਦਾ ਤਾਂ ਉਹ ਘੱਟ ਦੇਸ਼ਭਗਤ ਹੈ ਦੇ ਬਾਅਦ ਆਇਆ ਹੈ। ਅਦਾਲਤ ਨੇ ਕਿਹਾ ਸੀ ਕਿ ਸਮਾਜ ਨੂੰ ਦੇਸ਼ਭਗਤੀ ਬਾਰੇ ਦੱਸਣ ਦੀ ਲੋੜ ਨਹੀਂ ਹੈ। ਇਸ ਤੋਂ ਬਾਅਦ ਸਰਕਾਰ ਲੋਕਾਂ ਨੂੰ ਸਿਨਮਾਘਰਾਂ ਵਿੱਚ ਟੀ-ਸ਼ਰਟ ਅਤੇ ਹੋਰ ਕੱਪੜੇ ਪਾਉਣ ਲਈ ਵਰਜੇਗੀ ਕਿਉਂਕਿ ਇਸ ਨਾਲ ਕੌਮੀ ਤਰਾਨੇ ਦੀ ਬੇਅਦਬੀ ਹੁੰਦੀ ਹੈ। ਬੈਂਚ ਵਿੱਚ ਮੌਜੂਦ ਜਸਟਿਸ ਏ ਐਮ ਖਾਨਵਿਲਕਰ ਅਤੇ ਡੀ ਵਾਈ ਚੰਦਰਚੂੜ ਨੇ ਇਹ ਕਹਿੰਦਿਆਂ ਪਟੀਸ਼ਨਰ ਨੂੰ ਪੈਨਲ ਅੱਗੇ ਆਪਣਾ ਪੱਖ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਕਿ ਕਮੇਟੀ ਕੌਮੀ ਤਰਾਨਾ ਵਜਾਉਣ ਸਬੰਧੀ ਸਾਰੇ ਪਹਿਲੂਆਂ 'ਤੇ ਗੌਰ ਕਰੇਗੀ ਅਤੇ ਪੈਨਲ ਅੱਗੇ ਆਪਣਾ ਪੱਖ ਰੱਖੇਗੀ। ਬੈਂਚ ਨੇ ਪਟੀਸ਼ਨ ਖਾਰਜ ਕਰਨ ਤੋਂ ਪਹਿਲਾਂ ਸਪਸ਼ਟ ਕੀਤਾ ਕਿ ਇਸ ਤੋਂ ਪਹਿਲਾਂ ਅਪਾਹਜ ਲੋਕਾਂ ਨੂੰ ਸਿਨੇਮਾ ਘਰਾਂ ਵਿੱਚ ਕੌਮੀ ਤਰਾਨਾ ਵਜਾਉਣ ਸਮੇਂ ਖੜੇ ਹੋਣ ਤੋਂ ਦਿੱਤੀ ਗਈ ਛੋਟ ਕਮੇਟੀ ਵੱਲੋਂ ਇਸ 'ਤੇ ਫੈਸਲਾ ਲਏ ਜਾਣ ਤਕ ਜਾਰੀ ਰਹੇਗੀ। ਉੱਚ ਅਦਾਲਤ ਨੇ ਸਰਕਾਰ ਦੇ ਉਸ ਹਲਫਨਾਮੇ ਨੂੰ ਵੀ ਮਨਜ਼ੂਰ ਕਰ ਲਿਆ ਜਿਸ ਵਿੱਚ ਉਸ ਨੇ ਕਿਹਾ ਸੀ ਕਿ 1971 ਦੇ ਕੌਮੀ ਸਨਮਾਨ ਨੂੰ ਸੱਟ ਮਾਰਨ ਤੋਂ ਰੋਕਦੇ ਐਕਟ ਵਿੱਚ ਬਦਲਾਓ ਬਾਰੇ ਸੁਝਾਅ ਦੇਣ ਲਈ 12 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਬੈਂਚ ਨੂੰ ਦੱਸਿਆ ਕਿ ਕਮੇਟੀ ਆਪਣੀ ਰਿਪੋਰਟ ਛੇ ਮਹੀਨਿਆਂ ਵਿੱਚ ਦੇਵੇਗੀ। ਇਸੇ ਦੌਰਾਨ ਆਲ ਇੰਡੀਆ ਮਜਲਿਸੇ ਇਤਿਹਾਦ ਉਲ ਮੁਸਲਮੀਨ ਦੇ ਪ੍ਰਧਾਨ ਅਸਦੁਦੀਨ ਓਵਾਇਸੀ ਨੇ ਸਿਨਮਾ ਘਰਾਂ ਵਿੱਚ ਕੌਮੀ ਤਰਾਨਾ ਵਜਾਏ ਜਾਣ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਓਵਾਇਸੀ ਨੇ ਕਿਹਾ ਕਿ ਇਹ ਚੰਗਾ ਫੈਸਲਾ ਹੈ ਅਤੇ ਉਹ ਇਸ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਾਹਤ ਮਿਲੀ ਹੈ ਤੇ ਭਾਜਪਾ ਨੂੰ ਝਟਕਾ ਲੱਗਾ ਹੈ। ਭਾਜਪਾ 'ਤੇ ਹਰ ਮੁੱਦੇ ਨੂੰ ਰਾਸ਼ਟਰੀਅਤਾ ਨਾਲ ਜੋੜਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਉੱਚ ਅਦਾਲਤ ਨੇ ਉਸ 'ਤੇ ਰੋਕ ਲਾ ਦਿੱਤੀ ਹੈ। ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਅੱਜ ਕਿਹਾ ਕਿ ਕੌਮੀ ਤਰਾਨੇ ਨੂੰ ਲੈ ਕੇ ਜਾਰੀ ਵਚਨਬੱਧਤਾਵਾਂ ਨੂੰ ਸਰਕਾਰ ਨੇ ਪੂਰਾ ਕਰ ਦਿੱਤਾ ਹੈ। ਸਰਕਾਰ ਨੇ ਵਿਸ਼ੇਸ਼ ਲੋੜਾਂ ਵਾਲੇ ਅਤੇ ਬਜ਼ੁਰਗਾਂ ਨੂੰ ਕੌਮੀ ਤਰਾਨੇ ਨੂੰ ਲੈ ਕੇ ਦਰਪੇਸ਼ ਸਮੱਸਿਆਵਾਂ ਹੱਲ ਕਰ ਦਿੱਤੀਆਂ ਹਨ। ਪ੍ਰਸਾਦ ਨੇ ਰਿਪੋਰਟਾਂ ਨੂੰ ਦੱਸਿਆ ਕਿ ਸਰਕਾਰੀ ਕਮੇਟੀ ਇਸ ਮਾਮਲੇ ਦਾ ਵਿਸਥਾਰ ਨਾਲ ਅਧਿਐਨ ਕਰੇਗੀ ਅਤੇ ਸੁਪਰੀਮ ਕੋਰਟ ਨੂੰ ਆਪਣੀ ਸਿਫਾਰਸ਼ ਦੇਵੇਗੀ।

# Sir Speedy Tustin

Printers to the Community

**Outdoor 3'x11' Promo Flag**

**Only $29/-**

Pole & Spike $55/-

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

**11" Printed Balloons**

Printed with your logo and info. One color, one location. Min. qty 1000

**19¢ each**

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

1 color in 1 position. Min Qty. 100

**Your Printed Caps**

**Only $4.99**

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਕੋਰੇਗਾਓਂ 'ਚ ਮਰਾਠਿਆਂ ਨੂੰ ਦਲਿਤ ਰੈਜਮੈਂਟ ਨੇ ਕਿਵੇਂ ਹਰਾਇਆ

## ਸ਼ੂਦਰਾਂ ਨਾਲ ਉੱਚ ਜਾਤੀ ਮਰਹੱਠਿਆਂ ਦਾ ਗੁਲਾਮਾਂ ਵਰਗਾ ਵਿਹਾਰ ਅੰਗਰੇਜ਼ਾਂ ਦੀ ਜਿੱਤ ਦਾ ਕਾਰਨ ਬਣਿਆ

## 1 ਜਨਵਰੀ 1818 ਨੂੰ ਕੋਰੇਗਾਓਂ ਦੀ ਜੰਗ ਵਿਚ 450 ਮਹਾਰ ਸ਼ੂਦਰ ਫ਼ੌਜੀਆਂ ਨੇ ਪੇਸ਼ਵਾ ਬਾਜ਼ੀਰਾਓ ਦੇ 28 ਹਜ਼ਾਰ ਫ਼ੌਜੀਆਂ ਦੇ ਛੱਕੇ ਛੁਡਾਏ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਇਲ. 98157 00916)

ਪਿਛਲੇ ਦਿਨ ਤੋਂ ਮੁੰਬਈ ਵਿਚ ਦਲਿਤਾਂ ਅਤੇ ਸਰਕਾਰੀ ਸਹਿ ਪ੍ਰਾਪਤ ਭਗਵੇਂਵਾਦੀਆਂ ਦਰਮਿਆਨ ਟਕਰਾਓ ਜਾਰੀ ਹੈ। ਇਸ ਟਕਰਾਓ ਕਾਰਨ ਆਰ ਐਸ ਐਸ, ਸ਼ਿਵ ਸੈਨਾ ਤੇ ਮਹਾਰਾਸ਼ਟਰ ਸਰਕਾਰ ਉੱਪਰ ਦੋਸ਼ ਲੱਗੇ ਹਨ। ਹਰੇਕ ਸਾਲ 1 ਜਨਵਰੀ ਨੂੰ ਪੂਰਾ ਵਿਸ਼ਵ ਨਵੇਂ ਸਾਲ ਦੀ ਆਮਦ 'ਤੇ ਖ਼ੁਸ਼ੀਆਂ ਮਨਾਉਂਦਾ ਹੈ। ਹਾਲਾਂ ਕਿ ਇਸ ਦਿਨ ਇੱਕ ਹੋਰ ਖ਼ਾਸ ਘਟਨਾ ਵਾਪਰੀ ਸੀ, ਜਿਸ ਨਾਲ ਬਹੁਜਨ ਸਮਾਜ ਦੀ ਬਹਾਦਰੀ ਅਤੇ ਅਣਖ ਦਾ ਪਤਾ ਲੱਗਦਾ ਹੈ। ਇਹ ਦਿਨ ਕੋਰੇਗਾਓਂ ਦੇ ਸੰਘਰਸ਼ ਦੀ ਜਿੱਤ ਦਾ ਦਿਨ ਵੀ ਹੈ, ਜਿਸ ਵਿਚ ਮੂਲ ਨਿਵਾਸੀਆਂ ਨੇ ਉੱਚ ਜਾਤੀ ਪੇਸ਼ਵਾਵਾਂ ਨੂੰ ਹਰਾ ਦਿੱਤਾ ਸੀ। ਭਾਰਤ ਵਿਚ ਅੰਗਰੇਜ਼ ਰਾਜ ਦੀ ਸਥਾਪਨਾ ਦੇ ਵਿਸ਼ੇ ਵਿਚ ਆਮ ਲੋਕ ਇਹ ਮੰਨਦੇ ਹਨ ਕਿ ਅੰਗਰੇਜ਼ਾਂ ਕੋਲ ਆਧੁਨਿਕ ਹਥਿਆਰ ਤੇ ਫ਼ੌਜ ਸੀ, ਇਸ ਲਈ ਉਨ੍ਹਾਂ ਨੇ ਅਸਾਨੀ ਨਾਲ ਭਾਰਤ 'ਤੇ ਕਬਜ਼ਾ ਕਰ ਲਿਆ, ਪਰ ਸੱਚਾਈ ਇਹ ਹੈ ਕਿ ਅੰਗਰੇਜ਼ਾਂ ਨੇ ਭਾਰਤ ਦੇ ਰਾਜਿਆਂ-ਮਹਾਰਾਜਿਆਂ ਨੂੰ ਅੰਗਰੇਜ਼ੀ ਫ਼ੌਜ ਨਾਲ ਨਹੀਂ, ਸਗੋਂ ਭਾਰਤੀ ਫ਼ੌਜੀਆਂ ਦੀ ਮਦਦ ਨਾਲ ਹਰਾਇਆ ਸੀ। ਅੰਗਰੇਜ਼ਾਂ ਦੀ ਫ਼ੌਜ ਵਿੱਚ ਵੱਡੀ ਗਿਣਤੀ ਵਿਚ ਭਰਤੀ ਹੋਣ ਵਾਲੇ ਇਹ ਫ਼ੌਜੀ ਕੋਈ ਹੋਰ ਨਹੀਂ, ਸਗੋਂ ਭਾਰਤ ਦੇ 'ਸ਼ੂਦਰ' ਅਖਵਾਉਣ ਵਾਲੇ ਲੋਕ ਸਨ, ਜੋ ਉੱਚ ਜਾਤਾਂ ਵਲੋਂ ਗੁਲਾਮ ਬਣਾਏ ਗਏ ਸਨ ਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਮਾੜਾ ਸਲੂਕ ਕੀਤਾ ਜਾਂਦਾ ਸੀ। ਇਤਿਹਾਸਕਾਰਾਂ ਨੇ ਕਈ ਥਾਵਾਂ 'ਤੇ ਵੇਰਵੇ ਦਿੱਤੇ ਹਨ ਕਿ ਨਗਰ ਵਿਚ ਪ੍ਰਵੇਸ਼ ਕਰਦੇ ਸਮੇਂ ਦਲਿਤਾਂ ਨੂੰ ਆਪਣੇ ਲੱਕ ਵਿਚ ਇੱਕ ਝਾੜੂ ਬੰਨ੍ਹ ਕੇ ਚੱਲਣਾ ਹੁੰਦਾ ਸੀ ਤਾਂ ਕਿ ਉਨ੍ਹਾਂ ਦੇ ਪ੍ਰਦੂਸ਼ਿਤ ਤੇ ਅਪਵਿੱਤਰ' ਪੈਰਾਂ ਦੇ ਨਿਸ਼ਾਨ ਉਨ੍ਹਾਂ ਦੇ ਪਿੱਛੇ ਚੱਲਣ ਵਾਲੇ ਝਾੜੂ ਨਾਲ ਮਿਟਦੇ ਚਲੇ ਜਾਣ। ਉਨ੍ਹਾਂ ਨੂੰ ਆਪਣੇ ਗਲੇ ਵਿਚ ਇੱਕ ਭਾਂਡਾ ਵੀ ਲਟਕਾਉਣਾ ਹੁੰਦਾ ਸੀ, ਤਾਂ ਕਿ ਉਹ ਉਸ ਵਿਚ ਥੁੱਕ ਸਕਣ ਤੇ ਉਨ੍ਹਾਂ ਦੇ ਥੁੱਕ ਤੋਂ ਕੋਈ ਉੱਚ ਜਾਤੀ ਵਾਲਾ 'ਅਪਵਿੱਤਰ' ਨਾ ਹੋ ਜਾਵੇ। ਉਹ ਉੱਚ ਜਾਤੀਆਂ ਦੇ ਖੂਹਾਂ ਜਾਂ ਤਲਾਬ ਤੋਂ ਪਾਣੀ ਕੱਢਣ ਬਾਰੇ ਸੋਚ ਵੀ ਨਹੀਂ ਸਕਦੇ ਸਨ। ਮਹਾਰਾਸ਼ਟਰ ਵਿਚ ਹਾਲੇ ਵੀ ਕਈ ਕਬੀਲਿਆਂ ਨਾਲ ਅਜਿਹਾ ਵਿਹਾਰ ਜਾਰੀ ਹੈ। ਹਾਲਾਂਕਿ ਭਾਰਤ ਅਜ਼ਾਦ ਹੋ ਗਿਆ ਹੈ। ਉਸ ਸਮੇਂ ਦੌਰਾਨ ਅਛੂਤ ਕਹੇ ਜਾਂਦੇ ਲੋਕ ਬਿਹਤਰ ਜੀਵਨ ਅਤੇ ਇੱਜ਼ਤ ਲਈ ਅੰਗਰੇਜ਼ੀ ਫ਼ੌਜ ਵਿਚ ਸ਼ਾਮਲ ਹੋ ਗਏ। ਇਸ ਦੇ ਨਤੀਜੇ ਵਜੋਂ ਜਿਹੜਾ ਸੰਘਰਸ਼ ਹੋਇਆ, ਉਹ ਭਾਰਤ ਦੇ ਇਤਿਹਾਸ ਵਿਚ ਦਰਜ ਹੈ।

**ਕੀ ਹੈ ਕੋਰੇਗਾਓਂ ਦੀ ਜੰਗ**

1 ਜਨਵਰੀ 1818 ਨੂੰ ਕੋਰੇਗਾਓਂ ਦੀ ਜੰਗ ਵਿਚ ਮਹਾਰ ਫ਼ੌਜੀਆਂ ਨੇ ਬ੍ਰਾਹਮਣਵਾਦੀ ਪੇਸ਼ਵਾਵਾਂ ਦੇ ਛੱਕੇ ਛੁਡਾ ਦਿੱਤੇ ਸਨ। ਇਸ ਇਤਿਹਾਸਕ ਦਿਨ ਨੂੰ ਯਾਦ ਕਰਦੇ ਹੋਏ ਬਾਬਾ ਸਾਹਿਬ ਅੰਬੇਡਕਰ ਹਰ ਸਾਲ 1 ਜਨਵਰੀ ਨੂੰ ਕੋਰੇਗਾਓਂ ਜਾ ਕੇ ਉਨ੍ਹਾਂ ਵੀਰ ਦਲਿਤਾਂ ਨੂੰ ਸਲਾਮ ਕਰਿਆ ਕਰਦੇ ਸਨ। ਡਾ. ਅੰਬੇਡਕਰ ਰਾਈਟਿੰਗਸ ਐਂਡ ਸਪੀਚੇਸ (ਅੰਗਰੇਜ਼ੀ) ਦੇ ਖੰਡ 12 ਵਿਚ 'ਦਿ ਅਨਟੱਚਏਬਲਸ ਐਂਡ ਪੈਕਸ ਬ੍ਰਿਟੇਨਿਕਾ' ਵਿਚ ਇਸ ਤੱਥ ਦਾ ਵਰਨਣ ਕੀਤਾ ਹੈ। ਬ੍ਰਿਟਿਸ਼ਾਂ ਦੀ ਭਾਰਤ ਦੀ ਜਿੱਤ ਵਿਚ ਸਾਲ 1757 ਅਤੇ 1818 ਦਾ ਬੜਾ ਮਹੱਤਵ ਹੈ। 1757 ਵਿਚ ਈਸਟ ਇੰਡੀਆ ਕੰਪਨੀ ਤੇ ਬੰਗਾਲ ਦੇ ਨਵਾਬ ਸਿਰਾਜ-ਉਦ-ਦੌਲਾ ਵਿਚਾਲੇ ਜੰਗ ਹੋਈ, ਇਸ ਨੂੰ ਪਲਾਸੀ ਦੀ ਲੜਾਈ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਪਹਿਲੀ ਜੰਗ ਸੀ, ਜਿਸ ਨਾਲ ਅੰਗਰੇਜ਼ਾਂ ਨੇ ਭਾਰਤ ਦੀ ਜਗ੍ਹਾ 'ਤੇ ਆਪਣਾ ਅਧਿਕਾਰ ਪ੍ਰਾਪਤ ਕੀਤਾ ਸੀ। ਅੰਗਰੇਜ਼ਾਂ ਨੇ ਭਾਰਤ ਦੇ ਹੋਰ ਸਥਾਨਾਂ 'ਤੇ ਜਿੱਤ ਪ੍ਰਾਪਤ ਕਰਨ ਲਈ ਆਖਰੀ ਜੰਗ 1818 ਵਿਚ ਕੀਤੀ। ਇਹ ਕੋਰੇਗਾਓਂ ਦੀ ਲੜਾਈ ਸੀ, ਜਿਸ ਦੇ ਰਾਹੀਂ ਅੰਗਰੇਜ਼ਾਂ ਨੇ ਮਰਾਠਾ ਸਾਮਰਾਜ ਨੂੰ ਢਹਿ-ਢੇਰੀ ਕਰਕੇ ਭਾਰਤ ਵਿਚ ਬ੍ਰਿਟਿਸ਼ ਰਾਜ ਸਥਾਪਿਤ ਕੀਤਾ। ਇਨ੍ਹਾਂ ਦੋਵਾਂ ਹੀ ਜੰਗਾਂ ਵਿਚ ਅੰਗਰੇਜ਼ਾਂ ਦੀ ਜਿੱਤ ਸਿਰਫ਼ 'ਸ਼ੂਦਰਾਂ' ਦੇ ਕਾਰਨ ਹੋਈ। ਪਲਾਸੀ ਦੀ ਲੜਾਈ ਵਿਚ ਅੰਗਰੇਜ਼ੀ ਫ਼ੌਜ ਵਿਚ ਰਾਬਰਟ ਕਲਾਈਵ ਦੀ ਅਗਵਾਈ ਵਿਚ ਲੜੇ ਲੋਕ ਦੁਸਾਧ (ਪਾਸਵਾਨ) ਸਨ ਤੇ ਕੋਰੇਗਾਓਂ ਦੀ ਜੰਗ ਵਿਚ ਸ਼ਾਮਲ ਲੋਕ ਮਹਾਰ ਸਨ। ਇਸ ਤਰ੍ਹਾਂ ਬ੍ਰਿਟਿਸ਼ਾਂ ਦੀ ਪਹਿਲੀ ਅਤੇ ਆਖਰੀ ਜੰਗ ਵਿਚ ਅੰਗਰੇਜ਼ਾਂ ਨੂੰ ਜਿੱਤ ਦਿਵਾਉਣ ਵਾਲੇ ਲੋਕ ਮੂਲ ਨਿਵਾਸੀ ਹੀ ਸਨ। ਏਨਾ ਹੀ ਨਹੀਂ, ਵਿਦਰੋਹ ਦੇ ਸਮੇਂ ਅੰਗਰੇਜ਼ਾਂ ਦਾ ਸਾਥ ਦੇਣ ਵਾਲੀ ਰੈਜੀਮੈਂਟ ਬਾਂਬੇ ਰੈਜੀਮੈਂਟ, ਮਦਰਾਸ ਰੈਜੀਮੈਂਟ ਅਤੇ ਮਦਰਾਸ ਰੈਜੀਮੈਂਟ ਸੀ, ਜਿਸ ਵਿਚ ਲੱਗਭਗ ਮਹਾਂਰਾਸ਼ਟਰ ਦੇ ਦਲਿਤ ਅਤੇ ਦੱਖਣ ਦੇ ਪਰੈਰੀਆ ਸਨ।


Dr.Ambedkar with Mahar Regiment on his birthday - 1950

ਕੋਰੇਗਾਓਂ ਭੀਮਾ ਦਰਿਆ ਦੇ ਕੰਢੇ 'ਤੇ ਮਹਾਰਾਸ਼ਟਰ ਦੇ ਪੁਣੇ ਨੇੜੇ ਸਥਿਤ ਹੈ। 1 ਜਨਵਰੀ 1818 ਨੂੰ ਠੰਡੇ ਮੌਸਮ ਦੌਰਾਨ ਇਕ ਪਾਸੇ 28 ਹਜ਼ਾਰ ਫ਼ੌਜੀ, ਜਿਨ੍ਹਾਂ ਵਿਚ 20000 ਘੋੜਸਵਾਰ ਅਤੇ 8000 ਪੈਦਲ ਫ਼ੌਜੀ ਸਨ, ਜਿਨ੍ਹਾਂ ਦੀ ਅਗਵਾਈ 'ਪੇਸ਼ਵਾ ਬਾਜੀਰਾਵ-2 ਕਰ ਰਹੇ ਸਨ, ਅਤੇ ਦੂਜੇ ਪਾਸੇ 'ਬੰਬੇ ਨੇਟਿਵ ਲਾਈਟ ਇਨਫੈਂਟਰੀ' ਦੇ 500 'ਦਲਿਤ' ਫ਼ੌਜੀ, ਜਿਸ ਵਿਚ ਸਿਰਫ਼ 250 ਘੋੜਸਵਾਰ ਫ਼ੌਜੀ ਹੀ ਸਨ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਸਿਰਫ਼ 500 ਦਲਿਤ ਫ਼ੌਜੀਆਂ ਨੇ ਕਿਸ ਜਜ਼ਬੇ ਨਾਲ ਜੰਗ ਲੜੀ ਹੋਵੇਗੀ ਕਿ ਉਨ੍ਹਾਂ ਨੇ 28 ਹਜ਼ਾਰ ਪੇਸ਼ਵਾਵਾਂ ਦੇ ਛੱਕੇ ਛੁਡਾ ਦਿੱਤੇ। ਇਸ ਘਮਾਸਾਨ ਜੰਗ ਵਿੱਚ ਪੇਸ਼ਵਾ ਦੀ ਸ਼ਰਮਨਾਕ ਹਾਰ ਹੋਈ। 500 ਲੜਾਕਿਆਂ ਦੀ ਛੋਟੀ ਜਿਹੀ ਫ਼ੌਜ ਨੇ ਹਜ਼ਾਰਾਂ ਪੇਸ਼ਵਾ ਫ਼ੌਜੀਆਂ ਦੇ ਨਾਲ 12 ਘੰਟੇ ਤੱਕ ਬਹਾਦਰੀ ਨਾਲ ਲੜਾਈ ਲੜੀ। ਭੇਦਭਾਵ ਤੋਂ ਪੀੜਤ ਅਛੂਤਾਂ ਦੀ ਇਸ ਜੰਗ ਦੇ ਪ੍ਰਤੀ ਦ੍ਰਿੜ੍ਹਤਾ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਦਲਿਤ ਰੈਜੀਮੈਂਟ ਦੇ ਜ਼ਿਆਦਾਤਰ ਸਿਪਾਹੀ ਬਿਨਾਂ ਪੇਟ ਭਰ ਖਾਣਾ ਤੇ ਪਾਣੀ ਤੋਂ ਲੜਾਈ ਦੀ ਪਹਿਲੀ ਰਾਤ 43 ਕਿਲੋਮੀਟਰ ਪੈਦਲ ਚੱਲ ਕੇ ਜੰਗ ਵਾਲੀ ਥਾਂ 'ਤੇ ਪੁੱਜੇ। ਇਹ ਬਹਾਦਰੀ ਦੀ ਇਤਿਹਾਸਕ ਮਿਸਾਲ ਹੈ।

**ਕੀ ਕਹਿੰਦੇ ਨੇ ਅੰਗਰੇਜ਼ ਇਤਿਹਾਸਕਾਰ**

ਜੇਮਸ ਗਰਾਂਟ ਡਫ ਨੇ ਆਪਣੀ ਪੁਸਤਕ 'ਦਿ ਹਿਸਟਰੀ ਆਫ ਦਿ ਮਰਾਠਾਜ਼' ਵਿਚ ਇਸ ਲੜਾਈ ਦਾ ਜ਼ਿਕਰ ਕੀਤਾ ਹੈ। ਇਸ ਵਿਚ ਲਿਖਿਆ ਹੈ ਕਿ ਰਾਤ ਭਰ ਚੱਲਣ ਤੋਂ ਬਾਅਦ ਨਵੇਂ ਸਾਲ ਦੀ ਸਵੇਰੇ 10 ਵਜੇ ਭੀਮਾ ਦਰਿਆ ਦੇ ਕੰਢੇ ਪੁੱਜੇ ਜਿੱਥੇ ਉਨ੍ਹਾਂ ਨੇ ਤਕਰੀਬਨ 25 ਹਜ਼ਾਰ ਮਰਾਠਿਆਂ ਨੂੰ ਰੋਕ ਕੇ ਰੱਖਿਆ। ਉਹ ਦਰਿਆ ਵੱਲ ਮਾਰਚ ਕਰਦੇ ਰਹੇ ਤੇ ਪੇਸ਼ਵਾ ਦੇ ਫ਼ੌਜੀਆਂ ਨੂੰ ਲੱਗਿਆ ਕਿ ਉਹ ਪਾਰ ਕਰਨਾ ਚਾਹੁੰਦੇ ਹਨ, ਪਰ ਜਿਵੇਂ ਹੀ ਉਨ੍ਹਾਂ ਨੇ ਪਿੰਡ ਦੇ ਆਲੇ-ਦੁਆਲੇ ਦੇ ਹਿੱਸੇ 'ਤੇ ਕਬਜ਼ਾ ਕੀਤਾ, ਤਾਂ ਉਸ ਨੂੰ ਪੋਸਟ ਵਿਚ ਤਬਦੀਲ ਕਰ ਦਿੱਤਾ।

ਹੈਨਰੀ ਟੀ ਪ੍ਰਿੰਸੇਪ ਦੀ ਕਿਤਾਬ ਹਿਸਟਰੀ ਆਫ ਦਿ ਪਾਲੀਟੀਕਲ ਐਂਡ ਮਿਲਟਰੀ ਟਰਾਂਜੈਕਸ਼ਨਸ ਇਨ ਇੰਡੀਆ ਵਿਚ ਇਸ ਲੜਾਈ ਵਿਚ ਮਹਾਰ ਦਲਿਤਾਂ ਨਾਲ ਸਜੀ ਅੰਗਰੇਜ਼ ਫ਼ੌਜ ਦੀ ਟੁਕੜੀ ਦੇ ਹੌਸਲੇ ਦਾ ਜ਼ਿਕਰ ਮਿਲਦਾ ਹੈ। ਇਸ ਕਿਤਾਬ ਵਿਚ ਲਿਖਿਆ ਹੈ ਕਿ ਕਪਤਾਨ ਸਟਾਂਟਨ ਦੀ ਅਗਵਾਈ ਵਿਚ ਜਦੋਂ ਇਹ ਟੁਕੜੀ ਪੁਣੇ ਜਾ ਰਹੀ ਸੀ, ਤਾਂ ਉਸ 'ਤੇ ਹਮਲਾ ਹੋਣ ਦਾ ਸ਼ੱਕ ਸੀ। ਖੁੱਲ੍ਹੀ ਥਾਂ 'ਤੇ ਫਸਣ ਦੇ ਡਰ ਤੋਂ ਬਚਣ ਲਈ ਇਸ ਟੁਕੜੀ ਨੇ ਕੋਰੇਗਾਓਂ ਵਿਚ ਪਹੁੰਚ ਕੇ ਉਸ ਨੂੰ ਆਪਣਾ ਕਿਲ੍ਹਾ ਬਣਾਉਣ ਦਾ ਫ਼ੈਸਲਾ ਕੀਤਾ। ਜੇਕਰ ਇਹ ਟੁਕੜੀ ਖੁੱਲ੍ਹੇ ਵਿਚ ਫਸ ਜਾਂਦੀ, ਤਾਂ ਮਰਾਠਿਆਂ ਦੇ ਕਾਬੂ ਆ ਸਕਦੀ ਸੀ।

ਵੱਖ-ਵੱਖ ਇਤਿਹਾਸਕਾਰਾਂ ਦੇ ਮੁਤਾਬਕ ਇਸ ਜੰਗ ਵਿਚ 834 ਕੰਪਨੀ ਫ਼ੌਜੀਆਂ ਵਿਚੋਂ 275 ਮਾਰੇ ਗਏ, ਜ਼ਖ਼ਮੀ ਹੋਏ ਜਾਂ ਫਿਰ ਲਾਪਤਾ ਹੋ ਗਏ। ਇਨ੍ਹਾਂ ਵਿਚ ਦੋ ਅਫਸਰ ਵੀ ਸ਼ਾਮਲ ਸਨ। ਇਨਫੈਂਟਰੀ ਦੇ 50 ਲੋਕ ਮਾਰੇ ਗਏ ਤੇ 105 ਜ਼ਖ਼ਮੀ ਹੋਏ। ਬ੍ਰਿਟਿਸ਼ ਅੰਦਾਜ਼ਿਆਂ ਮੁਤਾਬਕ ਪੇਸ਼ਵਾ ਦੇ 500-600 ਸੈਨਿਕ ਇਸ ਜੰਗ ਵਿਚ ਮਾਰੇ ਗਏ ਜਾਂ ਜ਼ਖ਼ਮੀ ਹੋਏ।

**ਇਤਿਹਾਸਕ ਜੰਗ ਸ਼ੂਦਰਾਂ ਲਈ ਮਾਣ**

ਇਸ ਜੰਗ ਵਿਚ ਮਾਰੇ ਗਏ ਫ਼ੌਜੀਆਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਚੌਕੋਰ ਮੀਨਾਰ ਬਣਾਇਆ ਗਿਆ ਸੀ, ਜਿਸ ਨੂੰ ਕੋਰੇਗਾਓਂ ਥੰਮ੍ਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸ਼ੂਦਰਾਂ ਦੀ ਰੈਜੀਮੈਂਟ ਦੇ ਹੌਸਲੇ ਦਾ ਪ੍ਰਤੀਕ ਹੈ। ਇਸ ਮੀਨਾਰ 'ਤੇ ਉਨ੍ਹਾਂ ਸ਼ਹੀਦਾਂ ਦੇ ਨਾਂ ਹਨ, ਜਿਹੜੇ ਇਸ ਜੰਗ ਵਿਚ ਸ਼ਹੀਦ ਹੋਏ ਸਨ। 1851 ਵਿਚ ਇਨ੍ਹਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇਹ ਸ਼ੂਦਰ ਭਾਈਚਾਰੇ ਦਾ ਮਾਣ ਇਸ ਲਈ ਹਨ, ਕਿਉਂਕਿ ਇਨ੍ਹਾਂ ਨੇ ਸ਼ੂਦਰ ਭਾਈਚਾਰੇ ਨੂੰ ਪੇਸ਼ਵਾਈ ਗੁਲਾਮੀ ਤੋਂ ਸਦਾ ਲਈ ਅਜ਼ਾਦ ਕਰਵਾ ਦਿੱਤਾ ਸੀ। ਪੇਸ਼ਵਾ ਦੀ ਹਾਰ ਤੋਂ ਬਾਅਦ 'ਪੇਸ਼ਵਾਈ' ਖ਼ਤਮ ਹੋ ਗਈ ਸੀ ਤੇ ਅੰਗਰੇਜ਼ਾਂ ਦਾ ਭਾਰਤ ਤੇ ਰਾਜ ਸਥਾਪਤ ਹੋ ਗਿਆ। ਇਸ ਦੇ ਫਲਸਰੂਪ 'ਅੰਗਰੇਜ਼ਾਂ' ਨੇ ਭਾਰਤ ਵਿਚ 'ਸਿੱਖਿਆ' ਦਾ ਪ੍ਰਚਾਰ ਕੀਤਾ, ਜੋ ਹਜ਼ਾਰਾਂ ਵਰ੍ਹਿਆਂ ਤੋਂ ਗੁਲਾਮ ਬਹੁਜਨ ਸਮਾਜ ਲਈ ਬੰਦ ਖਲਾਸੀ ਦਾ ਕਾਰਣ ਬਣਿਆ। ਇਸ ਦੇ ਉਪਰੰਤ ਮਹਾਤਮਾ ਫੂਲੇ ਪੜ੍ਹ ਸਕੇ ਤੇ ਭਾਰਤ ਦੀ ਜਾਤੀਗਤ ਵਿਵਸਥਾ ਨੂੰ ਸਮਝ ਸਕੇ। ਜੇਕਰ ਮਹਾਤਮਾ ਫੂਲੇ ਨਾ ਪੜ੍ਹ ਪਾਉਂਦੇ ਤਾਂ 'ਸਵਿੱਤਰੀ ਬਾਈ' ਕਦੇ ਇਸ ਦੇਸ ਦੀ ਪਹਿਲੀ 'ਅਧਿਆਪਕਾ' ਨਾ ਬਣ ਸਕਦੀ ਸੀ। ਸਵਿੱਤਰੀ ਬਾਈ ਦੇ ਅਨਪੜ੍ਹ ਰਹਿਣ ਦੀ ਹਾਲਤ ਵਿਚ ਇਸ ਦੇਸ ਦੀਆਂ ਔਰਤਾਂ ਕਦੇ ਨਾ ਪੜ੍ਹ ਸਕਦੀਆਂ। ਸ਼ਾਹੂ ਮਹਾਰਾਜ ਕਦੇ ਵੀ ਰਾਖਵਾਂਕਰਨ ਨਾ ਦੇ ਸਕਦੇ। ਤੁਸੀਂ ਇਹ ਸਮਝ ਸਕਦੇ ਹੋ ਕਿ ਜੇਕਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨਾ ਪੜ੍ਹਦੇ ਤਾਂ ਦਲਿਤਾਂ-ਆਦਿਵਾਸੀਆਂ ਦੀ ਹਾਲਤ ਅੱਜ ਬਦ ਤੋਂ ਬਦਤਰ ਹੁੰਦੀ ਤੇ ਉਹ ਉੱਚ ਜਾਤਾਂ ਦੇ ਗੁਲਾਮ ਹੁੰਦੇ ਜਿਨ੍ਹਾਂ ਨੇ ਮਨੂੰਵਾਦੀ ਵਿਵਸਥਾ ਤਹਿਤ ਉਨ੍ਹਾਂ ਦੇ ਗਲਾਂ ਵਿਚ ਗੁਲਾਮੀ ਦਾ ਰੱਸਾ ਪਾਇਆ ਹੋਇਆ ਸੀ।

ਇਹੀ ਕਾਰਨ ਹੈ ਕਿ ਡਾ. ਅੰਬੇਡਕਰ ਹਰ ਸਾਲ 1 ਜਨਵਰੀ ਨੂੰ ਕੋਰੇਗਾਓਂ ਜਾ ਕੇ ਉਨ੍ਹਾਂ ਬਹਾਦਰ ਦਲਿਤਾਂ ਨੂੰ ਪ੍ਰਣਾਮ ਕਰਿਆ ਕਰਦੇ ਸਨ ਤੇ ਆਖਦੇ ਸਨ ਸਾਨੂੰ ਵੀ ਉਨ੍ਹਾਂ ਬਹਾਦਰਾਂ ਸ਼ਹੀਦਾਂ ਦੇ ਪ੍ਰਤੀ ਸ਼ਰਧਾਂਜਲੀ ਪ੍ਰਗਟ ਕਰਨੀ ਚਾਹੀਦੀ ਹੈ ਤੇ ਆਪਣੇ ਪੂਰਵਜਾਂ ਦੀ ਵੀਰਤਾ ਨੂੰ ਯਾਦ ਕਰਕੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਦਲਿਤ ਨੇਤਾ ਬ੍ਰਿਟਿਸ਼ ਫ਼ੌਜ ਦੀ ਇਸ ਜਿੱਤ ਦਾ ਜਸ਼ਨ ਇਸ ਲਈ ਮਨਾਉਂਦੇ ਹਾਂ ਕਿਉਂਕਿ ਜਿੱਤਣ ਵਾਲੀ ਈਸਟ ਇੰਡੀਆ ਕੰਪਨੀ ਨਾਲ ਜੁੜੀ ਟੁਕੜੀ ਵਿਚ ਜ਼ਿਆਦਾਤਰ ਦਲਿਤ ਭਾਈਚਾਰੇ ਦੇ ਲੋਕ ਸ਼ਾਮਲ ਸਨ। ਅਸਲ ਵਿਚ ਇਹ ਜੰਗ ਦਲਿਤਾਂ ਦੀ ਅਣਖ ਦੀ ਪ੍ਰਤੀਕ ਤੇ ਉਨ੍ਹਾਂ ਲਈ ਮਾਣ ਮੰਨੀ ਜਾਂਦੀ ਹੈ, ਜਿਸ ਉਪਰ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਨੇ ਵੀ ਮੋਹਰ ਲਗਾਈ ਹੈ।

# ਪੰਜਾਬ ਦਾ ਬੈਂਕ ਡਕੈਤੀਆਂ ਦੇ ਮਾਮਲਿਆਂ 'ਚ ਚੌਥਾ ਸਥਾਨ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼:** ਦੇਸ਼ ਭਰ ਵਿੱਚ 2012 ਤੋਂ 2017 ਤੱਕ ਏਟੀਐਮਜ਼ ਤੇ ਬੈਂਕ ਲੁੱਟਣ, ਪਾੜ ਲਾਉਣ ਤੇ ਡਾਕੇ ਦੇ 40,404 ਕੇਸ ਦਰਜ ਹੋਏ ਹਨ, ਜਿਸ 'ਚੋਂ ਸਭ ਤੋਂ ਵੱਧ ਕੇਸ ਬਿਹਾਰ ਵਿੱਚ ਦਰਜ ਹੋਏ ਹਨ ਤੇ ਇਸ ਮਾਮਲੇ ਵਿੱਚ ਪੰਜਾਬ ਚੌਥੇ ਨੰਬਰ 'ਤੇ ਹੈ। ਬਿਹਾਰ ਵਿੱਚ 4856 ਕੇਸ ਦਰਜ ਹੋਏ ਹਨ, ਜਦੋਂਕਿ 4260 ਮਾਮਲਿਆਂ ਨਾਲ ਉੱਤਰ ਪ੍ਰਦੇਸ਼ ਦੂਜੇ, 4222 ਮਾਮਲਿਆਂ ਨਾਲ ਪੱਛਮੀ ਬੰਗਾਲ ਤੀਜੇ, 2701 ਮਾਮਲਿਆਂ ਨਾਲ ਪੰਜਾਬ ਚੌਥੇ ਤੇ 2608 ਮਾਮਲਿਆਂ ਨਾਲ ਹਰਿਆਣਾ ਪੰਜਵੇਂ ਸਥਾਨ 'ਤੇ ਰਿਹਾ ਹੈ। ਆਰਟੀਆਈ ਤਹਿਤ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਦੇਸ਼ ਭਰ ਵਿੱਚ ਬੈਂਕ ਅਤੇ ਏਟੀਐਮਜ਼ ਲੁੱਟਣ ਦੇ ਮਾਮਲਿਆਂ ਵਿੱਚ ਸਭ ਤੋਂ ਵੱਧ 14808 ਲੁੱਟ ਦੇ ਨਾਲ ਕਤਲ ਤੇ ਸੱਟਾਂ ਮਾਰਨ ਦੀਆਂ ਘਟਨਾਵਾਂ ਹਨ, ਜਦੋਂਕਿ ਪਾੜ ਲਾਉਣ ਦੀਆਂ 13247, ਚੋਰੀ ਦੀਆਂ 11396 ਤੇ ਡਕੈਤੀ ਦੀਆਂ 919 ਘਟਨਾਵਾਂ ਵਾਪਰੀਆਂ ਹਨ। ਇਸ ਤੋਂ ਬਿਨਾਂ 34 ਘਟਨਾਵਾਂ ਹੋਰ ਤਰੀਕਿਆਂ ਨਾਲ ਬੈਂਕਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਾਪਰੀਆਂ ਹਨ। ਬੈਂਕ ਡਕੈਤੀਆਂ ਦੇ ਮਾਮਲੇ ਵਿੱਚ ਦਾਦਰ ਨਗਰ ਹਵੇਲੀ, ਦਮਨ ਆਦਿ ਸ਼ਾਂਤ ਖੇਤਰ ਰਹੇ ਹਨ। ਇੱਥੇ ਪਿਛਲੇ ਪੰਜ ਸਾਲਾਂ ਵਿੱਚ ਸਿਰਫ਼ 1-1 ਘਟਨਾ ਹੀ ਵਾਪਰੀ ਹੈ। ਇਸੇ ਤਰ੍ਹਾਂ ਤਿਲੰਗਾਨਾ ਵਿੱਚ ਬੈਂਕ ਡਕੈਤੀ ਦੀਆਂ ਸਿਰਫ਼ 2 ਘਟਨਾਵਾਂ ਵਾਪਰੀਆਂ ਹਨ, ਜਦੋਂਕਿ ਅੰਡੇਮਾਨ ਨਿਕੋਬਾਰ ਵਿੱਚ 3 ਤੇ ਮਨੀਪੁਰ ਵਿੱਚ 6 ਕੇਸ ਦਰਜ ਹੋਏ ਹਨ।

ਮਹਾਰਾਸ਼ਟਰ ਵਿੱਚ ਬੈਂਕ ਡਕੈਤੀ ਦੇ 2492, ਮੱਧ ਪ੍ਰਦੇਸ਼ ਵਿੱਚ



2486, ਰਾਜਸਥਾਨ ਵਿੱਚ 2467, ਆਸਾਮ ਵਿੱਚ 2255, ਉੜੀਸਾ ਵਿੱਚ 1850, ਗੁਜਰਾਤ ਵਿੱਚ 1755, ਆਂਧਰਾ ਪ੍ਰਦੇਸ਼ ਵਿੱਚ 1686, ਝਾਰਖੰਡ ਵਿੱਚ 1543, ਕਰਨਾਟਕਾ ਵਿੱਚ 878, ਦਿੱਲੀ ਵਿੱਚ 864, ਛੱਤੀਸਗੜ੍ਹ ਵਿੱਚ 715, ਜੰਮੂ ਕਸ਼ਮੀਰ ਵਿੱਚ 498, ਹਿਮਾਚਲ ਪ੍ਰਦੇਸ਼ ਵਿੱਚ 498, ਉਤਰਾਂਚਲ ਵਿੱਚ 458, ਚੰਡੀਗੜ੍ਹ ਵਿੱਚ 218, ਕੇਰਲਾ ਵਿੱਚ 184, ਮੇਘਾਲਿਆ ਵਿੱਚ 209, ਗੋਆ ਵਿੱਚ 61, ਤ੍ਰਿਪੁਰਾ ਵਿੱਚ 42, ਨਾਗਾਲੈਂਡ ਤੇ ਅਰੁਣਾਚਲ ਪ੍ਰਦੇਸ਼ ਵਿੱਚ 31 ਘਟਨਾਵਾਂ ਪਿਛਲੇ ਪੰਜ ਵਰ੍ਹਿਆਂ ਵਿੱਚ ਵਾਪਰੀਆਂ ਹਨ। ਪੰਜਾਬ ਵਿੱਚ 2012 ਤੋਂ 2017 ਤੱਕ ਬੈਂਕ ਡਕੈਤੀਆਂ ਦੀਆਂ 2701 ਘਟਨਾਵਾਂ ਵਾਪਰੀਆਂ ਹਨ, ਜਿਸ ਵਿੱਚ ਜ਼ਿਆਦਾ ਮਾਮਲੇ ਪਾੜ ਲਾਉਣ ਦੇ 1347 ਹਨ, ਜਦੋਂਕਿ ਚੋਰੀ ਦੇ 1067, ਡਕੈਤੀ ਦੇ 364 ਤੇ ਅਸੱਪਸ਼ਟ ਘਟਨਾਵਾਂ ਦੇ 23 ਕੇਸ ਦਰਜ ਕੀਤੇ ਗਏ ਹਨ। ਬੈਂਕ ਡਕੈਤੀਆਂ ਦੇ ਮਾਮਲੇ ਵਿੱਚ ਅੰਮ੍ਰਿਤਸਰ ਸਭ ਤੋਂ ਅੱਗੇ ਹੈ। ਇਸ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਬੈਂਕ ਡਕੈਤੀਆਂ ਪਿਛਲੇ 5 ਸਾਲਾਂ ਵਿੱਚ 563 ਦਰਜ ਕੀਤੀਆਂ ਗਈਆਂ ਹਨ, ਜਦੋਂਕਿ ਸਭ ਤੋਂ ਘੱਟ ਬੈਂਕ ਡਕੈਤੀਆਂ 13 ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਹੋਈਆਂ ਹਨ। ਬੈਂਕ ਡਕੈਤੀਆਂ ਦੇ ਮਾਮਲੇ ਵਿੱਚ ਲੁਧਿਆਣਾ 373 ਮਾਮਲਿਆਂ ਨਾਲ ਦੂਜੇ ਅਤੇ ਰੂਪਨਗਰ 328 ਘਟਨਾਵਾਂ ਨਾਲ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਜਲੰਧਰ ਵਿੱਚ 230, ਬਠਿੰਡਾ ਵਿੱਚ 192, ਗੁਰਦਾਸਪੁਰ ਵਿੱਚ 173, ਰੂਪਨਗਰ ਵਿੱਚ 147, ਸੰਗਰੂਰ ਵਿੱਚ 146, ਫ਼ਰੀਦਕੋਟ ਵਿੱਚ 112, ਹੁਸ਼ਿਆਰਪੁਰ ਵਿੱਚ 100, ਮੋਗਾ ਵਿੱਚ 81, ਮੁਕਤਸਰ ਵਿੱਚ 63, ਨਵਾਂਸ਼ਹਿਰ ਵਿੱਚ 48, ਮਾਨਸਾ ਵਿੱਚ 31 ਤੇ ਫ਼ਿਰੋਜ਼ਪੁਰ ਵਿੱਚ ਬੈਂਕ ਡਕੈਤੀ ਦੇ 22 ਕੇਸ ਦਰਜ ਹੋਏ ਹਨ।

# ਕੁਲਭੂਸ਼ਨ ਜਾਧਵ ਦੇ 'ਕਬੂਲਨਾਮੇ' ਦੀ ਦੂਜੀ ਵੀਡੀਓ

**ਇਸਲਾਮਾਬਾਦ/ਨਵੀਂ ਦਿੱਲੀ/ਬਿਊਰੋ ਨਿਊਜ਼:** ਪਾਕਿਸਤਾਨ ਨੇ ਕੁਲਭੂਸ਼ਣ ਜਾਧਵ ਦੇ 'ਕਬੂਲਨਾਮੇ' ਨਾਲ ਸਬੰਧਤ ਇਕ ਹੋਰ ਵੀਡੀਓ ਜਾਰੀ ਕੀਤਾ ਹੈ ਜਿਸ 'ਚ ਉਹ ਦਾਅਵਾ ਕਰ ਰਿਹਾ ਹੈ ਕਿ ਹਿਰਾਸਤ 'ਚ ਉਸ ਨਾਲ ਕੋਈ ਕੁੱਟਮਾਰ ਨਹੀਂ ਹੋਈ ਹੈ। ਭਾਰਤ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਇਸ ਨੂੰ ਇਕ ਤਰ੍ਹਾਂ ਦਾ ਪ੍ਰਚਾਰ ਦੱਸਿਆ ਹੈ ਜੋ ਭਰੋਸੇਯੋਗ ਨਹੀਂ ਹੈ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ 'ਕਬੂਲਨਾਮੇ' ਵਾਲੇ ਵੀਡੀਓ 'ਚ ਜਾਧਵ ਨੇ ਦਾਅਵਾ ਕੀਤਾ ਹੈ ਕਿ ਉਹ ਅਜੇ ਵੀ ਭਾਰਤੀ ਜਲ ਸੈਨਾ ਦਾ ਕਮਿਸ਼ਨਡ ਅਧਿਕਾਰੀ ਹੈ ਅਤੇ ਖ਼ੁਫ਼ੀਆ ਏਜੰਸੀ ਲਈ ਕੰਮ ਨਾ ਕਰਨ ਦੇ ਭਾਰਤ ਵੱਲੋਂ ਕੀਤੇ ਜਾ ਰਹੇ ਝੂਠੇ ਦਾਅਵਿਆਂ 'ਤੇ ਉਸ ਨੇ ਸਵਾਲ ਉਠਾਏ ਹਨ। ਕਥਿਤ ਵੀਡੀਓ 'ਚ ਉਸ ਨੇ ਕਿਹਾ,"ਮੇਰੀ ਮਾਂ ਜਿਵੇਂ ਹੀ ਬੈਠਕ ਮਗਰੋਂ ਬਾਹਰ ਨਿਕਲੀ ਤਾਂ ਭਾਰਤੀ ਦੂਤ ਨੇ ਉਸ ਨੂੰ ਗੁੱਸਾ ਕੀਤਾ। ਬੈਠਕ ਸਕਾਰਾਤਮਕ ਪਹਿਲ ਸੀ ਤਾਂ ਜੋ ਮੇਰੀ ਮਾਂ ਅਤੇ ਮੈਂ ਖ਼ੁਸ਼ ਰਹਿ ਸਕੀਏ।" ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਜਾਧਵ ਨੂੰ ਭਾਰਤੀ ਡਿਪਟੀ ਹਾਈ ਕਮਿਸ਼ਨਰ ਦੇ ਰਵੱਈਏ ਦਾ ਕਿਵੇਂ ਪਤਾ ਲੱਗਿਆ। ਇਸ ਦੇ ਜਵਾਬ 'ਚ ਵਿਦੇਸ਼ ਮਾਮਲਿਆਂ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। 'ਪਾਕਿਸਤਾਨ ਵੱਲੋਂ ਜਬਰੀ ਵੀਡੀਓ 'ਤੇ ਬਿਆਨ ਦਿਵਾਏ ਜਾ ਰਹੇ ਹਨ।

ਬਰਸੀ 'ਤੇ ਵਿਸ਼ੇਸ਼

# ਕਨੇਡਾ ਦੀ ਧਰਤੀ ਉਤੇ ਕੌਮੀ ਅਪਮਾਨ ਦਾ ਬਦਲਾ ਲੈਣ ਵਾਲਾ
# ਅਣਖੀਲਾ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

**ਰਾਜਿੰਦਰ ਸਿੰਘ ਰਾਹੀ**
(98157 51332)

ਇਹ ਇਤਿਹਾਸ ਦਾ ਦੁਖਾਂਤ ਕਹਿ ਲਿਆ ਜਾਵੇ ਜਾਂ ਸਰਾਪ ਕਿ ਜਿਥੇ ਜਿਥੇ ਵੀ ਸਿੱਖਾਂ ਨੇ ਕੋਈ ਸਪੇਸ ਹਾਸਲ ਕੀਤੀ ਹੈ ਉਹ ਸਿਰਫ਼ ਸਿਰ ਦੇ ਕੇ ਹੀ ਕੀਤੀ ਹੈ। ਇਹ ਭਾਵੇਂ ਪੰਜਾਬ ਦੀ ਧਰਤੀ ਹੋਵੇ, ਭਾਵੇਂ ਭਾਰਤ ਦੀ ਤੇ ਭਾਵੇਂ ਵਿਦੇਸ਼ਾਂ ਦੀ, ਸਿੱਖਾਂ ਨੂੰ ਹਮੇਸ਼ਾ ਸਿਰ ਦੇਣੇ ਪਏ ਹਨ। ਕੈਨੇਡਾ ਦੀ ਧਰਤੀ 'ਤੇ ਜੇਕਰ ਅੱਜ ਚਾਰੇ ਪਾਸੇ ਖ਼ਾਲਸੇ ਦੇ ਝੰਡੇ ਝੂਲਦੇ ਹਨ ਤਾਂ, ਇਹ ਵੀ ਸ਼ਹਾਦਤਾਂ ਦੀ ਬਦੌਲਤ ਹੀ ਹੈ। ਕੈਨੇਡਾ ਦੀ ਧਰਤੀ 'ਤੇ ਭਾਈ ਮੇਵਾ ਸਿੰਘ ਅਜਿਹਾ ਪਹਿਲਾ ਸਿੱਖ ਸ਼ਹੀਦ ਹੋਇਆ ਹੈ, ਜਿਸ ਨੇ ਸਿੱਖੀ ਦੀ ਸ਼ਹੀਦੀ ਪ੍ਰੰਪਰਾ 'ਤੇ ਪਹਿਰਾ ਦਿੰਦਿਆਂ ਹੋਇਆਂ ਪੂਰਨ ਖ਼ਾਲਸਾਈ ਜੋਸ਼ ਅਤੇ ਚੜ੍ਹਦੀ ਕਲਾ ਨਾਲ ਫਾਂਸੀ ਦਾ ਰੱਸਾ ਚੁੰਮਿਆ ਸੀ। ਪਿਛੇ ਗੱਲ ਕਰ ਆਏ ਹਾਂ ਕਿ ਜਿਥੇ ਜਿਥੇ ਵੀ ਬੇਗਾਨੀਆਂ ਧਰਤੀਆਂ 'ਤੇ ਸਿੱਖ ਗਏ ਹਨ, ਰੋਟੀ ਦੀ ਭੁੱਖ ਤੋਂ ਇਲਾਵਾ ਉਹਨਾਂ ਦੀ ਸਭ ਤੋਂ ਵੱਡੀ ਤੇ ਤੀਬਰ ਤਾਂਘ ਰੂਹਾਨੀ ਹੁੰਦੀ ਹੈ, ਜਿਸ ਕਰਕੇ ਉਹ ਅਪਣੇ ਨਿਜੀ ਮਕਾਨ ਨਾਲੋਂ ਪੰਥ ਦਾ ਸਮੂਹਕ ਘਰ (ਗੁਰਦੁਆਰਾ) ਉਸਾਰਨ ਨੂੰ ਤਰਜੀਹ ਦਿੰਦੇ ਹਨ। ਪਰ ਸਿੱਖ ਦੀ ਤਾਂਘ ਗੁਰਦੁਆਰਾ ਉਸਾਰਨ ਨਾਲ ਹੀ ਸ਼ਾਂਤ ਨਹੀਂ ਹੋ ਜਾਂਦੀ, ਗੁਰਦੁਆਰੇ ਦੀ ਮਰਿਆਦਾ ਤੇ ਇਸ ਦੀ ਇੱਜ਼ਤ-ਆਬਰੂ ਦੀ ਰਾਖੀ ਕਰਨਾ ਉਹ ਅਪਣਾ ਦੈਵੀ ਫ਼ਰਜ਼ ਸਮਝਦਾ ਹੈ ਅਤੇ ਇਸ ਵਾਸਤੇ ਆਪਣੀ ਜਾਨ ਤਕ ਦਾਅ ਤੇ ਲਾ ਦਿੰਦਾ ਹੈ। ਗੁਰਦੁਆਰੇ ਨਾਲ ਇਕ ਸਿੱਖ ਦੇ ਲਗਾਓ ਦੀ ਕੈਮਿਸਟਰੀ ਕਿਸੇ ਗ਼ੈਰ-ਸਿੱਖ ਨੂੰ ਛੇਤੀ ਕੀਤਿਆਂ ਸਮਝ ਨਹੀਂ ਆ ਸਕਦੀ। ਸਿੱਖ ਹੋਰ ਸਭ ਕੁਝ ਬਰਦਾਸ਼ਤ ਕਰ ਸਕਦਾ ਹੈ ਪਰ ਆਪਣੇ ਗੁਰਦੁਆਰੇ ਦੀ ਬੇਅਦਬੀ ਨਹੀਂ ਸਹਾਰ ਸਕਦਾ। ਉਘੇ ਇਤਿਹਾਸਕਾਰ ਸ. ਕਰਮ ਸਿੰਘ ਹਿਸਟੋਰੀਅਨ ਨੇ ਸਿੱਖ ਹਿਰਦਿਆਂ ਦੀ ਇਸ ਭਾਵਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

'ਖ਼ਾਲਸਈ ਖ਼ੂਨ ਨੂੰ ਕੋਈ ਗੱਲ ਐਡੀ ਛੇਤੀ ਜੋਸ਼ ਵਿਚ ਨਹੀਂ ਲਿਆਉਂਦੀ, ਜਿੱਡੀ ਛੇਤੀ ਕਿ ਗੁਰਦੁਆਰਿਆਂ ਦੀ ਬੇਅਦਬੀ ਦੀ ਖ਼ਬਰ। ਅਤੇ ਕੁਰਬਾਨੀ ਕਰਨ ਲਈ ਖ਼ਾਲਸਾ ਐਤਨਾ ਕਾਹਲਾ ਕਦੇ ਨਹੀਂ ਹੋਇਆ ਜਿਤਨਾ ਕਿ ਗੁਰਦੁਆਰਿਆਂ ਦੀ ਖਾਤਰ...।'

ਭਾਈ ਮੇਵਾ ਸਿੰਘ ਅੰਦਰ ਮਚਲਦੇ ਸ਼ਹੀਦੀ ਦੇ ਚਾਅ ਨੂੰ ਵੀ ਇਹਨਾ ਸਤਰਾਂ ਦੀ ਰੋਸ਼ਨੀ ਵਿਚ ਹੀ ਸਮਝਿਆ ਜਾ ਸਕਦਾ ਹੈ। ਉਸ ਨੇ ਵੀ ਆਪਣੇ ਹਰਮਨ ਪਿਆਰੇ ਸਿੱਖ ਆਗੂਆਂ ਦੇ ਗੁਰਦੁਆਰੇ ਅੰਦਰ ਹੋਏ ਕਤਲਾਂ, ਜਿਸ ਕਾਰੇ ਨਾਲ ਗੁਰਦੁਆਰੇ ਦੀ ਵੀ ਘੋਰ ਬੇਅਦਬੀ ਹੋਈ ਸੀ, ਦਾ ਬਦਲਾ ਲੈਣ ਲਈ ਸ਼ਹੀਦੀ ਪਾਉਣ ਦਾ ਰਾਹ ਚੁਣਿਆ ਸੀ। ਭਾਈ ਮੇਵਾ ਸਿੰਘ ਦਾ ਜਨਮ 1880 ਈਸਵੀ ਨੂੰ ਪਿਤਾ ਨੰਦ ਸਿੰਘ ਦੇ ਗ੍ਰਹਿ ਵਿਖੇ ਪਿੰਡ ਲੋਪੋਕੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ਹੋਇਆ ਸੀ। ਲੋਪੋਕੇ ਪਿੰਡ ਸ੍ਰੀ ਅੰਮ੍ਰਿਤਸਰ ਤੋਂ ਪੰਦਰਾਂ ਮੀਲ ਪੂਰ ਪੱਛਮ ਵੱਲ ਪ੍ਰੀਤ ਨਗਰ ਦੇ ਨੇੜੇ ਪੈਂਦਾ ਹੈ। ਗ਼ਦਰੀ ਬਾਬਿਆਂ ਅਨੁਸਾਰ 'ਪਿੰਡ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਸਿੱਖ ਇਤਿਹਾਸ ਵਿਚ ਸਦਾ ਲਈ ਕਾਇਮ ਰਹੇਗਾ ਕਿਉਂਕਿ ਇਸ ਨਗਰ ਨੂੰ ਭਾਈ ਸਾਹਿਬ ਭਾਈ ਮੇਵਾ ਸਿੰਘ ਜੀ ਸ਼ਹੀਦ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ।'



ਭਾਈ ਸਾਹਿਬ ਭਾਈ ਮੇਵਾ ਸਿੰਘ ਪਿੰਡ ਤਾਂ ਖੇਤੀਬਾੜੀ ਦਾ ਕੰਮ ਹੀ ਕਰਦੇ ਸਨ ਪਰ ਉਹ 1906 ਵਿਚ ਵੈਨਕੂਵਰ ਪਹੁੰਚ ਗਏ। ਧਾਰਮਿਕ ਬਿਰਤੀ ਅਤੇ ਸ਼ਾਂਤ ਸਾਊ ਸੁਭਾਅ ਦੇ ਮਾਲਕ ਹੋਣ ਕਾਰਨ ਉਹ ਪਹੁੰਚਣ ਸਾਰ ਹੀ ਵੈਨਕੂਵਰ ਦੇ ਸਿੱਖ ਆਗੂਆਂ ਦੀ ਸੰਗਤ ਵਿਚ ਸ਼ਾਮਲ ਹੋ ਗਏ। ਜਿਸ ਸਮੇਂ ਸਿੱਖ ਸੰਗਤ ਵਲੋਂ ਵੈਨਕੂਵਰ ਵਿਚ ਕੈਨੇਡਾ ਦਾ ਪਹਿਲਾ ਗੁਰਦੁਆਰਾ ਬਣਾਉਣ ਦਾ ਉਦਮ ਆਰੰਭਿਆ ਗਿਆ ਤਾਂ ਭਾਈ ਮੇਵਾ ਸਿੰਘ ਨੇ ਵੱਧ ਚੜ੍ਹ ਕੇ ਇਸ ਸੇਵਾ ਵਿੱਚ ਹਿੱਸਾ ਲਿਆ। ਉਸ ਨੇ ਪੰਜਾਬ ਤੋਂ ਆਏ ਭਾਈਵੰਦਾਂ ਕੋਲੋਂ ਉਹਨਾਂ ਦੇ ਡੇਰਿਆਂ 'ਤੇ ਜਾ ਜਾ ਕੇ ਉਗਰਾਹੀ ਕੀਤੀ। ਭਾਈ ਮੇਵਾ ਸਿੰਘ 21 ਜੂਨ 1908 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਹੋਏ ਅੰਮ੍ਰਿਤ ਸੰਚਾਰ ਦੌਰਾਨ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਿਆ। ਭਾਵੇਂ ਭਾਈ ਮੇਵਾ ਸਿੰਘ ਹਰ ਧਾਰਮਿਕ ਤੇ ਸਮਾਜੀ ਕਾਰਜ ਵਿਚ ਪੂਰੀ ਤਨਦੇਹੀ ਨਾਲ ਭਾਗ ਲੈਂਦਾ ਸੀ, ਪਰ ਉਸ ਦੀ ਬਿਰਤੀ ਚੁੱਪ ਚੁਪੀਤੇ ਹੀ ਪਿਛੇ ਰਹਿ ਕੇ ਕੰਮ ਕਰਨ ਦੀ ਸੀ। ਭਾਈ ਮੇਵਾ ਸਿੰਘ ਦੀ ਰਿਹਾਇਸ਼ ਭਾਈ ਰਾਮ ਸਿੰਘ ਧੁਲੇਤਾ (ਜਿਸ ਦਾ ਜ਼ਿਕਰ ਅੱਗੇ ਚੱਲ ਕੇ ਆਵੇਗਾ) ਦੇ ਡੇਰੇ ਵਿਚ ਸੀ, ਪਰ ਕੰਮ ਉਹ ਨਿਊ ਵੈਸਟ ਮਨਿਸਟਰ ਦੀ ਫਰੇਜ਼ਰ ਮਿੱਲ ਵਿਚ ਕਰਦੇ ਸਨ। ਉਂਜ ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ ਦੇ ਹਿੱਸੇਦਾਰ ਵੀ ਸਨ। ਭਾਈ ਮੇਵਾ ਸਿੰਘ ਦੀ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਗੁਰਦੁਆਰੇ ਦੇ ਗ੍ਰੰਥੀ ਭਾਈ ਸਾਹਿਬ ਭਾਈ ਬਲਵੰਤ ਸਿੰਘ ਨਾਲ ਦਿਲੀ ਸਾਂਝ ਸੀ। ਜਦ 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ ਵਿਚ 376 ਮੁਸਾਫਰਾਂ ਨੂੰ ਲੈ ਕੇ ਵੈਨਕੂਵਰ ਦੇ ਕੰਢੇ ਪਹੁੰਚ ਗਏ ਤਾਂ ਵੈਨਕੂਵਰ ਦੇ ਸਿੱਖ ਭਾਈਚਾਰੇ ਵਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਹੇਠ, ਇਨ੍ਹਾਂ ਮੁਸਾਫਰਾਂ ਨੂੰ ਕੈਨੇਡਾ ਵਿਚ ਉਤਾਰਨ ਲਈ ਜਬਰਦਸਤ ਸੰਘਰਸ਼ ਵਿੱਢਿਆ ਗਿਆ। ਇਸ ਸਮੇਂ ਭਾਈ ਮੇਵਾ ਸਿੰਘ ਨੇ ਭਾਈ ਭਾਗ ਸਿੰਘ ਤੇ ਭਾਈ ਸਾਹਿਬ ਭਾਈ ਬਲਵੰਤ ਸਿੰਘ ਦੇ ਸੰਗੀ ਸਾਥੀ ਬਣਕੇ ਇਸ ਸੰਘਰਸ਼ ਵਿਚ ਮੋਹਰੀ ਰੋਲ ਨਿਭਾਇਆ। ਜੁਲਾਈ 1914 ਵਿਚ ਭਾਈ ਭਾਗ ਸਿੰਘ, ਭਾਈ ਸਾਹਿਬ ਭਾਈ ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ ਤੇ ਭਾਈ ਮੇਵਾ ਸਿੰਘ, ਗੁਰੂ ਨਾਨਕ ਜਹਾਜ਼ ਦੇ ਸੰਘਰਸ਼ ਸਬੰਧੀ ਅਮਰੀਕਾ ਦੀ ਸਿੱਖ ਸੰਗਤ ਨਾਲ ਸਲਾਹ ਮਸ਼ਵਰਾ ਕਰਨ ਲਈ ਐਬਟਸਫੋਰਡ ਲਾਗਿਓਂ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਪਹੁੰਚੇ ਸਨ ਪਰ ਵਾਪਸੀ 'ਤੇ ਭਾਈ ਭਾਗ ਸਿੰਘ, ਭਾਈ ਸਾਹਿਬ ਭਾਈ ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਤਾਂ ਅਮਰੀਕਾ ਦੀ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਸੁਮਾਸ ਦੀ ਜੇਲ੍ਹ ਵਿਚ ਬੰਦ ਕਰ ਦਿਤਾ, ਭਾਈ ਮੇਵਾ ਸਿੰਘ ਸਰਹੱਦ ਪਾਰ ਕਰਕੇ ਕੈਨੇਡਾ ਵਿਚ ਤਾਂ ਦਾਖ਼ਲ ਹੋ ਗਏ ਸਨ ਪਰ ਕੈਨੇਡੀਅਨ ਪੁਲਿਸ ਵਲੋਂ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰੀ ਮੌਕੇ ਭਾਈ ਮੇਵਾ ਸਿੰਘ ਕੋਲੋਂ ਦੋ ਰਿਵਾਲਵਰ ਤੇ ਪੰਜ ਸੌ ਗੋਲੀਆਂ ਮਿਲੀਆਂ ਸਨ, ਉਸ ਵਲੋਂ ਇਨ੍ਹਾਂ ਹਥਿਆਰਾਂ ਦੀ ਕਦੋਂ, ਕਿਥੇ ਤੇ ਕਿਵੇਂ ਵਰਤੋਂ ਕੀਤੀ ਜਾਣੀ ਸੀ, ਇਹ ਸਪਸ਼ਟ ਨਹੀਂ ਹੋ ਸਕਿਆ ਪਰ ਉਹਨਾਂ ਉਪਰ ਜਾਸੂਸ ਹਾਪਕਿਨਸਨ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਹੈੱਡ ਮੈਲਕਮ ਰੀਡ ਵਲੋਂ ਦਬਾਅ ਪਾਇਆ ਗਿਆ ਸੀ ਕਿ ਉਹ ਸਿੱਖ ਆਗੂਆਂ ਵਿਰੁੱਧ ਬਿਆਨ ਦੇਵੇ ਕਿ ਇਹ ਹਥਿਆਰ ਉਹਨਾਂ ਲਈ ਲਿਜਾਏ ਜਾ ਰਹੇ ਸਨ। ਪਰ ਭਾਈ ਮੇਵਾ ਸਿੰਘ ਨੇ ਅਜਿਹਾ ਬਿਆਨ ਦੇਣ ਤੋਂ ਦ੍ਰਿੜਤਾ ਨਾਲ ਇਨਕਾਰ ਕਰ ਦਿੱਤਾ ਸੀ।

ਅਦਾਲਤ ਨੇ ਭਾਈ ਮੇਵਾ ਸਿੰਘ ਨੂੰ ਪੰਜਾਹ ਡਾਲਰ ਦਾ ਜੁਰਮਾਨਾ ਕਰਕੇ 7 ਅਗਸਤ 1914 ਨੂੰ ਰਿਹਾਅ ਕਰ ਦਿੱਤਾ ਸੀ। ਅਮਰੀਕਾ ਵਿਚ ਜਦ 1913 ਵਿਚ ਗ਼ਦਰ ਪਾਰਟੀ ਬਣ ਗਈ ਸੀ ਤਾਂ 'ਗ਼ਦਰ' ਅਖ਼ਬਾਰ ਵੈਨਕੂਵਰ ਦੇ ਗੁਰਦੁਆਰੇ ਵਿਚ ਵੀ ਆਉਣ ਲੱਗ ਪਿਆ ਸੀ। ਖਾਲਸਾ ਦੀਵਾਨ ਦੇ ਆਗੂ ਭਾਈ ਭਾਗ ਸਿੰਘ ਅਤੇ ਭਾਈ ਸਾਹਿਬ ਭਾਈ ਬਲਵੰਤ ਸਿੰਘ ਵਾਂਗ ਭਾਈ ਮੇਵਾ ਸਿੰਘ ਵੀ ਗ਼ਦਰ ਲਹਿਰ ਦੇ ਰੰਗ ਵਿਚ ਰੰਗੇ ਗਏ ਸਨ। ਜਿਉਂ ਜਿਉਂ ਵੈਨਕੂਵਰ ਦੇ ਗੁਰਦੁਆਰੇ ਵਿਚੋਂ ਗ਼ਦਰ ਲਹਿਰ ਦਾ ਪਸਾਰਾ ਹੋ ਰਿਹਾ ਸੀ, ਤਿਉਂ ਤਿਉਂ ਬ੍ਰਿਟਿਸ਼ ਸਾਮਰਾਜ ਅਤੇ ਕੈਨੇਡੀਅਨ ਸਰਕਾਰ ਇਸ ਲਹਿਰ ਨੂੰ ਕੁਚਲਣ ਲਈ ਸਰਗਰਮ ਹੋ ਗਏ ਸਨ। ਇਸ ਲਹਿਰ ਦਾ ਲੱਕ ਤੋੜਨ ਲਈ ਬਰਤਾਨਵੀ ਜਾਸੂਸ ਹਾਪਕਿਨਸਨ ਵਲੋਂ ਆਪਣੇ ਹੱਥ ਠੋਕੇ ਬੇਲਾ ਸਿੰਘ ਕੋਲੋਂ 5 ਸਤੰਬਰ 1914 ਨੂੰ ਗੁਰਦੁਆਰੇ ਵਿੱਚ ਹੀ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦਾ ਕਤਲ ਕਰਵਾ ਦਿਤਾ ਗਿਆ। ਇਸ ਘਟਨਾ ਨੇ ਭਾਈ ਮੇਵਾ ਸਿੰਘ ਦੇ ਮਨ ਉਪਰ ਬਹੁਤ ਹੀ ਗਹਿਰਾ ਅਸਰ ਕੀਤਾ, ਇਸ ਕਾਰੇ ਨਾਲ ਜਿਥੇ ਉਹਨਾਂ ਦੇ ਹਰਮਨ ਪਿਆਰੇ ਆਗੂਆਂ ਦੀ ਜਾਨ ਲੈ ਲਈ ਸੀ, ਉਥੇ ਨਾਲ ਹੀ ਗੁਰਦੁਆਰੇ ਦੀ ਵੀ ਘੋਰ ਬੇਅਦਬੀ ਹੋਈ ਸੀ। ਇਸ ਸਦਮੇ ਨਾਲ ਭਾਈ ਮੇਵਾ ਸਿੰਘ ਨੇ ਡੂੰਘੀ ਚੁੱਪ ਧਾਰ ਲਈ ਸੀ। ਉਹ ਹਮੇਸ਼ਾ ਹੀ ਪਾਠ ਕਰਨ ਵਿਚ ਲੀਨ ਰਹਿਣ ਲੱਗ ਪਏ ਸਨ। ਉਹ ਅਕਸਰ ਹੀ ਦੁਖੀ ਮਨ ਨਾਲ ਆਖਿਆ ਕਰਦੇ ਸਨ ਕਿ 'ਹੇ ਅਕਾਲ ਪੁਰਖ ਹੁਣ ਇਹ ਬੇਅਦਬੀ ਸਹਾਰਦਿਆਂ ਜੀਣਾ ਮੁਸ਼ਕਲ ਹੈ।' ਪਰ ਮੇਵਾ ਸਿੰਘ ਦੇ ਇਹ ਸ਼ਬਦ ਸੁਣ ਕੇ ਕਿਸੇ ਸਿੱਖ ਨੇ ਇਹ ਅੰਦਾਜ਼ਾ ਨਹੀਂ ਲਗਾਇਆ ਸੀ ਕਿ ਉਹ ਅੰਦਰੋ ਅੰਦਰੀ ਕੋਈ ਵੱਡਾ ਫੈਸਲਾ ਕਰ ਚੁੱਕੇ ਹਨ। ਇਸ ਦੌਰਾਨ ਹੀ ਭਾਈ ਮੇਵਾ ਸਿੰਘ ਨੇ ਪਿਸਤੌਲ ਦੀ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ ਸੀ। ਹੋਰ ਸਿੱਖਾਂ ਨੇ ਇਹ ਸਮਝਿਆ ਕਿ ਭਾਈ ਮੇਵਾ ਸਿੰਘ ਗ਼ਦਰ ਲਹਿਰ ਵਿੱਚ ਹਿੱਸਾ ਲੈਣ ਲਈ ਪੰਜਾਬ ਜਾਵੇਗਾ, ਇਸੇ ਕਰਕੇ ਨਿਸ਼ਾਨੇਬਾਜ਼ੀ ਦਾ ਅਭਿਆਸ ਕਰ ਰਿਹਾ ਹੈ। ਆਪਣੇ ਨਿਸ਼ਾਨੇ ਨੂੰ ਪਰਪੱਕ ਕਰਨ ਲਈ ਭਾਈ ਮੇਵਾ ਸਿੰਘ ਨੇ ਸੌ ਡਾਲਿਆਂ ਦੇ ਕਾਰਤੂਸ ਫੂਕ ਦਿਤੇ ਸਨ।

ਵੈਨਕੂਵਰ ਦੀ ਅਦਾਲਤ ਵਿਚ ਬੇਲਾ ਸਿੰਘ ਵਿਰੁੱਧ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੇ ਕਤਲ ਦਾ ਮੁਕੱਦਮਾ ਚੱਲ ਰਿਹਾ ਸੀ। ਸਿੱਖ ਆਮ ਹੀ ਇਸ ਮੁਕੱਦਮੇ ਦੀ ਕਾਰਵਾਈ ਦੇਖਣ ਲਈ ਕਚਿਹਰੀ ਵਿਚ ਹਾਜ਼ਰ ਹੁੰਦੇ ਸਨ। ਭਾਈ ਮੇਵਾ ਸਿੰਘ ਵੀ ਅਕਸਰ ਹੀ ਹਰ ਪੇਸ਼ੀ 'ਤੇ ਜਾਇਆ ਕਰਦੇ ਸਨ। 21 ਅਕਤੂਬਰ 1914 ਨੂੰ ਵੀ ਭਾਈ ਮੇਵਾ ਸਿੰਘ ਆਮ ਵਾਂਗ ਹੀ ਪੇਸ਼ੀ 'ਤੇ ਅਦਾਲਤ ਵਿਚ ਗਏ ਸਨ। ਹਰ ਪੇਸ਼ੀ 'ਤੇ ਹਾਜ਼ਰ ਹੁੰਦਾ ਕਰਕੇ ਪੁਲਿਸ ਨੇ ਉਸ ਦਿਨ ਵੀ ਉਸ ਦੀ ਸਰਸਰੀ ਤਲਾਸ਼ੀ ਹੀ ਲਈ ਸੀ, ਕਿਉਂਕਿ ਅਕਸਰ ਹੀ ਤਲਾਸ਼ੀ ਹੁੰਦੀ ਕਰਕੇ ਉਹ ਹਮੇਸ਼ਾ ਖਾਲੀ ਹੱਥ ਹੁੰਦਾ ਸੀ, ਜਿਸ ਕਰਕੇ ਪੁਲਿਸ ਵਾਲਿਆਂ ਨੂੰ ਭਾਈ ਮੇਵਾ ਸਿੰਘ ਉਤੇ ਕਿਸੇ ਕਿਸਮ ਦਾ ਸ਼ੱਕ-ਸ਼ੁਬ੍ਹਾ ਨਹੀਂ ਸੀ। ਸਵੇਰ ਦੇ ਦਸ ਵੱਜ ਕੇ ਬਾਰਾਂ ਮਿੰਟ ਹੋਏ ਸਨ, ਜਾਸੂਸ ਹਾਪਕਿਨਸਨ ਕੋਰਟ ਵਿਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਅੱਗੇ ਬਰਾਂਡੇ ਦੇ ਥਮਲੇ ਨਾਲ ਢੋਅ ਲਾਈ ਖੜ੍ਹਾ ਸੀ। ਭਾਈ ਮੇਵਾ ਸਿੰਘ ਬਿਲਕੁਲ ਹੀ ਸ਼ਾਂਤ ਚਿੱਤ ਉਸ ਕੋਲ ਪਹੁੰਚਿਆ, ਉਸ ਨੇ ਆਪਣੇ ਦੋਵੇਂ ਹੱਥ ਪਤਲੂਣ ਦੀਆਂ ਜੇਬਾਂ ਵਿਚ ਪਾਏ ਹੋਏ ਸਨ। ਹਾਪਕਿਨਸਨ ਦੇ ਕੋਲ ਪੁੱਜ ਕੇ ਭਾਈ ਮੇਵਾ ਸਿੰਘ ਨੇ ਬੜੇ ਠਰੰਮੇ ਨਾਲ ਆਪਣਾ ਪਿਸਤੌਲ ਕੱਢਿਆ ਤੇ ਹਾਪਕਿਨਸਨ ਦੇ ਗੋਲੀਆਂ ਮਾਰ ਦਿੱਤੀਆਂ। ਹਾਪਕਿਨਸਨ ਗੋਡਿਆਂ ਭਾਰ ਡਿੱਗ ਪਿਆ। ਭਾਈ ਮੇਵਾ ਸਿੰਘ ਨੇ ਸੱਜੇ ਹੱਥ ਵਿਚ ਫੜੇ ਪਿਸਤੌਲ ਦਾ ਮੁੱਠਾ ਕਈ ਵਾਰ ਉਸ ਦੀ ਪੁੜਪੁੜੀ ਵਿਚ ਮਾਰਿਆ ਤੇ ਫਿਰ ਸੱਜੇ ਹੱਥ ਵਾਲਾ ਪਿਸਤੌਲ ਸੁੱਟ ਕੇ, ਖੱਬੇ ਹੱਥ ਵਾਲੇ (ਦੂਸਰੇ) ਪਿਸਤੌਲ ਨੂੰ ਫੁਰਤੀ ਨਾਲ ਸੱਜੇ ਹੱਥ 'ਚ ਲੈ ਕੇ ਹਾਪਕਿਨਸਨ ਦੀ ਛਾਤੀ ਵਿਚ ਹੋਰ ਗੋਲੀਆਂ ਲੰਘਾ ਦਿੱਤੀਆਂ।

**ਬਾਕੀ ਸਫ਼ਾ 32 'ਤੇ**

## ਭਾਈ ਮੇਵਾ ਸਿੰਘ ਦਾ ਨਿਧੜਕ ਬਿਆਨ

'ਮੇਰਾ ਨਾਮ ਮੇਵਾ ਸਿੰਘ ਹੈ। ਮੈਂ ਹਾਪਕਿਨਸਨ ਨੂੰ ਮਾਰਿਆ ਹੈ। ਮੈਂ ਇਹ ਇਕ ਸ਼ੁਭ ਕਾਰਜ ਕੀਤਾ ਹੈ। ਮੈਂ ਅੱਜ ਤਕ ਰੱਬ ਤੋਂ ਡਰਨ ਵਾਲਾ, ਉਸ ਦੀ ਬੰਦਗੀ ਵਿਚ ਲੀਨ ਰਹਿਣ ਵਾਲਾ ਬੰਦਾ ਹਾਂ। ਵੈਨਕੂਵਰ ਅੰਦਰ ਮੇਰੇ ਨਾਲ ਜੋ ਧੱਕੇ ਅਤੇ ਅਪਮਾਨਜਨਕ ਗੱਲਾਂ ਹੋਈਆਂ ਹਨ, ਉਸ ਦੀ ਪੀੜਾ ਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ। ਅਸੀਂ ਸਿੱਖ ਲੋਕ ਜਦੋਂ ਗੁਰਦੁਆਰੇ ਜਾਂਦੇ ਹਾਂ ਸਾਡਾ ਮਕਸਦ ਕੇਵਲ ਭਜਨ ਬੰਦਗੀ ਕਰਨਾ ਹੁੰਦਾ ਹੈ। ਪਰ ਉਹ ਕਪਟੀ ਲੋਕ ਗੁਰਦੁਆਰੇ ਸਾਡੀਆਂ ਜੜ੍ਹਾਂ ਵੱਢਣ ਦੇ ਇਰਾਦੇ ਨਾਲ ਆਉਂਦੇ ਹਨ। ਉਨ੍ਹਾਂ ਗੁਰਦੁਆਰੇ ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ।

ਕੁਝ ਦਿਨ ਹੋਏ ਬੇਲਾ ਸਿੰਘ ਨੇ ਗੁਰਦੁਆਰੇ ਅੰਦਰ ਗੋਲੀ ਚਲਾਈ ਸੀ। ਪੁਲਿਸ ਨੇ ਮੈਨੂੰ ਫੜ ਲਿਆ ਤੇ ਕਿਹਾ ਕਿ ਤੂੰ ਵੀ ਗੋਲੀ ਚਲਾਈ ਹੈ। ਜਦੋਂ ਪੁਲਿਸ ਵਾਲਿਆਂ ਬੇਲਾਂ ਸਿੰਘ ਨੂੰ ਫੜਿਆ ਤਾਂ ਉਸ ਦਾ ਜਵਾਬ ਸੀ, 'ਮੈਂ ਕਿਸ ਵਾਸਤੇ ਗੁਰਦੁਆਰੇ ਅੰਦਰ ਗੋਲੀ ਚਲਾਉਣੀ ਸੀ।' ਮਿਸਟਰ ਰੇਅਡ ਤੇ ਹਾਪਕਿਨਸਨ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਗੋਲੀ ਨਹੀਂ ਚਲਾਈ।

ਜਦੋਂ ਬੇਲਾ ਸਿੰਘ ਨੇ ਗੋਲੀ ਚਲਾਈ ਸੀ ਅਸੀਂ ਸ਼ਬਦ ਕੀਰਤਨ ਕਰ ਰਹੇ ਸਾਂ। ਗੋਲੀ ਦਾ ਨਿਸ਼ਾਨਾ ਬਣੇ ਭਾਈ ਭਾਗ ਸਿੰਘ ਦੀ ਪਤਨੀ ਮਰ ਚੁੱਕੀ ਹੈ। ਉਸ ਦੇ ਕੇਵਲ ਦੋ ਛੋਟੇ ਛੋਟੇ ਬੱਚੇ ਹਨ। ਉਨ੍ਹਾਂ ਮਾਸੂਮਾਂ ਨੂੰ ਦੇਖ ਕੇ ਮੇਰਾ ਕਾਲਜਾ ਫਟ ਗਿਆ। ਜਦ ਮੈਨੂੰ ਪਿਸਤੌਲ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਤਾਂ ਮੈਨੂੰ ਰੇਅਡ, ਹਾਪਕਿਨਸਨ ਤੇ ਬੇਲਾ ਸਿੰਘ ਨੇ ਆਖਿਆ ਕਿ ਤੈਨੂੰ ਬਰੀ ਕਰਵਾ ਦੇਵਾਂਗੇ, ਜੇ ਤੂੰ ਇਹ ਬਿਆਨ ਦੇਵੇਂ ਕਿ ਉਹ ਪਿਸਤੌਲ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਹਰਨਾਮ ਸਿੰਘ ਦੀ ਵਰਤੋਂ ਵਾਸਤੇ ਸਨ ਤੇ ਉਨ੍ਹਾਂ ਇਹ ਹਸਨ ਰਹੀਮ ਪਾਸ ਰੱਖਣ ਵਾਸਤੇ ਆਖਿਆ ਹੋਇਆ ਸੀ।

ਮੈਂ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਮੈਂ ਇਹ ਕੰਮ ਨਹੀਂ ਕਰਨਾ ਕਿਉਂਕਿ ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ। ਬੇਲਾ ਸਿੰਘ ਨੇ ਆਖਿਆ ਕਿ ਹਾਪਕਿਨਸਨ ਨੂੰ ਕੁਝ ਡਾਲਰ ਦੇ ਦੇ ਤੇ ਉਹ ਸਭ ਕੁਝ ਠੀਕ ਕਰ ਦੇਵੇਗਾ। ਮੈਂ ਕਿਹਾ, 'ਤੁਸੀਂ ਡਾਲਰ ਲੈਣੇ ਹਨ ਤਾਂ ਲੈ ਲਓ ਪਰ ਮੈਂ ਕਦਾਚਿਤ ਝੂਠ ਨਹੀਂ ਬੋਲਣਾ।' ਜਦੋਂ ਮੈਂ ਇਹ ਉੱਤਰ ਦਿੱਤਾ ਤਾਂ ਹਾਪਕਿਨਸਨ ਵੀ ਉਥੇ ਹੀ ਸੀ।

ਮੇਰਾ ਧਰਮ ਕਿਸੇ ਨਾਲ ਵੈਰ ਕਰਨਾ ਨਹੀਂ ਸਿਖਾਉਂਦਾ, ਨਾ ਹੀ ਮੇਰੀ ਹਾਪਕਿਨਸਨ ਨਾਲ ਕੋਈ ਦੁਸ਼ਮਣੀ ਹੈ। ਉਹ ਗ਼ਰੀਬ ਲੋਕਾਂ ਨੂੰ ਬਹੁਤ ਦਬਾਉਂਦਾ ਲਤਾੜਦਾ ਹੈ। ਮੈਂ ਇਕ ਸੱਚੇ ਸਿੱਖ ਹੋਣ ਦੇ ਨਾਤੇ ਮੈਂ ਹੁਣ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਮੇਰੇ ਦੇਸ਼ ਵਾਸੀਆਂ ਅਥਵਾ ਕੈਨੇਡਾ ਦੀਆਂ ਅਰਧ ਬਸਤੀ ਨਾਲ ਇਹ ਭੈੜਾ ਵਰਤਾਰਾ ਹੋਵੇ। ਇਸ ਸੋਚ ਅਧੀਨ ਮੈਂ ਹਾਪਕਿਨਸਨ ਦੀ ਜਾਨ ਲਈ ਹੈ ਅਤੇ ਨਾਲ ਹੀ ਆਪਣੀ ਜਾਨ ਦੀ ਬਾਜ਼ੀ ਲਾਈ ਹੈ ਅਤੇ ਮੈਂ ਇਕ ਸੱਚੇ ਸਿੱਖ ਦੇ ਫਰਜ਼ ਨਿਭਾਉਂਦਿਆਂ ਹੋਇਆਂ, ਵਾਹਿਗੁਰੂ ਦਾ ਨਾਮ ਜਪਦਾ ਫਾਂਸੀ ਦੇ ਤਖ਼ਤੇ ਵੱਲ ਉਸੀ ਖਿੱਚ ਤੇ ਚਾਉ ਨਾਲ ਜਾਵਾਂਗਾ ਜਿਵੇਂ ਇਕ ਭੁੱਖਾ ਬਾਲਕ ਆਪਣੀ ਮਾਂ ਵੱਲ ਨੂੰ ਜਾਂਦਾ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਵਾਹਿਗੁਰੂ ਮੈਨੂੰ ਆਪਣੇ ਚਰਨ ਕੰਵਲਾਂ ਵਿਚ ਨਿਵਾਸ ਦੇਵੇਗਾ।

ਪੁਲਿਸ ਸਾਡੇ ਨਾਲ ਹਰ ਵੇਲੇ ਧੱਕਾ ਕਰਨ ਦਾ ਮੌਕਾ ਭਾਲਦੀ ਰਹਿੰਦੀ ਹੈ ਅਤੇ ਜਦੋਂ ਸਾਡੇ ਮੁਕੱਦਮੇ ਕਚਹਿਰੀ ਵਿਚ ਜਾਂਦੇ ਹਨ ਤਾਂ ਜੱਜਾਂ ਨੇ ਪਹਿਲਾਂ ਹੀ ਸਾਡੇ ਵਿਰੁੱਧ ਫੈਸਲਾ ਤਿਆਰ ਕੀਤਾ ਹੁੰਦਾ ਹੈ। ਇਹ ਕਿਧਰ ਦਾ ਇਨਸਾਫ਼ ਹੈ ਕਿ ਜੱਜ ਹਮੇਸ਼ਾ ਪੁਲਿਸ ਦਾ ਹੀ ਪੱਖ ਪੂਰਨ। ਸਾਡੇ ਵਿਰੁੱਧ ਤੁਅੱਸਬਾਂ ਨਾਲ ਭਰੇ ਮਨਾਂ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ ਹੋ ਸਕਦੀ।

ਜਦੋਂ ਪੁਲਿਸ ਤੇ ਪ੍ਰਸ਼ਾਸਨ ਸਾਡੇ ਨਾਲ ਬੇਇਨਸਾਫ਼ੀਆਂ ਤੇ ਧੱਕਾ ਕਰਨ ਲਈ ਇਕਜੁੱਟ ਹੋ ਜਾਣ ਤਾਂ ਕਿਸੇ ਨਾ ਕਿਸੇ ਨੂੰ ਇਸ ਵਿਰੁੱਧ ਹਿੱਕ ਠੋਕ ਕੇ ਖੜ੍ਹੇ ਹੋਣਾ ਚਾਹੀਦਾ ਹੈ। ਸੋ ਮੈਂ ਥਾਪੀ ਮਾਰ ਕੇ ਉੱਠ ਖੜੋਇਆ ਹਾਂ। ਇਸ ਬੇਇਨਸਾਫ਼ੀ ਦੀ ਕੰਧ ਉਤੇ ਕਰਾਰੀ ਸੱਟ ਮਾਰਨ ਲਈ ਮੈਂ ਬਲ ਧਾਰਿਆ ਹੈ।

ਅਸੀਂ ਜਿਹੜੇ ਇਥੇ ਅਜਨਬੀ ਹਾਂ, ਅਸੀਂ ਜਿਹੜੇ ਆਪਣੇ ਘਰ ਦੇ ਮਾਲਕ ਨਹੀਂ ਹਾਂ, ਸਮਾ ਸਾਥੋਂ ਬਲੀਦਾਨ ਦੀ ਮੰਗ ਕਰਦਾ ਹੈ।

'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।'

ਸਤਿਗੁਰੂ ਨੇ ਕਿਹਾ ਸੀ 'ਜਿਥੇ ਵੀ ਹੋਵੇ ਰੱਬੀ ਕਾਨੂੰਨਾਂ ਦੀ ਪਾਲਣਾ ਤੇ ਪਸਾਰ ਕਰੋ, ਅਤਿਆਚਾਰ ਅਤੇ ਅਤਿਆਚਾਰੀਆਂ ਦਾ ਖਾਤਮਾ ਕਰੋ।'

ਹਾਪਕਿਨਸਨ ਬੇਲੇ, ਬਾਬੂ ਤੇ ਗੰਗਾ ਰਾਮ ਰਾਹੀਂ ਰਿਸ਼ਵਤਾਂ ਬਟੋਰਦਾ ਹੈ ਅਤੇ ਜਿਹੜਾ ਪੈਸਾ ਨਾ ਦੇਵੇ ਉਹ ਹਾਪਕਿਨਸਨ ਦੇ ਗੁੱਸੇ ਦਾ ਨਿਸ਼ਾਨਾ ਬਣਦਾ ਹੈ। ਬੇਲਾ ਉਨ੍ਹਾਂ ਸਾਰਿਆਂ ਵਿਚੋਂ ਨੀਚ ਬੰਦਾ ਹੈ।

ਜਿਹੜਾ ਆਦਮੀ ਅਤਿਆਚਾਰ ਵਿਰੁੱਧ ਲੜਨ ਦਾ ਹੌਂਸਲਾ ਨਹੀਂ ਕਰਦਾ, ਉਹ ਜਿਉਂਦਾ ਹੀ ਮਰਿਆ ਹੁੰਦਾ ਹੈ।

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਇਆ





**ਚੰਡੀਗੜ੍ਹ/ਬਿਊਰੋ ਨਿਊਜ਼:** ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸੈਕਟਰ 28 ਏ, ਚੰਡੀਗੜ੍ਹ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਭਾਈ ਡਿੰਪਲ ਸਿੰਘ ਸਮਾਉਂ, ਭਾਈ ਸੁਰਜੀਤ ਸਿੰਘ ਦੇ ਕੀਰਤਨੀ ਜਥਿਆਂ ਅਤੇ ਭਾਈ ਰਾਜਿੰਦਰ ਸਿੰਘ ਸਭਰਾ ਦੇ ਕਵੀਸ਼ਰੀ ਜਥੇ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ, ਸਿਧਾਂਤ, ਇਤਿਹਾਸ ਅਤੇ ਉਨ੍ਹਾਂ ਵਲੋਂ ਰਚਿਤ ਬਾਣੀ ਸਬੰਧੀ ਹਾਜ਼ਰ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ। ਪੰਥ ਦੇ ਪ੍ਰਸਿੱਧ ਪ੍ਰਚਾਰਕ ਗਿਆਨੀ ਬਗੀਚਾ ਸਿੰਘ ਨੇ ਬੋਲਦਿਆਂ ਕਿਹਾ ਕਿ ਸਿੱਖ ਸਮਾਜ ਵਿਚ ਆ ਰਹੇ ਨਿਘਾਰ ਦਾ ਮੁੱਖ ਕਾਰਨ ਸਿੱਖ ਦਾ ਵਿਅਕਤੀਗਤ ਤੌਰ 'ਤੇ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਅਮਲ ਨਾਲੋਂ ਟੁੱਟ ਜਾਣਾ ਹੈ। ਪੰਥ ਦੀਆਂ ਪ੍ਰਸਿੱਧ ਸੰਸਥਾਵਾਂ ਅਤੇ ਹਸਤੀਆਂ ਪੰਥਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰਥ ਰਹੀਆਂ ਹਨ ਜਿਸ ਕਾਰਨ ਅਸੀਂ ਆਪਣੇ ਹੀ ਕੌਮੀ ਦਿਹਾੜਿਆਂ ਸਬੰਧੀ ਦੁਬਿਧਾ ਵਾਲੀ ਦਲਦਲ ਵਿਚ ਫਸੇ ਹੋਏ ਹਾਂ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਿਆ। ਇਸ ਮੌਕੇ ਕੇਸ ਸੰਭਾਲ ਪ੍ਰਚਾਰ ਸੰਸਥਾ ਦੇ ਮੁਖ ਸੇਵਾਦਾਰ ਭਾਈ ਸੁਰਿੰਦਰਜੀਤ ਸਿੰਘ ਪਾਲ ਦਿੱਲੀ, ਸੰਸਾਰ ਸਿੱਖ ਸੰਗਠਨ ਦੇ ਸਕੱਤਰ ਜਨਰਲ, ਜਨਰਲ ਕਰਤਾਰ ਸਿੰਘ ਗਿੱਲ, ਗਲੋਬਲ ਸਿੱਖ ਕੌਂਸਲ ਦੇ ਕਾਰਜਕਾਰੀ ਮੈਂਬਰ ਗੁਰਪ੍ਰੀਤ ਸਿੰਘ, ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਅਤੇ ਸਾਬਕਾ ਆਈ ਏ ਐਸ ਅਫਸਰ ਗੁਰਦੇਵ ਸਿੰਘ ਬਰਾੜ, ਸੰਸਾਰ ਸਿੱਖ ਸੰਗਠਨ ਦੇ ਕਰਨਲ ਜਗਤਾਰ ਸਿੰਘ ਮੁਲਤਾਨੀ, ਸਾਬਕਾ ਚੀਫ ਇੰਜੀਨੀਅਰ ਜਗਦੇਵ ਸਿੰਘ ਸੋਢੀ, ਗੁਰਿੰਦਰ ਸਿੰਘ ਸੋਢੀ, ਡਾ. ਆਦਰਸ਼ ਕੌਰ, ਪ੍ਰਿੰਸੀਪਲ ਗੁਰਦੀਪ ਸਿੰਘ, ਨਿਊਜ਼ੀਲੈਂਡ ਤੋਂ ਪਹੁੰਚੇ ਰਮਨ ਟਿਵਾਣਾ, ਇਕਰੂਪ ਟਿਵਾਣਾ ਅਤੇ ਪਰਿਵਾਰ ਨੇ ਗੁਰੂ ਦਰਬਾਰ 'ਚ ਹਾਜ਼ਰੀ ਭਰੀ। ਸਿੰਘ ਸਭਾ ਦੇ ਜਨਰਲ ਸਕੱਤਰ ਭਾਈ ਖ਼ੁਸ਼ਹਾਲ ਸਿੰਘ ਨੇ ਪ੍ਰਕਾਸ਼ ਦਿਹਾੜੇ ਉਤੇ ਪਹੁੰਚੀਆਂ ਪ੍ਰਸਿੱਧ ਪੰਥਕ ਸ਼ਖ਼ਸ਼ੀਅਤਾਂ, ਪ੍ਰਚਾਰਕਾਂ, ਵਿਦਿਆਰਥੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਬਹੁ ਗਿਣਤੀ ਪੰਥਕ ਸੰਗਤਾਂ ਦੇ ਫੈਸਲੇ ਨੂੰ ਸਿਰ ਮੱਥੇ ਮੰਨਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਪੱਕੇ ਤੌਰ 'ਤੇ ਨਿਰਧਾਰਤ ਕੀਤੀ ਤਾਰੀਖ 5 ਜਨਵਰੀ ਨੂੰ ਹਾਜ਼ਰੀ ਭਰੀ।

## ਹਨੇਰੇ ਅਨਸਰਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਈ 'ਰੌਸ਼ਨਰੂਹ'

*ਸਫ਼ਾ ਇਕ ਦੀ ਬਾਕੀ*

ਇੰਦਰਪ੍ਰੀਤ ਸਿੰਘ ਨੇ ਇਕ ਲੰਮਾ ਖ਼ੁਦਕੁਸ਼ੀ ਨੋਟ ਛੱਡਿਆ ਹੈ ਪਰ ਪੁਲੀਸ ਨੇ ਇਸ ਬਾਰੇ ਕੋਈ ਖੁਲਾਸਾ ਨਹੀਂ ਕੀਤਾ।

ਜਾਣਕਾਰੀ ਅਨੁਸਾਰ ਇੰਦਰਪ੍ਰੀਤ ਸਿੰਘ ਆਪਣੇ ਡਰਾਈਵਰ ਰਾਜ ਕੁਮਾਰ ਨਾਲ ਅਜਨਾਲਾ ਰੋਡ 'ਤੇ ਕਿਸੇ ਡਾਕਟਰ ਨੂੰ ਮਿਲਣ ਗਿਆ ਸੀ। ਉਥੇ ਪਹੁੰਚ ਕੇ ਉਸ ਨੇ ਡਰਾਈਵਰ ਨੂੰ ਕਿਹਾ ਕਿ ਉਹ ਪਤਾ ਕਰਕੇ ਆਵੇ ਕਿ ਡਾਕਟਰ ਹੈ ਜਾਂ ਨਹੀਂ। ਪਰ ਡਾਕਟਰ ਘਰ ਨਹੀਂ ਸੀ। ਇਸੇ ਦੌਰਾਨ ਇੰਦਰਪ੍ਰੀਤ ਸਿੰਘ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਡਰਾਈਵਰ ਉਸ ਨੂੰ ਨੇੜਲੇ ਪ੍ਰਾਈਵੇਟ ਹਸਪਤਾਲ ਲੈ ਕੇ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇੰਦਰਪ੍ਰੀਤ ਸਿੰਘ ਚੱਢਾ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਸਾਬਕਾ ਮੀਤ ਪ੍ਰਧਾਨ ਸਨ। ਸਕੂਲ ਪ੍ਰਿੰਸੀਪਲ ਵੱਲੋਂ ਚਾਰ ਦਿਨ ਪਹਿਲਾਂ ਉਸ ਦੇ ਪਿਤਾ ਖ਼ਿਲਾਫ਼ ਦਰਜ ਕਰਾਏ ਕੇਸ ਵਿੱਚ ਉਸ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਇੰਦਰਪ੍ਰੀਤ 'ਤੇ ਧਮਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਚਰਨਜੀਤ ਸਿੰਘ ਚੱਢਾ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਤਰਾਜ਼ਯੋਗ ਵੀਡੀਓ ਬਾਅਦ ਸਕੂਲ ਪ੍ਰਿੰਸੀਪਲ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਈ ਸੀ। ਇਸ ਘਟਨਾਕ੍ਰਮ ਬਾਅਦ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਚਰਨਜੀਤ ਚੱਢਾ ਅਤੇ ਇੰਦਰਪ੍ਰੀਤ ਚੱਢਾ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਸੀ ਅਤੇ ਉਨ੍ਹਾਂ ਦੀ ਸੁਸਾਇਟੀ ਦੀ ਮੈਂਬਰਸ਼ਿਪ ਵੀ ਖ਼ਤਮ ਕਰ ਦਿੱਤੀ ਸੀ। ਇੰਦਰਪ੍ਰੀਤ ਸਿੰਘ ਨੂੰ ਸਥਾਨਕ ਅਦਾਲਤ ਵੱਲੋਂ ਇਸ ਆਧਾਰ 'ਤੇ ਜ਼ਮਾਨਤ ਦਿੱਤੀ ਗਈ ਸੀ ਕਿ ਉਹ ਪੁਲੀਸ ਵੱਲੋਂ ਕੀਤੀ ਜਾਣ ਵਾਲੀ ਪੜਤਾਲ ਵਿੱਚ ਪੂਰਾ ਸਹਿਯੋਗ ਦੇਵੇਗਾ। ਪੁਲੀਸ ਕਮਿਸ਼ਨਰ ਵੱਲੋਂ ਏਡੀਸੀਪੀ ਹਰਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਬਣਾਈ ਜਾਂਚ ਕਮੇਟੀ ਅੱਗੇ ਉਹ ਪੇਸ਼ ਹੋਇਆ ਸੀ। ਉਸ ਨੇ ਜਾਂਚ ਟੀਮ ਨੂੰ ਦੱਸਿਆ ਸੀ ਕਿ ਉਸ ਦਾ ਆਪਣੇ ਪਿਤਾ ਦੀ ਵੀਡੀਓ ਕਲਿੱਪ ਤੇ ਫੋਨ ਕਾਲਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਤੇ ਉਸ ਨੂੰ ਇਸ ਮਾਮਲੇ ਵਿੱਚ ਨਾਜਾਇਜ਼ ਫਸਾਇਆ ਜਾ ਰਿਹਾ ਹੈ। ਚੱਢਾ ਪਰਿਵਾਰ ਦੇ ਨੇੜਲਿਆਂ ਨੇ ਦੱਸਿਆ ਕਿ ਇੰਦਰਪ੍ਰੀਤ ਸਿੰਘ ਨੇ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਬਾਅਦ ਆਪਣੇ ਪਿਤਾ ਨੂੰ ਕਿਹਾ ਸੀ ਕਿ ਉਹ ਚੀਫ ਖਾਲਸਾ ਦੀਵਾਨ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਵੇ। ਉਨ੍ਹਾਂ ਕਿਹਾ ਕਿ ਇੰਦਰਪ੍ਰੀਤ ਸਿੰਘ ਕਿਸੇ ਹੋਰ ਗੱਲੋਂ ਤਣਾਅ ਵਿੱਚ ਸੀ।

### ਇਕ ਚਿੱਠੀ ਆਈ ਸਾਹਮਣੇ

ਇੰਦਰਪ੍ਰੀਤ ਸਿੰਘ ਚੱਢਾ ਵੱਲੋਂ ਆਪਣੇ ਇਕ ਮਿੱਤਰ ਪੀਟਰ ਨੂੰ ਲਿਖਿਆ ਸ਼ੁਕਰਵਾਰ ਨੂੰ ਸਾਹਮਣੇ ਆਇਆ। ਦੋ ਸਫ਼ਿਆਂ ਦੇ ਪੱਤਰ ਵਿੱਚ ਚੱਢਾ ਨੇ ਆਪਣੇ ਮਿੱਤਰ ਨੂੰ ਲਿਖਿਆ ਕਿ ਉਸ ਦੀ ਵਾਪਸੀ ਦਾ ਸਮਾਂ ਆ ਗਿਆ ਹੈ। ਕੁਝ ਲੋਕਾਂ ਨੇ ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਸਨਮਾਨ ਨੂੰ ਲੁੱਟ ਲਿਆ ਹੈ। ਇਨ੍ਹਾਂ ਲੋਕਾਂ ਵਿੱਚ ਉਸ ਦਾ ਭਰਾ ਵੀ ਸ਼ਾਮਲ ਹੈ। ਇਸ ਪੱਤਰ ਵਿੱਚ ਵੀ ਕਈ ਨਾਂ ਸ਼ਾਮਲ ਹਨ, ਜਿਨ੍ਹਾਂ ਖ਼ਿਲਾਫ਼ ਕੇਸ ਵੀ ਦਰਜ ਹੋ ਚੁੱਕਾ ਹੈ। ਉਸ ਨੇ ਆਪਣੇ ਦੋਸਤ ਨੂੰ ਕਿਹਾ ਕਿ ਉਹ ਉਸ ਨੂੰ ਇਨਸਾਫ਼ ਦਿਵਾਏ ਅਤੇ ਮਗਰੋਂ ਉਸ ਦੇ ਪਰਿਵਾਰ ਨੂੰ ਬਚਾਉਣ ਲਈ ਮਦਦ ਕਰੇ।

## ਬਾਬਾ ਇੰਦਰਪ੍ਰੀਤ ਸਿੰਘ ਚੱਢਾ ਦੇ ਜਾਣ ਨਾਲ ਪੀਜੀਆਈ ਦੇ ਸੈਂਕੜੇ ਮਰੀਜ਼ ਹੋਏ ਬੇਸਹਾਰਾ

ਅਤੇ ਇਲਾਜ ਦੇ ਖਰਚੇ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਾਂ ਦੇ ਪਾਲਣ ਪੋਸ਼ਣ ਦਾ ਖਰਚਾ ਵੀ ਕਰਦੇ ਸਨ। ਉਹ ਬਾਬਾ ਜੀ ਵਜੋਂ ਸਭਨਾਂ ਦੇ ਸਤਿਕਾਰ ਦੇ ਪਾਤਰ ਸਨ ਪੀ ਜੀ ਆਈ ਦੇ ਮਰੀਜ਼ਾਂ ਨੇ ਦਸਿਆ ਕਿ ਬਾਬਾ ਜੀ ਉਨ੍ਹਾਂ ਨੂੰ ਦਵਾਈਆਂ ਦੇ ਖਰਚੇ ਤੋਂ ਇਲਾਵਾ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਵੀ ਕਰਦੇ ਸਨ। ਟੀ ਵੀ ਰਿਪੋਰਟ ਮੁਤਾਬਿਕ ਇੰਦਰਪ੍ਰੀਤ ਸਿੰਘ ਚੱਢਾ ਪ੍ਰਤੀ ਮਰੀਜ਼ 5000 ਰੁਪਏ ਤੋਂ ਲੈ ਕੇ 15000 ਰੁਪਏ ਤੱਕ ਮਹੀਨੇ ਦਾ ਖਰਚਾ ਦਿੰਦੇ ਸਨ।

ਟੈਲੀਵਿਜ਼ਨ ਵਿਚ ਮਰੀਜ਼ ਅਤੇ ਉਨ੍ਹਾਂ ਦੇ ਵਾਰਿਸ ਰੋ ਰੋ ਕੇ ਦੱਸ ਰਹੇ ਸਨ ਕਿ ਉਨ੍ਹਾਂ ਦੇ ਜੀਵਨ ਦਾ ਸਹਾਰਾ ਚਲਾ ਗਿਆ ਅਤੇ ਉਹ ਖੁਦ ਯਤੀਮ ਮਹਿਸੂਸ ਕਰਦੇ ਹਨ। ਇਕ ਮਰੀਜ਼ ਨੇ ਦਸਿਆ ਕਿ ਉਹ ਉਸ ਦਾ ਇਲਾਜ ਤੋਂ ਇਲਾਵਾ ਉਸ ਦੀ ਪਤਨੀ ਨੂੰ 1000 ਰੁਪਏ ਮਹੀਨਾ ਖਰਚੇ ਲਈ ਵੀ ਦਿੰਦੇ ਸਨ। ਇਸ ਤੋਂ ਇਲਾਵਾ ਉਹ ਆਂਗਣਵਾੜੀ ਕੇਂਦਰ ਅਤੇ ਸਕੂਲ ਚਲਾ ਰਹੇ ਸਨ। ਉਹ ਹਰ ਬੱਚੇ ਨੂੰ 300 ਰੁਪਏ ਮਹੀਨਾ ਮਾਲੀ ਸਹਾਇਤਾ ਦਿੰਦੇ ਸਨ।

ਇਹ ਸਾਰੇ ਮਰੀਜ਼ ਇੰਦਰਜੀਤ ਸਿੰਘ ਚੱਢਾ ਨੂੰ ਬਾਬਾ ਕਹਿ ਕੇ ਬੁਲਾਉਂਦੇ ਸਨ। ਇਨ੍ਹਾਂ 'ਚ ਪੰਜਾਬ ਤੋਂ ਇਲਾਵਾ ਹੋਰ ਕਈ ਰਾਜਾਂ ਦੇ ਮਰੀਜ਼ ਸ਼ਾਮਲ ਹਨ ਜੋ ਪੀ ਜੀ ਆਈ ਚੰਡੀਗੜ੍ਹ 'ਚ ਇਲਾਜ ਕਰਵਾ ਰਹੇ ਹਨ।

# ਇੰਦਰਪ੍ਰੀਤ ਸਿੰਘ ਚੱਢਾ ਦੀ ਖ਼ੁਦਕੁਸ਼ੀ ਸਬੰਧੀ 11 ਵਿਅਕਤੀਆਂ ਵਿਰੁਧ ਪੁਲੀਸ ਕੇਸ ਦਰਜ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇੰਦਰਪ੍ਰੀਤ ਸਿੰਘ ਚੱਢਾ ਖ਼ੁਦਕੁਸ਼ੀ ਮਾਮਲੇ ਵਿੱਚ ਪੁਲੀਸ ਨੇ ਦੋ ਔਰਤਾਂ ਸਮੇਤ 11 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ ਦੋ ਔਰਤਾਂ ਵਿੱਚ ਇਤਰਾਜ਼ਯੋਗ ਵੀਡਿਓ ਮਾਮਲੇ ਵਿੱਚ ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਅਤੇ ਇੰਦਰਪ੍ਰੀਤ ਸਿੰਘ ਚੱਢਾ ਖ਼ਿਲਾਫ਼ ਕੇਸ ਦਰਜ ਕਰਵਾਉਣ ਵਾਲੀ ਔਰਤ ਵੀ ਸ਼ਾਮਲ ਹੈ। ਜਾਣਕਾਰੀ ਮੁਤਾਬਕ ਪੁਲੀਸ ਕੇਸ ਮ੍ਰਿਤਕ ਦੇ ਬੇਟੇ ਪ੍ਰਭਪ੍ਰੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 306 ਤੇ 120 ਬੀ ਤਹਿਤ ਦਰਜ ਕੀਤਾ ਗਿਆ ਹੈ। ਨਾਮਜ਼ਦ ਮੁਲਜ਼ਮਾਂ ਵਿੱਚ ਸੁਰਜੀਤ ਸਿੰਘ, ਉਮਤ, ਕੁਲਜੀਤ ਕੌਰ, ਮਾਨਿਆ, ਦਵਿੰਦਰ ਸੰਧੂ (ਡਬਲਯੂ ਡਬਲਯੂ ਆਈ ਸੀ ਐਸ), ਇੰਦਰਪ੍ਰੀਤ ਸਿੰਘ ਅਨੰਦ, ਗੁਰਸੇਵਕ ਸਿੰਘ, ਹਰੀ ਸਿੰਘ ਸੰਧੂ, ਭਾਗ ਸਿੰਘ ਅਣਖੀ, ਨਿਰਮਲ ਸਿੰਘ ਅਤੇ ਰਵਿੰਦਰ ਕੌਰ ਸ਼ਾਮਲ ਹਨ। ਆਪਣੀ ਸ਼ਿਕਾਇਤ ਵਿੱਚ ਪ੍ਰਭਦੀਪ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਦੋ ਵਜੇ ਉਸ ਦੀ ਮਾਂ ਨੇ ਜਾਣਕਾਰੀ ਦਿੱਤੀ ਸੀ ਕਿ ਉਸ ਦੇ ਪਿਤਾ ਨਾਲ ਕੋਈ ਮੰਦਭਾਗੀ ਘਟਨਾ ਵਾਪਰ ਗਈ ਹੈ ਅਤੇ ਉਹ ਏਅਰਪੋਰਟ ਰੋਡ 'ਤੇ ਇੱਕ ਹਸਪਤਾਲ ਵਿੱਚ ਹਨ। ਉਸ ਨੇ ਦੋਸ਼ ਲਾਇਆ ਕਿ ਉਸ ਦੇ ਪਿਤਾ ਦੀ ਮੌਤ ਲਈ ਨਾਮਜ਼ਦ ਕੀਤੇ ਵਿਅਕਤੀ ਹੀ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਕੁਝ ਹੋਰ ਵਿਅਕਤੀ ਵੀ ਹਨ, ਜਿਨ੍ਹਾਂ ਆਪਸ ਵਿੱਚ ਰਲ ਕੇ ਸਾਜ਼ਿਸ਼ ਕੀਤੀ ਹੈ ਅਤੇ ਅਜਿਹੇ ਹਾਲਾਤ ਬਣਾਏ ਕਿ ਉਸ ਦੇ ਪਿਤਾ ਖ਼ਿਲਾਫ਼ ਝੂਠਾ ਕੇਸ ਦਰਜ ਹੋਇਆ। ਉਸ ਨੇ ਦੋਸ਼ ਲਾਇਆ ਕਿ ਇਨ੍ਹਾਂ ਸਾਰਿਆਂ ਨੇ ਹੀ ਉਨ੍ਹਾਂ ਨੂੰ ਮਰਨ ਲਈ ਮਜਬੂਰ ਕੀਤਾ ਹੈ। ਫਿਲਹਾਲ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪੁਲੀਸ ਵੱਲੋਂ ਇਹ ਕੇਸ ਇੰਦਰਪ੍ਰੀਤ ਸਿੰਘ ਚੱਢਾ ਦੇ ਖ਼ੁਦਕੁਸ਼ੀ ਪੱਤਰਾਂ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ, ਜਿਸ ਵਿੱਚ ਨਾਮਜ਼ਦ ਵਿਅਕਤੀਆਂ ਦੇ ਨਾਵਾਂ ਦਾ ਜ਼ਿਕਰ ਹਨ। ਨਾਮਜ਼ਦ ਵਿਅਕਤੀਆਂ ਵਿੱਚ ਤਿੰਨ ਵਿਅਕਤੀ ਵਿੱਚ ਭਾਗ ਸਿੰਘ ਅਣਖੀ, ਨਿਰਮਲ ਸਿੰਘ ਤੇ ਹਰੀ ਸਿੰਘ ਚੀਫ਼ ਖ਼ਾਲਸਾ ਦੀਵਾਨ ਨਾਲ ਜੁੜੇ ਹੋਏ ਹਨ।

### ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਨਹੀਂ ਕੀਤੀ ਕੋਈ ਕਾਰਵਾਈ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇੰਦਰਪ੍ਰੀਤ ਸਿੰਘ ਚੱਢਾ ਖ਼ੁਦਕੁਸ਼ੀ ਮਾਮਲੇ ਵਿੱਚ ਨਾਮਜ਼ਦ 11 ਵਿਅਕਤੀਆਂ 'ਚੋਂ ਅਜੇ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਇੰਦਰਪ੍ਰੀਤ ਸਿੰਘ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਤੋਂ ਬਾਅਦ ਉਸ ਦੇ ਬੇਟੇ ਦੇ ਬਿਆਨਾਂ 'ਤੇ ਦਰਜ ਕੀਤੇ ਕੇਸ ਵਿੱਚ 11 ਵਿਅਕਤੀਆਂ ਨਾਮਜ਼ਦ ਕੀਤੇ ਗਏ ਸਨ, ਜਿਸ ਵਿੱਚ ਇਤਰਾਜ਼ਯੋਗ ਵੀਡਿਓ ਵਿਚਲੀ ਔਰਤ ਵੀ ਸ਼ਾਮਲ ਸੀ। ਇਸ ਤੋਂ ਇਲਾਵਾ ਚੀਫ਼ ਖਾਲਸਾ ਦੀਵਾਨ ਨਾਲ ਜੁੜੇ 3 ਆਗੂ ਵੀ ਸ਼ਾਮਲ ਹਨ। ਇਹ ਵਿਅਕਤੀ ਰੂਪੋਸ਼ ਹੋ ਗਏ ਹਨ ਤੇ ਆਪੋ-ਆਪਣੀ ਜ਼ਮਾਨਤ ਲਈ ਚਾਰਾਜੋਈ ਕਰ ਰਹੇ ਹਨ। ਦੂਜੇ ਪਾਸੇ, ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਨੇ ਮਾਮਲੇ ਦੀ ਜਾਂਚ ਲਈ ਆਈਜੀ (ਕ੍ਰਾਈਮ) ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ। ਪੁਲੀਸ ਵੱਲੋਂ ਇੰਦਰਪ੍ਰੀਤ ਸਿੰਘ ਚੱਢਾ ਦੇ ਖ਼ੁਦਕੁਸ਼ੀ ਪੱਤਰਾਂ ਦੀ ਫੋਰੈਂਸਿਕ ਜਾਂਚ ਕਰਾਈ ਜਾ ਰਹੀ ਹੈ। ਇਸ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਇੰਦਰਪ੍ਰੀਤ ਚੱਢਾ ਵੱਲੋਂ ਖ਼ੁਦਕੁਸ਼ੀ ਕਰਨ ਦੀ ਮੰਦਭਾਗੀ ਘਟਨਾ ਮਗਰੋਂ ਚੀਫ਼ ਖਾਲਸਾ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਅਤੇ ਜਨਰਲ ਹਾਊਸ ਦੀ ਮੀਟਿੰਗ ਫਿਲਹਾਲ ਰੱਦ ਕਰ ਦਿੱਤੀ ਗਈ ਹੈ। ਕਾਰਜਸਾਧਕ ਕਮੇਟੀ ਦੀ ਮੀਟਿੰਗ 10 ਜਨਵਰੀ ਅਤੇ ਜਨਰਲ ਹਾਊਸ ਦੀ ਮੀਟਿੰਗ 21 ਜਨਵਰੀ ਨੂੰ ਸੱਦੀ ਗਈ ਸੀ। ਇਨ੍ਹਾਂ ਦੋਵਾਂ ਮੀਟਿੰਗਾਂ ਵਿੱਚ ਚੀਫ਼ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਵੱਲੋਂ ਚਰਨਜੀਤ ਚੱਢਾ ਨੂੰ ਪ੍ਰਧਾਨ ਦੇ ਅਹੁਦੇ ਅਤੇ ਇੰਦਰਪ੍ਰੀਤ ਚੱਢਾ ਨੂੰ ਮੀਤ ਪ੍ਰਧਾਨ ਦੇ ਅਹੁਦੇ ਸਮੇਤ ਹੋਰ ਅਹੁਦਿਆਂ ਅਤੇ ਚੀਫ਼ ਖਾਲਸਾ ਦੀਵਾਨ ਦੀ ਮੁਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰਨ ਬਾਰੇ ਕਾਰਵਾਈ ਹੋਣੀ ਸੀ।

# ਦੁਨੀਆਂ ਤੋਂ ਵਿਦਾ ਹੋਣ ਤੋਂ ਪਹਿਲਾਂ ਇੰਦਰਪ੍ਰੀਤ ਸਿੰਘ ਵਲੋਂ ਇਨਸਾਫ਼ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਚਿੱਠੀ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਖ਼ੁਦਕੁਸ਼ੀ ਕਰਨ ਵਾਲੇ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਦੋ ਪੱਤਰ ਲਿਖੇ ਗਏ ਸਨ, ਜਿਨ੍ਹਾਂ 'ਚ ਉਸ ਨੇ ਆਪਣੇ ਪਿਤਾ ਅਤੇ ਉਸ ਨੂੰ ਬਦਨਾਮ ਕਰਨ ਪਿੱਛੇ ਡੂੰਘੀ ਸਾਜ਼ਿਸ਼ ਰਚੇ ਜਾਣ ਦੀ ਗੱਲ ਕਹੀ ਹੈ।

ਇਹ ਦੋਵੇਂ ਪੱਤਰ ਪੁਲੀਸ ਨੂੰ ਇੰਦਰਪ੍ਰੀਤ ਸਿੰਘ ਚੱਢਾ ਦੀ ਕਾਰ ਵਿੱਚੋਂ ਪ੍ਰਾਪਤ ਹੋਏ ਹਨ। ਇਕ ਉਚ ਪੁਲੀਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ ਪੱਤਰ ਉਸ ਦੇ ਬੈਗ ਵਿੱਚ ਸਨ। ਵਿਸ਼ਵ ਦੇ ਨਾਂ ਲਿਖਿਆ ਪੱਤਰ (ਟੂ ਦਿ ਵਰਲਡ) 14 ਸਫਿਆਂ ਦਾ ਹੈ, ਜਿਸ ਉਪਰ ਉਸ ਦੇ ਦਸਤਖ਼ਤ ਨਹੀਂ ਹਨ, ਜਦਕਿ ਮੁੱਖ ਮੰਤਰੀ ਦੇ ਨਾਂ ਲਿਖਿਆ ਪੱਤਰ 4 ਸਫਿਆਂ ਦਾ ਹੈ, ਜਿਸ ਵਿੱਚ ਉਸ ਦੇ ਦਸਤਖ਼ਤ ਵੀ ਹਨ। 14 ਸਫਿਆਂ ਦੇ ਪੱਤਰ ਵਿੱਚ ਉਸ ਨੇ ਲਿਖਿਆ ਹੈ ਕਿ ਉਹ ਵਾਇਰਲ ਹੋਈ ਵੀਡਿਓ ਦੇ ਮਾਮਲੇ ਵਿੱਚ ਬਣਾਈ ਗਈ ਵਿਸ਼ੇਸ਼ ਜਾਂਚ ਕਮੇਟੀ ਕੋਲ ਬੀਤੇ ਦਿਨ ਪੇਸ਼ ਹੋਇਆ ਸੀ, ਪਰ ਉਥੇ ਉਸ ਨੇ ਇਹ ਵੀਡਿਓ ਬਣਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਦੇ ਨਾਂ ਨਹੀਂ ਦੱਸੇ ਸਨ। ਉਸ ਨੇ ਇਸ ਪੱਤਰ ਵਿੱਚ ਕਈ ਵਿਅਕਤੀਆਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ। ਉਸ ਨੇ ਆਪਣੇ ਪੱਤਰ ਵਿੱਚ ਆਪਣੇ ਭਰਾ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਨਾਲ ਜੁੜੇ ਕੁਝ ਵਿਅਕਤੀਆਂ, ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗੁਰਸੇਵਕ ਸਿੰਘ, ਇਕ ਏਡੀਜੀਪੀ ਪੱਧਰ ਦੇ ਅਧਿਕਾਰੀ, ਇੱਕ ਸਾਬਕਾ ਕਾਂਗਰਸੀ ਆਗੂ ਦੇ ਨਾਂ ਦਾ ਜ਼ਿਕਰ ਕੀਤਾ ਹੈ। ਉਸ ਨੇ ਲਿਖਿਆ ਕਿ ਇਸ ਵੀਡਿਓ ਲਈ ਉਸ ਦੇ ਪਿਤਾ ਕੋਲੋਂ ਸਾਢੇ 4 ਕਰੋੜ ਰੁਪਏ ਮੰਗੇ ਗਏ ਸਨ। ਪੈਸੇ ਮੰਗਣ ਵਾਲਿਆਂ ਦੇ ਨਾਂ ਵੀ ਪੱਤਰ ਵਿੱਚ ਸ਼ਾਮਲ ਹਨ। ਆਪਣੇ ਭਰਾ ਬਾਰੇ ਉਸ ਨੇ ਆਖਿਆ ਕਿ ਉਸ ਨੂੰ ਮੇਰੇ ਖ਼ੁਦਕੁਸ਼ੀ ਮਾਮਲੇ ਵਿੱਚ ਨਾਮਜ਼ਦ ਨਾ ਕੀਤਾ ਜਾਵੇ। ਦੂਜੇ ਪੱਤਰ ਵਿੱਚ ਉਸ ਨੇ ਮੁੱਖ ਮੰਤਰੀ ਨੂੰ ਲਿਖਿਆ ਕਿ ਇਸ ਮਾਮਲੇ ਦੀ ਜਾਂਚ ਕਿਸੇ ਵਿਸ਼ੇਸ਼ ਜਾਂਚ ਟੀਮ ਤੋਂ ਕਰਾਈ ਜਾਵੇ ਅਤੇ ਇਸ ਮਾਮਲੇ ਵਿੱਚ ਸ਼ਹਿਰ ਦੇ ਮੌਜੂਦਾ ਕਮਿਸ਼ਨਰ ਤੇ ਇਕ ਡੀਜੀਪੀ ਨੂੰ ਦੂਰ ਰੱਖਿਆ ਜਾਵੇ। ਦੂਜੇ ਪਾਸੇ ਉਸ ਦੇ ਭਰਾ ਹਰਜੀਤ ਸਿੰਘ ਨੇ ਪੱਤਰ ਵਿੱਚ ਉਸ ਖ਼ਿਲਾਫ਼ ਲਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਇੰਦਰਪ੍ਰੀਤ ਸਿੰਘ ਚੱਢਾ ਦਾ ਸਸਕਾਰ ਭਲਕੇ ਹੋਵੇਗਾ।

### ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਕੀਤੀ ਵਿਸ਼ੇਸ਼ ਜਾਂਚ ਦੀ ਮੰਗ

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਭੇਜ ਕੇ ਚੱਢਾ ਮਾਮਲੇ ਦੀ ਜਾਂਚ ਡੀਜੀਪੀ ਪੱਧਰ ਦੇ ਅਧਿਕਾਰੀ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਕੋਲੋਂ ਕਰਾਉਣ ਦੀ ਮੰਗ ਕੀਤੀ। ਜਥੇਬੰਦੀ ਦੇ ਆਗੂ ਸਰਬਜੀਤ ਸਿੰਘ ਵੇਰਕਾ ਵੱਲੋਂ ਭੇਜੇ ਇਸ ਪੱਤਰ ਵਿੱਚ ਉਨ੍ਹਾਂ ਆਖਿਆ ਕਿ ਇੰਦਰਪ੍ਰੀਤ ਸਿੰਘ ਚੱਢਾ ਖ਼ੁਦਕੁਸ਼ੀ ਮਾਮਲੇ ਵਿੱਚ ਪੁਲੀਸ ਵਲੋਂ ਉਸ ਦੇ ਬੇਟੇ ਪ੍ਰਭਪ੍ਰੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਪੁਲੀਸ ਕੇਸ ਦਰਜ ਕੀਤਾ ਗਿਆ ਹੈ, ਜਦੋਂਕਿ ਉਹ ਇਸ ਘਟਨਾ ਸਬੰਧੀ ਤੱਥਾਂ ਨੂੰ ਨਹੀਂ ਜਾਣਦਾ ਤੇ ਐਫਆਈਆਰ ਵਿੱਚ ਦੋ ਖ਼ੁਦਕੁਸ਼ੀ ਨੋਟਾਂ ਬਾਰੇ ਕੁਝ ਵੀ ਜ਼ਿਕਰ ਨਹੀਂ ਕੀਤਾ ਹੈ ਅਤੇ ਜਾਣਬੁੱਝ ਕੇ ਇਨ੍ਹਾਂ ਤੱਥਾਂ ਨੂੰ ਦੂਰ ਰੱਖਿਆ ਹੈ।

## ਅੰਤਿਮ ਅਰਦਾਸ ਮੌਕੇ ਪੁਜਿਆ ਪਿਓ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇੰਦਰਪ੍ਰੀਤ ਸਿੰਘ ਚੱਢਾ ਨਮਿਤ ਅਖੰਡ ਪਾਠ ਦਾ ਭੋਗ ਰਣਜੀਤ ਐਵੀਨਿਊ ਸਥਿਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿੱਚ ਪਿਆ, ਜਿੱਥੇ ਵੱਡੀ ਗਿਣਤੀ ਵਿੱਚ ਸਿਆਸੀ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਇੰਦਰਪ੍ਰੀਤ ਚੱਢਾ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਮ੍ਰਿਤਕ ਇੰਦਰਪ੍ਰੀਤ ਚੱਢਾ ਦੇ ਪਿਤਾ ਚਰਨਜੀਤ ਸਿੰਘ ਚੱਢਾ, ਭਰਾ ਹਰਜੀਤ ਸਿੰਘ ਚੱਢਾ ਤੇ ਹੋਰ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਹਾਜ਼ਰ ਸਨ। ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਏ ਸਿਆਸੀ ਆਗੂਆਂ ਵਿੱਚ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਵਿਧਾਇਕ ਸੁਨੀਲ ਦੱਤੀ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਜੁਗਲ ਕਿਸ਼ੋਰ ਸ਼ਰਮਾ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ ਤੇ ਰਵਿੰਦਰ ਸਿੰਘ ਬ੍ਰਹਮਪੁਰਾ, ਸਾਬਕਾ ਮੇਅਰ ਬਖ਼ਸ਼ੀ ਰਾਮ ਅਰੋੜਾ ਤੇ ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਤੇ ਹੋਰ ਪਤਵੰਤੇ ਹਾਜ਼ਰ ਸਨ।



ਇੰਦਰਪ੍ਰੀਤ ਸਿੰਘ ਨਮਿਤ ਅੰਤਿਮ ਅਰਦਾਸ ਵਿੱਚ ਸ਼ਾਮਲ ਚਰਨਜੀਤ ਸਿੰਘ ਚੱਢਾ ਅਤੇ ਸਿਆਸੀ ਤੇ ਧਾਰਮਿਕ ਆਗੂ।

# ਵੱਖਵਾਦੀਆਂ ਨੇ ਕਸ਼ਮੀਰ 'ਚ ਬਾਰੂਦੀ ਸੁਰੰਗ ਧਮਾਕਾ ਕਰਕੇ ਚਾਰ ਪੁਲੀਸ ਮੁਲਾਜ਼ਮ ਮਾਰੇ





**ਸ੍ਰੀਨਗਰ/ਬਿਊਰੋ ਨਿਊਜ਼,** ਵੱਖਵਾਦੀਆਂ ਵਲੋਂ ਉੱਤਰੀ ਕਸ਼ਮੀਰ ਦੇ ਸੋਪੋਰ ਕਸਬੇ ਦੀ ਮਾਰਕੀਟ 'ਚ ਬਾਰੂਦੀ ਸੁਰੰਗ ਨਾਲ ਕੀਤੇ ਧਮਾਕੇ ਵਿੱਚ ਗਸ਼ਤੀ ਡਿਊਟੀ 'ਤੇ ਤਾਇਨਾਤ ਚਾਰ ਪੁਲੀਸ ਮੁਲਾਜ਼ਮ ਹਲਾਕ ਹੋ ਗਏ। ਸਾਲ 2015 ਤੋਂ ਬਾਅਦ ਕਸ਼ਮੀਰ 'ਚ ਬਾਰੂਦੀ ਸੁਰੰਗ ਨਾਲ ਕੀਤਾ ਗਿਆ ਇਹ ਪਲੇਠਾ ਹਮਲਾ ਹੈ। ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਨੇ ਹਾਲਾਂਕਿ ਹਮਲੇ ਦੀ ਜ਼ਿੰਮੇਵਾਰੀ ਲਈ ਹੈ, ਪਰ ਕਸ਼ਮੀਰ ਪੁਲੀਸ ਨੇ ਫ਼ਿਲਹਾਲ ਦਾਅਵੇ ਦੀ ਪੁਸ਼ਟੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਹੱਤਿਆਵਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਹਿੰਸਾ ਦੇ ਚੱਕਰਵਿਊ' ਨੂੰ ਤੋੜਨ ਲਈ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ। ਪੁਲੀਸ ਮੁਤਾਬਕ ਅਤਿਵਾਦੀਆਂ ਵੱਲੋਂ ਬਾਰੂਦੀ ਸੁਰੰਗ ਇਥੋਂ 50 ਕਿਲੋਮੀਟਰ ਦੂਰ ਉੱਤਰੀ ਕਸ਼ਮੀਰ ਦੇ ਸੋਪੋਰ ਕਸਬੇ ਵਿੱਚ ਛੋਟਾ ਬਾਜ਼ਾਰ ਤੇ ਬੜਾ ਬਾਜ਼ਾਰ ਵਿਚਲੀ ਮਾਰਕੀਟ 'ਚ ਇਕ ਦੁਕਾਨ ਦੇ ਮੋਹਰੇ ਵਿਛਾਈ ਗਈ ਸੀ। ਜਦੋਂ ਧਮਾਕਾ ਹੋਇਆ ਤਾਂ ਮਾਰਕੀਟ ਵੱਖਵਾਦੀਆਂ ਵੱਲੋਂ ਹੜਤਾਲ ਦੇ ਦਿੱਤੇ ਸੱਦੇ ਕਰਕੇ ਬੰਦ ਸੀ। ਧਮਾਕੇ ਕਰਕੇ ਭਾਰਤੀ ਰਿਜ਼ਰਵ ਪੁਲੀਸ ਦੀ ਤੀਜੀ ਬਟਾਲੀਅਨ ਦੇ ਗ਼ਸ਼ਤੀ ਡਿਊਟੀ ਦੇ ਰਹੇ ਚਾਰ ਜਵਾਨ ਹਲਾਕ ਹੋ ਗਏ। ਪੀੜਤਾਂ ਦੀ ਪਛਾਣ ਡੋਡਾ ਵਾਸੀ ਏਐਸਆਈ ਇਰਸ਼ਾਦ ਅਹਿਮਦ, ਬਾਰਾਮੂਲਾ ਦੇ ਰੋਹਾਮਾ ਰਾਫ਼ੀਆਬਾਦ ਵਾਸੀ ਕਾਂਸਟੇਬਲ ਗ਼ੁਲਾਮ ਨਬੀ, ਹੰਦਵਾੜਾ ਦੇ ਵਿਲਗਾਮ ਵਾਸੀ ਕਾਂਸਟੇਬਲ ਪਰਵੇਜ਼ ਅਹਿਮਦ ਤੇ ਕੁਪਵਾੜਾ ਦੇ ਸੋਗਾਮ ਰਹਿੰਦੇ ਕਾਂਸਟੇਬਲ ਮੁਹੰਮਦ ਅਮੀਨ ਵਜੋਂ ਹੋਈ ਹੈ। ਧਮਾਕੇ ਕਰਕੇ ਛੇ ਸੱਤ ਦੁਕਾਨਾਂ ਨੂੰ ਵੀ ਨੁਕਸਾਨ ਪੁੱਜਾ।

ਵਧੀਕ ਡੀਜੀਪੀ ਮੁਨੀਰ ਖ਼ਾਨ ਨੇ ਕਿਹਾ ਕਿ 2015 ਤੋਂ ਬਾਅਦ ਇਹ ਪਹਿਲਾ ਮੌਕਾ ਜਦੋਂ ਕਿਸੇ ਧਮਾਕੇ ਲਈ ਬਾਰੂਦੀ ਸੁਰੰਗ ਵਰਤੀ ਗਈ ਹੈ। ਉਨ੍ਹਾਂ ਕਿਹਾ ਕਿ ਧਮਾਕੇ ਦੇ ਮੱਦੇਨਜ਼ਰ ਸਲਾਮਤੀ ਦਸਤਿਆਂ ਨੂੰ ਨਵੀਂ ਰਣਨੀਤੀ ਘੜਨੀ ਹੋਵੇਗੀ। ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲ੍ਹਾ ਨੇ ਟਵੀਟ ਕਰਕੇ ਫ਼ੌਤ ਹੋਏ ਪੁਲੀਸ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਦਿੱਤੀ ਹੈ। ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਜੀ.ਏ.ਮੀਰ ਨੇ ਹੱਤਿਆਵਾਂ ਦੀ ਨਿਖੇਧੀ ਕਰਦਿਆਂ ਦਾਅਵਾ ਕੀਤਾ ਕਿ ਇਸ ਘਟਨਾ ਨੇ ਮਹਿਬੂਬਾ ਸਰਕਾਰ ਵੱਲੋਂ ਕਸ਼ਮੀਰ 'ਚ ਹਾਲਾਤ ਆਮ ਵਾਂਗ ਹੋਣ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ।

## ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ: ਲੌਂਗੋਵਾਲ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਅਮਰੀਕਾ ਦੇ 96 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਉੱਥੋਂ ਦੇ ਗੁਰਦੁਆਰਿਆਂ ਵਿੱਚ ਭਾਰਤ ਸਰਕਾਰ ਦੇ ਅਧਿਕਾਰੀਆਂ ਦੇ ਦਾਖ਼ਲੇ 'ਤੇ ਲਾਈ ਰੋਕ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰੂ ਘਰ ਦੀ ਮਰਿਆਦਾ ਅਨੁਸਾਰ ਕਿਸੇ ਨੂੰ ਵੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਤੋਂ ਰੋਕਣਾ ਨਹੀਂ ਚਾਹੀਦਾ, ਪਰ ਗੁਰਦੁਆਰਾ ਪ੍ਰਬੰਧਾਂ ਵਿੱਚ ਕਿਸੇ ਦੀ ਦਖ਼ਲਅੰਦਾਜ਼ੀ ਵੀ ਬਰਦਾਸ਼ਤਯੋਗ ਨਹੀਂ ਹੈ। ਤਖ਼ਤ ਕੇਸਗੜ੍ਹ ਸਾਹਿਬ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸੰਸਾਰ ਭਰ ਵਿੱਚ ਜੇਕਰ ਕੋਈ ਵਿਅਕਤੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਲਈ ਗੁਰੂ ਘਰ ਜਾਂਦਾ ਹੈ ਤਾਂ ਮਰਿਆਦਾ ਅਨੁਸਾਰ ਉਸ ਨੂੰ ਰੋਕਿਆ ਨਹੀਂ ਜਾ ਸਕਦਾ ਹੈ। ਜੇਕਰ ਕਿਸੇ ਦਾ ਸਰਕਾਰ, ਵਿਅਕਤੀ ਵਿਸ਼ੇਸ਼ ਜਾਂ ਕਿਸੇ ਸੰਸਥਾ ਨਾਲ ਕੋਈ ਵਿਚਾਰਾਂ ਦਾ ਵਖਰੇਵਾਂ ਹੈ ਜਾਂ ਵਿਵਾਦ ਹੈ ਤਾਂ ਉਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਵਜੋਂ ਨਿਯੁਕਤੀ ਮਗਰੋਂ ਪਿਛਲੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੀਆਂ ਨਿਯੁਕਤੀਆਂ ਦੀ ਘੋਖ ਲਈ ਬਣਾਈ ਕਮੇਟੀ ਵੱਲੋਂ ਅਜੇ ਤੱਕ ਕੋਈ ਰਿਪੋਰਟ ਨਸ਼ਰ ਨਾ ਕਰਨ ਬਾਰੇ ਉਨ੍ਹਾਂ ਕਿਹਾ ਕਿ ਸਬ ਕਮੇਟੀ ਵੱਲੋਂ ਸਾਰੀਆਂ ਨਿਯੁਕਤੀਆਂ ਦੀ ਘੋਖ ਕੀਤੀ ਜਾ ਰਹੀ ਹੈ ਤੇ ਅੱਜ-ਭਲਕ ਕਮੇਟੀ ਦੀ ਬੈਠਕ ਵੀ ਹੈ। ਆਉਂਦੇ ਦਿਨਾਂ ਵਿੱਚ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਬੈਠਕ ਤੋਂ ਪਹਿਲਾਂ ਪਹਿਲਾਂ ਕਮੇਟੀ ਦੀ ਰਿਪੋਰਟ ਆ ਜਾਵੇਗੀ।

## ਤੇਲ ਟੈਂਕਰ ਸਮੁੰਦਰੀ ਜਹਾਜ਼ ਨਾਲ ਟਕਰਾਉਣ ਬਾਅਦ 32 ਵਿਅਕਤੀ ਲਾਪਤਾ



**ਪੇਈਚਿੰਗ/ਬਿਊਰੋ ਨਿਊਜ਼:** ਪੂਰਬੀ ਚੀਨ ਦੇ ਤੱਟ ਉਤੇ ਮਾਲ ਢੋਹਣ ਵਾਲੇ ਸਮੁੰਦਰੀ ਜਹਾਜ਼ ਨਾਲ ਇਰਾਨ ਤੋਂ ਦੱਖਣੀ ਕੋਰੀਆ ਲਈ ਤੇਲ ਲਿਜਾ ਰਹੇ ਟੈਂਕਰ ਦੀ ਟੱਕਰ ਵਿੱਚ 32 ਕ੍ਰਿਊ ਮੈਂਬਰ ਲਾਪਤਾ ਹੋ ਗਏ ਹਨ। ਚੀਨ ਦੇ ਆਵਾਜਾਈ ਮੰਤਰਾਲੇ ਦੇ ਬਿਆਨ ਮੁਤਾਬਕ ਪਨਾਮਾ ਵਿੱਚ ਰਜਿਸਟਰਡ ਤੇਲ ਟੈਂਕਰ ਵਿੱਚ 136000 ਟਨ ਤੇਲ ਸੀ ਅਤੇ ਇਸ ਦੀ ਕੱਲ੍ਹ ਸ਼ਾਮ ਅੱਠ ਵਜੇ ਹਾਂਗਕਾਂਗ ਰਜਿਸਟਰਡ ਮਾਲ ਵਾਹਕ ਜਹਾਜ਼ ਨਾਲ ਟੱਕਰ ਹੋ ਗਈ, ਜਿਸ ਕਾਰਨ ਟੈਂਕਰ ਨੂੰ ਅੱਗ ਪੈ ਗਈ। ਹਾਦਸੇ ਬਾਅਦ ਇਸ ਦੇ ਅਮਲੇ ਦੇ 30 ਇਰਾਨੀ ਅਤੇ ਦੋ ਬੰਗਲਾਦੇਸ਼ੀ ਮੈਂਬਰ ਲਾਪਤਾ ਹਨ। ਇਹ ਹਾਦਸਾ ਸ਼ੰਘਾਈ ਦੇ ਪੂਰਬ ਵੱਲ 160 ਨੌਟੀਕਲ ਮੀਲ ਦੂਰ ਵਾਪਰਿਆ। ਮਾਲ ਢੋਹਣ ਵਾਲੇ ਜਹਾਜ਼ ਦੇ ਸਾਰੇ 21 ਚੀਨੀ ਕ੍ਰਿਊ ਮੈਂਬਰ ਬਚਾ ਲਏ ਹਨ। ਇਰਾਨੀ ਸ਼ਿੱਪਿੰਗ ਕੰਪਨੀ ਦਾ 274 ਮੀਟਰ ਲੰਬਾ ਤੇਲ ਟੈਂਕਰ 'ਸਾਂਚੀ' ਦੱਖਣੀ ਕੋਰੀਆ ਵੱਲ ਜਾ ਰਿਹਾ ਸੀ। ਸਿਨਹੂਆ ਖ਼ਬਰ ਏਜੰਸੀ ਨੇ ਮੰਤਰਾਲੇ ਦੇ ਹਵਾਲੇ ਨਾਲ ਦੱਸਿਆ ਕਿ ਟੱਕਰ ਬਾਅਦ ਉਸ ਨੂੰ ਅੱਗ ਲੱਗ ਗਈ, ਜੋ ਅਜੇ ਵੀ ਬਲ ਰਹੀ ਸੀ। ਤੇਲ ਸਮੁੰਦਰ ਵਿੱਚ ਫੈਲ ਗਿਆ ਹੈ ਪਰ ਤੇਲ ਫੈਲਣ ਵਾਲੇ ਇਲਾਕੇ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਮੰਤਰਾਲੇ ਦੇ ਬਿਆਨ ਮੁਤਾਬਕ 'ਸਾਂਚੀ ਅਜੇ ਵੀ ਤੈਰ ਰਿਹਾ ਹੈ ਪਰ ਉਸ ਨੂੰ ਅੱਗ ਲੱਗੀ ਹੋਈ ਹੈ। ਬਚਾਅ ਅਤੇ ਰਾਹਤ ਕਾਰਜ ਜਾਰੀ ਹਨ।' ਇਸ ਹਾਦਸੇ ਕਾਰਨ 64 ਹਜ਼ਾਰ ਟਨ ਅਨਾਜ ਲਿਜਾ ਰਹੇ ਸੀਐਫ ਕ੍ਰਿਸਟਲ ਜਹਾਜ਼ ਨੂੰ ਵੀ ਥੋੜ੍ਹਾ ਨੁਕਸਾਨ ਹੋਇਆ ਹੈ। ਚੀਨ ਨੇ ਤਲਾਸ਼ ਤੇ ਬਚਾਅ ਅਪਰੇਸ਼ਨ ਲਈ ਅੱਠ ਜਹਾਜ਼ ਅਤੇ ਦੱਖਣੀ ਕੋਰੀਆ ਨੇ ਮਦਦ ਵਾਸਤੇ ਇਕ ਹਵਾਈ ਜਹਾਜ਼ ਤੇ ਤਿੰਨ ਹਜ਼ਾਰ ਟਨ ਵਜ਼ਨੀ ਤੱਟ ਰੱਖਿਅਕ ਜਹਾਜ਼ ਭੇਜਿਆ ਹੈ।

## ਅਮਰੀਕਾ ਦੇ ਗੁਰਦੁਆਰਿਆਂ ਵਿੱਚ ਵੀ ਭਾਰਤ ਸਰਕਾਰ ਦੇ ਨੁਮਾਇੰਦਿਆਂ ਦਾ ਦਾਖ਼ਲਾ ਰੋਕਿਆ

***ਸ.ਫਾ ਇਕ ਦੀ ਬਾਕੀ***

ਹਿੱਸਾ ਲੈਣ ਤੋਂ ਰੋਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀਆਂ ਵੱਲੋਂ ਇਹ ਫੈਸਲਾ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਖ਼ਿਲਾਫ਼ ਕੀਤਾ ਗਿਆ ਹੈ ਉਨ੍ਹਾਂ ਕਿਹਾ ਕਿ ਨਿਜੀ ਤੌਰ 'ਤੇ ਕਿਸੇ ਵੀ ਵਿਅਕਤੀ ਦੇ ਗੁਰੂ ਘਰ ਆਉਣ ਉੱਤੇ ਕੋਈ ਰੋਕ ਨਹੀਂ ਹੈ ਪਰ ਭਾਰਤੀ ਨੁਮਾਇੰਦਿਆਂ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਦੇ ਮੱਦੇਨਜ਼ਰ ਇਨ੍ਹਾਂ ਨੂੰ ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਦੀ ਵਰਤੋਂ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸ਼ਰਧਾਲੂ ਦੇ ਤੌਰ 'ਤੇ ਕੋਈ ਵੀ ਗੁਰਦੁਆਰਾ ਸਾਹਿਬ ਵਿਚ ਆ ਸਕਦਾ ਹੈ ਤੇ ਕਿਸੇ ਵੀ ਸ਼ਰਧਾਲੂ 'ਤੇ ਕੋਈ ਰੋਕ ਨਹੀਂ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ, ਨਵੰਬਰ 1984 ਵਿੱਚ ਦੇਸ਼ ਭਰ 'ਚ ਸਿੱਖ ਨਸਲਕੁਸ਼ੀ, ਪੰਜਾਬ ਦੇ ਦਰਿਆਈ ਪਾਣੀਆਂ ਤੇ ਖੇਤੀਬਾੜੀ ਉਤਪਾਦਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਇਹੀ ਨਹੀਂ ਜੇਲ੍ਹਾਂ ਵਿੱਚ ਬੰਦ ਸਿੱਖ ਰਾਜਸੀ ਕੈਦੀਆਂ ਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਰਿਹਾਈ ਨਹੀਂ ਹੋ ਰਹੀ। ਸਿੱਖ ਨੌਜਵਾਨਾਂ ਦੀਆਂ ਗੈਰਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਪੁਲੀਸ ਵੱਲੋਂ ਅਣਮਨੁੱਖੀ ਤਸ਼ੱਦਦ ਦਾ ਦੌਰ ਵੀ ਜਾਰੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਆਰ. ਐਸ. ਐਸ. ਦੇ ਹਿੰਦੂਤਵੀ ਏਜੰਡੇ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਵੱਲੋਂ ਕੀਤਾ ਗਿਆ ਫੈਸਲਾ ਤੁਰੰਤ ਲਾਗੂ ਕਰ ਦਿੱਤਾ ਗਿਆ ਹੈ।

## ਐਚ-1ਬੀ ਵੀਜ਼ਾ ਮਾਮਲੇ 'ਚ ਭਾਰਤੀ ਆਈਟੀ ਮਾਹਿਰਾਂ ਨੂੰ ਰਾਹਤ

ਦੀ ਮਿਆਦ ਤੋਂ ਬਾਅਦ ਵੀ ਅਮਰੀਕਾ 'ਚ ਰਹਿ ਸਕਦੇ ਹਨ। ਯੂਐਸ ਸਿਟੀਜ਼ਨਸ਼ਿਪ ਐਂਡ ਇੰਮੀਗਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਦੇ ਮੀਡੀਆ ਸੰਪਰਕ ਅਧਿਕਾਰੀ ਜੋਨਾਥਨ ਵਿਥਿੰਗਟਨ ਨੇ ਇਕ ਬਿਆਨ 'ਚ ਕਿਹਾ ਕਿ ਇਸ ਤੋਂ ਬਾਅਦ ਵੀ ਮੁਲਾਜ਼ਮ ਇਕ-ਇਕ ਸਾਲ ਦੇ ਵਾਧੇ ਦੀ ਬੇਨਤੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣ ਲਈ ਉਹ ਨੀਤੀ 'ਚ ਕਈ ਬਦਲਾਵਾਂ ਬਾਰੇ ਵਿਚਾਰ ਕਰ ਰਹੇ ਹਨ। ਇਸ ਦੇ ਨਾਲ ਵੀਜ਼ਾ ਪ੍ਰੋਗਰਾਮ ਆਧਾਰਿਤ ਰੁਜ਼ਗਾਰ ਦੇ ਮੌਕਿਆਂ ਦੀ ਵੀ ਪੂਰੀ ਤਰ੍ਹਾਂ ਨਾਲ ਪੜਚੋਲ ਹੋ ਰਹੀ ਹੈ। ਕਈ ਭਾਰਤੀ ਮੂਲ ਦੇ ਸੈਨੇਟਰਾਂ ਅਤੇ ਜਥੇਬੰਦੀਆਂ ਵੱਲੋਂ ਐਚ-1ਬੀ ਵੀਜ਼ਾ ਨੀਤੀ 'ਚ ਬਦਲਾਅ ਦਾ ਵਿਰੋਧ ਕੀਤੇ ਜਾਣ ਮਗਰੋਂ ਅਮਰੀਕੀ ਸਰਕਾਰ ਨੂੰ ਆਪਣੇ ਫ਼ੈਸਲੇ 'ਤੇ ਵਿਚਾਰ ਕਰਨਾ ਪੈ ਗਿਆ ਹੈ। ਜ਼ਿਕਰਯੋਗ ਹੈ ਕਿ ਆਪਣੇ ਚੋਣ ਪ੍ਰਚਾਰ ਸਮੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਅਤੇ ਐਲ-1 ਵੀਜ਼ਾ ਪ੍ਰੋਗਰਾਮਜ਼ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਵਾਅਦਾ ਕੀਤਾ ਸੀ।

### ਜਿੱਤ ਬਾਅਦ ਐੱਚ-1 ਬੀ ਵੀਜ਼ਾ ਪ੍ਰਣਾਲੀ ਦੇ ਹੱਕ 'ਚ ਸੀ ਟਰੰਪ

ਇੱਕ ਅਮਰੀਕੀ ਲੇਖਕ ਵੱਲੋਂ ਲਿਖੀ ਪੁਸਤਕ ਮੁਤਾਬਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚੋਣਾਂ ਵਿੱਚ ਜਿੱਤਣ ਮਗਰੋਂ ਐੱਚ-1ਬੀ ਵੀਜ਼ਾ ਪ੍ਰਣਾਲੀ ਦਾ ਸਮਰਥਨ ਕੀਤਾ ਸੀ ਜੋ ਉਨ੍ਹਾਂ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਵਰਕ ਵੀਜ਼ਾ ਖ਼ਿਲਾਫ਼ ਕੀਤੇ ਪ੍ਰਚਾਰ ਦੇ ਬਿਲਕੁਲ ਉਲਟ ਸੀ। ਪੱਤਰਕਾਰ ਮਾਈਕਲ ਵੋਲਫ ਵੱਲੋਂ ਲਿਖੀ ਪੁਸਤਕ 'ਫਾਇਰ ਐਂਡ ਫਿਊਰ: ਇਨਸਾਈਡ ਦਿ ਟਰੰਪ ਵ੍ਹਾਈਟ ਹਾਊਸ' ਮੁਤਾਬਕ ਟਰੰਪ ਟਾਵਰਜ਼ ਵਿਖੇ 14 ਦਸੰਬਰ 2016 ਨੂੰ ਸਿਲੀਕਾਨ ਵੈਲੀ ਦੇ ਵਫ਼ਦ ਨਾਲ ਇੱਕ ਮੀਟਿੰਗ ਮਗਰੋਂ ਰਾਸ਼ਟਰਪਤੀ ਵਜੋਂ ਚੁਣੇ ਜਾ ਚੁੱਕੇ ਟਰੰਪ ਨੇ ਕਿਹਾ ਕਿ ਤਕਨਾਲੋਜੀ ਨਾਲ ਜੁੜੀ ਇੰਡਸਟਰੀ ਨੂੰ ਐੱਚ-1 ਬੀ ਵੀਜ਼ਾ ਮਾਮਲੇ 'ਚ ਉਨ੍ਹਾਂ ਦੀ ਮਦਦ ਦੀ ਲੋੜ ਸੀ। ਦੂਜੇ ਪਾਸੇ, ਵ੍ਹਾਈਟ ਹਾਊਸ ਨੇ ਇਸ ਪੁਸਤਕ ਦੇ ਵਿਸ਼ੇ 'ਤੇ ਆਪੱਤੀ ਜਤਾਈ ਹੈ ਅਤੇ ਇਸ ਨੂੰ ਮਨਘੜਤ ਕਿਹਾ ਹੈ।

### ਰਾਸ਼ਟਰਪਤੀ ਬਣਨ ਦੇ ਨਹੀਂ ਸਨ ਚਾਹਵਾਨ

ਪੁਸਤਕ ਮੁਤਾਬਕ ਡੋਨਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਨਹੀਂ ਬਣਨਾ ਚਾਹੁੰਦੇ ਸਨ। ਟਰੰਪ ਦਾ ਉਦੇਸ਼ ਕਦੇ ਵੀ ਜਿੱਤ ਹਾਸਲ ਕਰਨਾ ਨਹੀਂ ਸੀ। ਇਸ ਪੁਸਤਕ ਮੁਤਾਬਕ ਟਰੰਪ ਨੇ ਆਪਣੇ ਸਹਾਇਕ ਸੈਮ ਨਨਬਰਗ ਨੂੰ ਦੱਸਿਆ ਸੀ ਕਿ ਇਹ ਚੋਣ ਲੜਨ ਨਾਲ ਮੈਂ ਦੁਨੀਆਂ ਦਾ ਸਭ ਤੋਂ ਮਸ਼ਹੂਰ ਵਿਅਕਤੀ ਬਣ ਸਕਦਾ ਹਾਂ।

### ਟਰੰਪ ਕਮਿਸ਼ਨ ਭੰਗ ਕੀਤਾ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 2016 ਦੀਆਂ ਚੋਣਾਂ ਵਿੱਚ ਹੋਈ ਗੈਰਕਾਨੂੰਨੀ ਵੋਟਿੰਗ ਦੀ ਜਾਂਚ ਲਈ ਸਥਾਪਤ ਕੀਤੇ ਵਿਵਾਦਤ ਕਮਿਸ਼ਨ ਨੂੰ ਭੰਗ ਕਰ ਦਿੱਤਾ ਹੈ। ਇਸ ਦਾ ਕਾਰਨ ਉਨ੍ਹਾਂ ਵੱਖ ਵੱਖ ਸੂਬਿਆਂ ਵੱਲੋਂ ਇਸ ਬੋਰਡ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਨਾ ਦੱਸਿਆ ਹੈ। ਟਰੰਪ ਨੇ ਮਈ ਵਿੱਚ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਸੀ।

ਅਮਰੀਕੀ ਕਾਨੂੰਨਸਾਜ਼ ਤੇ ਜਥੇਬੰਦੀਆਂ ਐਚ1ਬੀ

### ਵੀਜ਼ਾ ਨੇਮਾਂ 'ਚ ਬਦਲਾਓ ਵਿਰੁਧ ਨਿੱਤਰੀਆਂ

ਟਰੰਪ ਪ੍ਰਸ਼ਾਸਨ ਵੱਲੋਂ ਐਚ1ਬੀ ਵੀਜ਼ਾ ਨਿਯਮਾਂ 'ਚ ਕਟੌਤੀ ਦੀ ਯੋਜਨਾ ਦੀ ਕੁਝ ਅਮਰੀਕੀ ਕਾਨੂੰਨਸਾਜ਼ਾਂ ਅਤੇ ਜਥੇਬੰਦੀਆਂ ਨੇ ਨੁਕਤਾਚੀਨੀ ਕੀਤੀ । ਉਨ੍ਹਾਂ ਦਾ ਦੋਸ਼ ਹੈ ਕਿ ਇਸ ਨਾਲ ਅੰਦਾਜ਼ਨ 5 ਤੋਂ ਸਾਢੇ 7 ਲੱਖ ਭਾਰਤੀ ਅਮਰੀਕੀਆਂ ਨੂੰ ਮੁਲਕ ਪਰਤਨਾ ਪੈ ਸਕਦਾ ਹੈ ਅਤੇ ਅਮਰੀਕਾ 'ਚੋਂ ਪ੍ਰਤਿਭਾਵਾਂ ਬਾਹਰ ਚਲੀਆਂ ਜਾਣਗੀਆਂ। ਰਾਸ਼ਟਰਪਤੀ ਡੋਨਲਡ ਟਰੰਪ ਦੀ 'ਖਰੀਦੋ ਅਮਰੀਕੀ, ਨੌਕਰੀ 'ਤੇ ਰੱਖੋ ਅਮਰੀਕੀ' ਪਹਿਲ ਤਹਿਤ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਇਹ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ। ਅਸਰਦਾਰ ਡੈਮੋਕਰੇਟਿਕ ਕਾਂਗਰਸਵਿਮੈੱਨ ਤੁਲਸੀ ਗਬਾਰਡ ਨੇ ਕਿਹਾ,"ਐਚ1ਬੀ ਵੀਜ਼ਾ ਹੋਲਡਰਾਂ 'ਤੇ ਪਾਬੰਦੀਆਂ ਥੋਪੇ ਜਾਣ ਨਾਲ ਪਰਿਵਾਰਾਂ ਦੇ ਟੋਟੇ ਹੋ ਜਾਣਗੇ, ਮਾਹਿਰ ਸਾਡੇ ਮੁਲਕ 'ਚੋਂ ਚਲੇ ਜਾਣਗੇ ਅਤੇ ਅਹਿਮ ਭਾਈਵਾਲ ਭਾਰਤ ਨਾਲ ਰਿਸ਼ਤੇ ਖ਼ਰਾਬ ਹੋ ਸਕਦੇ ਹਨ।" ਹਿੰਦੂ ਅਮਰੀਕੀ ਫਾਊਂਡੇਸ਼ਨ ਨੇ ਵੀ ਬਿਆਨ ਜਾਰੀ ਕਰਕੇ ਟਰੰਪ ਪ੍ਰਸ਼ਾਸਨ ਦੀ ਤਜਵੀਜ਼ ਦਾ ਵਿਰੋਧ ਕੀਤਾ ਹੈ। ਭਾਰਤ-ਅਮਰੀਕੀ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਘਰੇਲੂ ਕਾਮਿਆਂ ਨੂੰ ਆਧੁਨਿਕ ਸਿਖਲਾਈ ਦੇਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਆਸ ਜਤਾਈ ਕਿ ਸਰਕਾਰ ਇਸ ਤਜਵੀਜ਼ ਨੂੰ ਫੌਰੀ ਤੌਰ 'ਤੇ ਰੱਦ ਕਰ ਦੇਵੇਗੀ। ਕਾਂਗਰਸਮੈਨ ਰੋ ਖੰਨਾ ਨੇ ਕਿਹਾ ਕਿ ਇਹ ਤਜਵੀਜ਼ ਪਰਵਾਸੀ ਵਿਰੋਧੀ ਹੈ। ਉਨ੍ਹਾਂ ਟਵੀਟ ਕਰਕੇ ਰਾਸ਼ਟਰਪਤੀ ਨੂੰ ਪੁੱਛਿਆ ਕਿ ਕੀ ਭਾਰਤੀਆਂ ਬਗੈਰ ਅਮਰੀਕਾ ਮਹਾਨ ਬਣ ਸਕੇਗਾ।

## ਪਾਬੰਦੀ ਬਾਰੇ ਮਤੇ ਦਾ ਮੂਲ ਹੇਠ ਲਿਖੇ ਅਨੁਸਾਰ ਹੈ:

**ਵਿਸ਼ਾ :** ਅਮਰੀਕਾ ਦੇ 96 ਗੁਰਦੁਆਰਿਆਂ ਵਿਚ ਦਾਖ਼ਲੇ ਅਤੇ ਨਗਰ ਕੀਰਤਨਾ ਵਿਚ ਸ਼ਮੂਲੀਅਤ ਅਤੇ ਭਾਰਤੀ ਸਰਕਾਰ ਦੇ ਅਧਿਕਾਰੀਆਂ/ਨੁਮਾਇੰਦਿਆਂ 'ਤੇ ਸਖ਼ਤ ਪਾਬੰਦੀ।

ਅਮਰੀਕਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਸਿੱਖ ਕੁਆਰਡੀਨੇਸ਼ਨ ਕਮੇਟੀ ਈਸਟ ਕੋਸਟ (ਅਮਰੀਕਾ ਦੇ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਦੀ ਸਾਂਝੀ ਸੰਸਥਾ) ਦੇ ਸਹਿਯੋਗ ਨਾਲ ਇਹ ਫੈਸਲਾ ਕੀਤਾ ਹੈ ਕਿ "ਭਾਰਤੀ ਸਰਕਾਰ ਦੇ ਅਧਿਕਾਰੀਆਂ ਅਤੇ ਭਾਰਤ ਸਰਕਾਰ ਦੇ ਹਿੱਤਾਂ ਦੀ ਪ੍ਰਤੀਨਿੱਧਤਾ ਕਰਨ ਵਾਲਾ ਕੋਈ ਵੀ ਵਿਅਕਤੀ/ ਭਾਰਤ ਸਰਕਾਰ" ਨੂੰ ਅਮਰੀਕਾ ਦੇ ਗੁਰਦੁਆਰਿਆਂ ਵਿਚ ਦਾਖ਼ਲੇ, ਨਗਰ ਕੀਰਤਨਾਂ ਸਮੇਤ ਕਿਸੇ ਵੀ ਸਮਾਜਿਕ ਜਾਂ ਧਾਰਮਿਕ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਕਿਉਂਕਿ :

- ਭਾਰਤ ਸਰਕਾਰ ਜੂਨ 1984 ਵਿਚ ਸੀ ਦਰਬਾਰ ਸਾਹਿਬ ਅਤੇ 40 ਹੋਰ ਗੁਰਦੁਆਰਿਆਂ 'ਤੇ ਹੋਏ ਹਮਲੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਨਵੰਬਰ 1984 ਵਿਚ ਦਿੱਲੀ ਅਤੇ ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਜੋ ਅਜੇ ਵੀ ਵੱਖ-ਵੱਖ ਰੂਪਾਂ ਵਿਚ ਜਾਰੀ ਹੈ; ਪੰਜਾਬ ਦੇ ਦਰਿਆਈ ਪਾਣੀਆਂ ਅਤੇ ਖੇਤਬਾੜੀ ਉਤਪਾਦਾਂ ਦੀ ਲਗਾਤਾਰ ਲੁੱਟ-ਮਾਰ ਅਤੇ ਦਹਾਕਿਆਂ ਤੋਂ ਜਾਰੀ ਪੰਜਾਬ ਦੇ ਸਿੱਖਾਂ ਦੀਆਂ ਵਾਧੂ-ਜੁਡੀਸ਼ੀਅਲ ਕਤਲਾਂ ਦੀ ਜ਼ਿੰਮੇਵਾਰ ਹੈ।
- ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਭਾਰਤ ਸਰਕਾਰ ਕੈਦੀਆਂ ਦੀ ਕਾਲ-ਕੋਠੜੀ ਅੰਦਰ ਬੇੜ੍ਹੀ ਵਿੱਚ ਜਕੜੇ ਅਤੇ ਡਾਕਟਰੀ ਇਲਾਜ ਤੋਂ ਵਾਂਝਿਆਂ ਕਰ ਨਜ਼ਰਬੰਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।
- ਭਾਰਤੀ ਸਰਕਾਰ ਭਾਰਤੀ ਜੇਲਾਂ ਵਿਚ ਬੰਦ ਸਿੱਖ ਰਾਜਨੀਤਕ ਕੈਦੀਆਂ ਨੂੰ ਜੇਲ੍ਹ ਨਿਯਮਾਂ ਮੁਤਾਬਿਕ ਸਜ਼ਾ ਪੂਰੀ ਹੋਣ ਦੇ ਬਾਵਜੂਦ ਵੀ ਗ਼ੈਰਸੰਵਿਧਾਨਕ ਤਰੀਕੇ ਨਾਲ ਕੈਦ ਵਿਚ ਰੱਖ ਰਹੀ ਹੈ।
- ਭਾਰਤੀ ਸਰਕਾਰ ਸਿੱਖ ਨੌਜਵਾਨਾਂ ਦੀਆਂ ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਪੁਲਿਸ ਵੱਲੋਂ ਸਿੱਖ ਕਾਰਕੁੰਨਾ ਉੱਤੇ ਅਣਮਨੁੱਖੀ ਤਸ਼ੱਦਦ ਰਾਹੀਂ ਦਹਿਸ਼ਤ ਭਰਿਆ ਮਾਹੌਲ ਪੈਦਾ ਕਰ ਰਹੀ ਹੈ।
- ਬੀਜੇਪੀ ਦੀ ਭਾਰਤੀ ਸਰਕਾਰ ਆਰ.ਐਸ.ਐਸ. ਦੇ ਹਿੰਦੂਤਵੀ (ਹਿੰਦੂਰਾਸ਼ਟਰ) ਦੇ ਏਜੰਡੇ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਹੋਰ ਸਾਰੇ ਘੱਟ-ਗਿਣਤੀ ਧਰਮਾਂ ਨੂੰ ਆਪਣੇ ਅਧੀਨ ਕਰ ਰਹੀ ਹੈ।
- ਭਾਰਤੀ ਸੰਵਿਧਾਨ, ਆਰਟੀਕਲ 25 ਬੀ ਤਹਿਤ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਨਹੀਂ ਦਿੰਦਾ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਨਾਲ ਹੀ ਜੋੜਿਆ ਜਾਂਦਾ ਹੈ ਜਦਕਿ ਸਿੱਖ ਇੱਕ ਵੱਖਰੀ ਕੌਮ ਹੈ।

**ਜਾਰੀ ਕਰਤਾ : ਅਰਮੀਕਾ ਦੇ ਸਮੂਹ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ**

## Classified

### ਵਰ ਦੀ ਲੋੜ

ਜੱਟ ਸਿੱਖ ਧਾਮੀ ਉਮਰ 24 ਸਾਲ 5' 7'' MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ। ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ

916-813-6863

## Bride WANTED

Jat Sikh boy. B. Tech. Doing Master of Computer Science from NYIT New York. Height 6'4". Well educated family Father professor. Mother math teacher in Govt school. Boy now in USA on study visa. Please contact @559-312-4428 or 001919872499741

Jat Sikh Dhillon, 24 years, 6'-3", clean-shaven, handsome, doing M. Tech. Civil Canada, seeks working, beautiful, professionally qualified, above 5'-5" girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## ਅਣਖੀਲਾ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

ਚਲਦੀਆਂ ਗੋਲੀਆਂ ਤੇ ਹਾਪਕਿਨਸਨ ਨੂੰ ਢੇਰ ਹੋਇਆ ਦੇਖ ਕੇ ਅਦਾਲਤ ਵਿਚ ਹਫੜਾ ਤਫੜੀ ਮੱਚ ਗਈ। ਪੁਲਿਸ ਵਲੋਂ ਲਲਕਾਰਨ 'ਤੇ ਭਾਈ ਮੇਵਾ ਸਿੰਘ ਨੇ ਪਿਸਤੌਲ ਜੱਜ ਦੀ ਮੇਜ਼ 'ਤੇ ਰੱਖ ਕੇ ਆਖਿਆ ਕਿ ਮੈਂ ਪਾਗਲ ਨਹੀਂ ਹਾਂ, ਜਿਸ ਨੂੰ ਮਾਰਨਾ ਸੀ ਉਹ ਮਾਰ ਦਿੱਤਾ ਹੈ। ਪੁਲਿਸ ਨੇ ਭਾਈ ਮੇਵਾ ਸਿੰਘ ਨੂੰ ਪੁੱਛਿਆ ਕਿ ਉਸ ਨੇ ਹਾਪਕਿਨਸਨ ਨੂੰ ਕਿਉਂ ਮਾਰ ਦਿਤਾ ਹੈ ਤਾਂ ਭਾਈ ਮੇਵਾ ਸਿੰਘ ਨੇ ਪੁੱਛਿਆ ਕਿ ਕੀ ਉਹ ਸੱਚ ਮੁੱਚ ਮਰ ਗਿਆ ਹੈ? ਪੁਲਿਸ ਵਲੋਂ 'ਹਾਂ' ਕਹਿਣ 'ਤੇ ਭਾਈ ਮੇਵਾ ਸਿੰਘ ਹੱਸਿਆ ਤੇ ਕਿਹਾ ਕਿ ਉਸ ਨੂੰ ਅੱਜ ਸੱਚੀ ਖੁਸ਼ੀ ਪ੍ਰਾਪਤ ਹੋਈ ਹੈ। ਪੁਲਿਸ ਕੋਲ ਦਿਤੇ ਬਿਆਨ ਵਿਚ ਭਾਈ ਮੇਵਾ ਸਿੰਘ ਨੇ ਕਿਹਾ ਕਿ ਉਸ ਨੇ ਤਾਂ ਮੈਲਕਮ ਰੀਡ ਨੂੰ ਵੀ ਮਾਰਨਾ ਸੀ ਪਰ ਅੱਜ ਨਾ ਆਉਣ ਕਰਕੇ ਉਹ ਬਚ ਗਿਆ ਹੈ। ਹਾਪਕਿਨਸਨ ਦੀ ਮੌਤ ਤੋਂ ਬਾਅਦ ਮੈਲਕਮ ਰੀਡ ਵੈਨਕੂਵਰ ਛੱਡ ਕੇ ਦੌੜ ਗਿਆ ਸੀ।

ਭਾਈ ਮੇਵਾ ਸਿੰਘ ਵਲੋਂ ਹਾਪਕਿਨਸਨ ਨੂੰ ਮਾਰਨ ਦੀ ਖ਼ਬਰ ਕੈਨੇਡਾ-ਅਮਰੀਕਾ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਜਿਸ ਕਰਕੇ ਸਿੱਖ ਸੰਗਤ ਤੇ ਪਰਵਾਸੀ ਭਾਰਤੀ ਭਾਈ ਮੇਵਾ ਸਿੰਘ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ ਸਨ, ਜਿਨ੍ਹਾਂ ਵਿਚ ਕਈ ਅੰਗਰੇਜ਼ ਵੀ ਸ਼ਾਮਲ ਸਨ। ਕੈਨੇਡਾ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਨੇ ਭਾਈ ਮੇਵਾ ਸਿੰਘ ਦੇ ਫੋਟੋ ਪ੍ਰਕਾਸ਼ਤ ਕੀਤੇ ਸਨ। ਹਾਪਕਿਨਸਨ ਦੀ ਮੌਤ ਤੋਂ ਡਰ ਕੇ ਕੈਨੇਡਾ ਦਾ ਇਮੀਗ੍ਰੇਸ਼ਨ ਮਹਿਕਮਾ ਪੋਲਾ ਪੈ ਗਿਆ ਸੀ। ਇਸ ਸਾਕੇ ਦੀ ਐਨੀ ਦਹਿਸ਼ਤ ਪੈ ਚੁੱਕੀ ਸੀ ਕਿ ਜਿਹੜੇ ਕੈਨੇਡੀਅਨ ਗੋਰੇ ਭਾਰਤੀ ਪਰਵਾਸੀਆਂ ਨੂੰ 'ਕੁਲੀ, ਕੁਲੀ' ਕਹਿ ਕੇ ਛੇੜਦੇ ਹੁੰਦੇ ਸਨ, ਹੁਣ ਬਜ਼ਾਰਾਂ ਵਿਚ ਆਪਣੇ ਆਪ ਹੀ ਰਾਹ ਦੇਣ ਲੱਗ ਪਏ ਸਨ। ਭਾਈ ਮੇਵਾ ਸਿੰਘ ਦੀ ਬਹਾਦਰੀ ਦੀਆਂ ਥਾਂ ਥਾਂ ਗੱਲਾਂ ਹੋਣ ਲੱਗ ਪਈਆਂ ਸਨ। ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ਸੀ। ਉਨ੍ਹਾਂ ਨੇ ਗੁਰਦੁਆਰੇ ਦੀ ਬੇਅਦਬੀ ਅਤੇ ਸਿੱਖ ਆਗੂਆਂ ਦੇ ਕਤਲਾਂ ਦਾ ਬਦਲਾ ਅਸਲ ਦੋਸ਼ੀ ਕੋਲੋਂ ਸ਼ਰੇਆਮ ਲਲਕਾਰ ਕੇ ਲੈ ਲਿਆ ਸੀ। ਭਾਈ ਰਾਮ ਸਿੰਘ ਧੁਲੇਤਾ ਅਕਸਰ ਹੀ ਭਾਈ ਮੇਵਾ ਸਿੰਘ ਦੀ ਪ੍ਰਸੰਸਾ ਕਰਦੇ ਹੋਏ ਇਹ ਤੁਕ ਗਾਇਆ ਕਰਦੇ ਸਨ:

'ਸੇਵਾ ਕੀਤੀ ਮੇਵਾ ਸਿੰਘ ਨੇ ਭੂਰਾ ਰਿੱਛ ਨਰਕਾਂ ਨੂੰ ਤੋਰਿਆ।'

ਹਾਪਕਿਨਸਨ ਦਾ ਕਤਲ ਇਕ ਵਿਅਕਤੀ ਦਾ ਕਤਲ ਨਹੀਂ ਸੀ, ਇਹ ਬ੍ਰਿਟਿਸ਼ ਸਾਮਰਾਜ ਦੀ ਧੌਂਸ ਨੂੰ ਵੱਡੀ ਚੁਣੌਤੀ ਸੀ। ਭਾਈ ਮੇਵਾ ਸਿੰਘ 'ਤੇ ਕਚਿਹਰੀ ਵਿਚ ਮੁਕੱਦਮਾ ਸ਼ੁਰੂ ਹੋਇਆ ਤਾਂ ਸਿੱਖ ਸੰਗਤ ਭਾਈ ਮੇਵਾ ਸਿੰਘ ਦੇ ਦਰਸ਼ਨ ਕਰਨ ਲਈ ਅਦਾਲਤ ਵਿਚ ਹਾਜ਼ਰ ਹੁੰਦੀ ਸੀ। ਭਾਈ ਮੇਵਾ ਸਿੰਘ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਸੰਗਤ ਨੂੰ ਵੀ ਹਮੇਸ਼ਾ ਹੌਂਸਲੇ ਅਤੇ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਦਿਆ ਕਰਦੇ ਸਨ। ਜੇਲ੍ਹ ਵਿਚ ਉਹ ਹਮੇਸ਼ਾ ਹੀ ਗੁਰਬਾਣੀ ਦੇ ਪਾਠ ਅਤੇ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ। ਫਾਂਸੀ ਦੇ ਦਿਨ ਤੱਕ ਉਹਨਾਂ ਦਾ ਭਾਰ ਵਧ ਗਿਆ ਸੀ। ਅਦਾਲਤ ਵਿਚ ਵੀ ਉਹਨਾਂ ਨੇ ਬਹੁਤ ਹੀ ਨਿਧੜਕ ਬਿਆਨ ਦਿਤੇ ਸਨ, ਜੋ ਇਕ ਸਿੱਖ ਦੀ ਅਸਲ ਮਾਨਸਿਕ ਤਸਵੀਰ ਪੇਸ਼ ਕਰਦੇ ਹਨ (ਇਹ ਬਿਆਨ ਇਸ ਲਿਖਤ ਦੇ ਨਾਲ ਹੀ ਅਲੱਗ ਛਾਪਿਆ ਜਾ ਰਿਹਾ ਹੈ)। ਪੁਲਿਸ ਕੋਲ ਅਤੇ ਅਦਾਲਤ ਵਿਚ ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਦੇ ਕਤਲ ਦਾ ਦੋਸ਼ ਕਬੂਲ ਕਰਨ ਕਰਕੇ, ਸਿੱਖ ਸੰਗਤ ਨੂੰ ਹੋਣ ਵਾਲੇ ਫੈਸਲੇ ਦਾ ਪਹਿਲਾਂ ਹੀ ਪਤਾ ਸੀ।

ਅਖੀਰ 30-10-1914 ਨੂੰ ਜੱਜ ਮੌਰੀਸਨ ਨੇ ਜਿਊਰੀ ਦਾ ਫੈਸਲਾ ਸੁਣਾ ਦਿੱਤਾ ਕਿ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਫਾਂਸੀ ਲਗਾਇਆ ਜਾਵੇਗਾ। ਇਹ ਫੈਸਲਾ ਸੁਣਦਿਆਂ ਹੀ ਭਾਈ ਮੇਵਾ ਸਿੰਘ ਦੇ ਚਿਹਰੇ 'ਤੇ ਰੌਣਕ ਆ ਗਈ। ਉਸ ਨੇ ਉੱਚੀ ਆਵਾਜ਼ ਵਿਚ ਆਖਿਆ:

'ਸ਼ੁਕਰ ਹੈ ਵਾਹਿਗੁਰੂ! ਤੈਂ ਮੇਰੀ ਸੰਸਾਰ ਦੇ ਨਤਾਣੇ ਲੋਕਾਂ ਖਾਤਰ ਕੀਤੀ ਕੁਰਬਾਨੀ ਨੂੰ ਕਬੂਲ ਕੀਤਾ ਹੈ।'

ਭਾਈ ਮੇਵਾ ਸਿੰਘ ਨੇ ਅਦਾਲਤ ਵਿਚ ਖੜ੍ਹੀ ਸਿੱਖ ਸੰਗਤ ਕੋਲ, ਭਾਈ ਭਾਗ ਸਿੰਘ ਦੀ ਨੌਂ ਮਹੀਨੇ ਦੀ ਬੱਚੀ ਨੂੰ ਦੇਖਣ ਦੀ ਇੱਛਾ ਪ੍ਰਗਟ ਕੀਤੀ ਸੀ ਪਰ ਬੱਚੀ ਉਥੇ ਮੌਜੂਦ ਨਾ ਹੋਣ ਕਾਰਨ ਉਨ੍ਹਾਂ ਨੇ ਉੱਚੀ ਆਵਾਜ਼ ਵਿਚ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ :

'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥'

ਪੁਲਿਸ ਭਾਈ ਮੇਵਾ ਸਿੰਘ ਨੂੰ ਅਦਾਲਤ ਵਿਚੋਂ ਜੇਲ੍ਹ ਵਿਚ ਲੈ ਗਈ।

11 ਜਨਵਰੀ 1915, ਭਾਈ ਮੇਵਾ ਸਿੰਘ ਨੂੰ ਫਾਂਸੀ ਦੇਣ ਦਾ ਦਿਨ ਆ ਗਿਆ ਸੀ। ਉਸ ਦਿਨ ਸਮੁੱਚੇ ਕੈਨੇਡਾ ਦੀ ਸੰਗਤ ਜੇਲ੍ਹ ਦੇ ਗੇਟ ਅੱਗੇ ਪਹੁੰਚ ਗਈ ਸੀ। ਸ਼ਾਇਦ ਹੀ ਕੋਈ ਅਭਾਗਾ ਸਿੱਖ ਹੋਵੇਗਾ ਜੋ ਇਸ ਮੌਕੇ ਹਾਜ਼ਰ ਨਾ ਹੋਇਆ ਹੋਵੇ। ਸੰਗਤ 'ਚੋਂ ਤਾਂ ਕਿਸੇ ਨੂੰ ਭਾਈ ਮੇਵਾ ਸਿੰਘ ਨੂੰ ਮਿਲਣ ਦੀ ਇਜਾਜ਼ਤ ਨਾ ਦਿੱਤੀ ਗਈ ਪਰ ਭਾਈ ਮਿੱਤ ਸਿੰਘ ਪੰਡੋਰੀ ਨੂੰ ਧਾਰਮਿਕ ਆਗੂ ਹੋਣ ਦੀ ਹੈਸੀਅਤ ਵਿਚ ਭਾਈ ਮੇਵਾ ਸਿੰਘ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ ਗਈ। ਭਾਈ ਮੇਵਾ ਸਿੰਘ ਪਾਠ ਕਰ ਰਹੇ ਸਨ ਤੇ ਉਸ ਦੇ ਚਿਹਰੇ 'ਤੇ ਖ਼ਾਲਸਾਈ ਜਲਾਲ ਚਮਕਾਂ ਮਾਰ ਰਿਹਾ ਸੀ। ਭਾਈ ਮਿੱਤ ਸਿੰਘ ਪੰਡੋਰੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਤਾਂ ਭਾਈ ਮੇਵਾ ਸਿੰਘ ਨੇ, ਉਹਨਾਂ ਨੂੰ ਦਲੇਰੀ ਦਿੰਦਿਆਂ ਕਿਹਾ ਕਿ ਜੇਕਰ ਤੁਸੀਂ ਹੀ ਡੋਲ ਗਏ ਤਾਂ ਸੰਗਤ ਨੂੰ ਹੌਂਸਲਾ ਕਿਵੇਂ ਦੇਵੋਗੇ? ਭਾਈ ਮਿੱਤ ਸਿੰਘ ਪੰਡੋਰੀ ਅਨੁਸਾਰ, ਭਾਈ ਮੇਵਾ ਸਿੰਘ ਕਿਸੇ ਉੱਚੇ ਰੰਗ ਵਿਚ ਰੰਗਿਆ ਹੋਇਆ ਸੀ।

ਭਾਈ ਮੇਵਾ ਸਿੰਘ ਨੇ ਭਾਈ ਪੰਡੋਰੀ ਨੂੰ ਕਿਹਾ ਕਿ ਜਿਸ ਵਕਤ ਮੈਨੂੰ ਫਾਂਸੀ ਤੋਂ ਉਤਾਰਿਆ ਜਾਵੇਗਾ ਉਸ ਵਕਤ ਮੇਰਾ ਸਰੀਰ ਤੜਫੇਗਾ, ਪਰ ਉਸ ਵਕਤ ਸੰਗਤਨੇ ਓਦਰਨਾ ਨਹੀਂ, ਸਿਰਫ ਗੁਰਬਾਣੀ ਦਾ ਪਾਠ ਕਰਨਾ ਹੈ। ਭਾਈ ਮੇਵਾ ਸਿੰਘ ਦੇ ਇਸ ਅੰਤਮ ਸੰਦੇਸ਼ੇ ਪਿਛੋਂ ਅਰਦਾਸਾ ਸੋਧਿਆ ਗਿਆ ਤੇ ਉਸ ਵਲੋਂ ਫਾਂਸੀ ਵਾਲੇ ਕਪੜੇ ਪਾ ਕੇ ਸਰੀਰ ਤਿਆਗਣ ਦੀ ਤਿਆਰੀ ਕੀਤੀ ਗਈ। ਭਾਈ ਸਾਹਿਬ ਦੀ ਚੜ੍ਹਦੀ ਕਲਾ ਅਤੇ ਧਾਰਮਿਕ ਸ਼ਖ਼ਸ਼ੀਅਤ ਦਾ ਜੇਲ੍ਹ ਅਮਲੇ 'ਤੇ ਵੀ ਬੜਾ ਜਬਰਦਸਤ ਪ੍ਰਭਾਵ ਪਿਆ ਸੀ, ਇਥੋਂ ਤੱਕ ਕਿ ਜਲਾਦ ਸਮੇਤ ਸਾਰੇ ਉਨ੍ਹਾਂ ਨੂੰ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਜਿਸ ਵਕਤ ਭਾਈ ਮੇਵਾ ਸਿੰਘ ਫਾਂਸੀ ਦੇ ਤਖ਼ਤੇ ਵੱਲ ਜਾਣ ਲੱਗੇ ਤਾਂ ਉਹਨਾਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਹ ਬੈਰਾਗਮਈ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ ਗਿਆ:

'ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨਿ ਲੈ ਮੇਰੋ॥੧॥ ਰਹਾਉ॥
ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥੧॥
ਜਾਨ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥੨॥
ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥੩॥੩॥

ਠੀਕ ਸਵੇਰ ਦੇ 7.45 ਵਜੇ ਭਾਈ ਸਾਹਿਬ ਮੇਵਾ ਸਿੰਘ ਦੀ ਆਤਮਾ ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਉਹਨਾਂ ਦੀ ਲਾਸ਼ ਨੂੰ ਫਾਂਸੀ ਤੋਂ ਉਤਾਰ ਕੇ ਘਰ ਵਿਚ ਲਿਆ ਕੇ ਉਹਨਾਂ ਦੇ ਪੰਜ ਭੂਤਕ ਸਰੀਰ ਨੂੰ ਕੱਫਣ ਪਹਿਨਾਇਆ ਗਿਆ। ਜਦ ਭਾਈ ਸਾਹਿਬ ਮੇਵਾ ਸਿੰਘ ਦੀ ਲਾਸ਼ ਜੇਲ੍ਹ 'ਚੋਂ ਬਾਹਰ ਕੱਢੀ ਗਈ ਤਾਂ ਬਾਹਰ ਸੰਗਤ ਦਾ ਸਮੁੰਦਰ ਉਮੜਿਆ ਹੋਇਆ ਸੀ। ਸੰਗਤ ਵਲੋਂ ਪੈਦਲ ਹੀ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਫਰੇਜ਼ਰ ਮਿੱਲ ਦੇ ਸਮਸ਼ਾਨ ਘਾਟ ਵੱਲ ਲਿਜਾਇਆ ਗਿਆ। ਭਾਈ ਸਾਹਿਬ ਮੇਵਾ ਸਿੰਘ ਦੇ ਸਸਕਾਰ ਮੌਕੇ ਜਿਨੀ ਸੰਗਤ ਜੁੜ ਚੁੱਕੀ ਸੀ ਇਹ 1908 ਵਿਚ ਵੈਨਕੂਵਰ ਦੇ ਗੁਰਦੁਆਰੇ ਦੀ ਉਦਘਾਟਨੀ ਰਸਮ ਤੋਂ ਬਾਅਦ ਐਨੀ ਵੱਡੀ ਗਿਣਤੀ ਵਿਚ ਦੂਜੀ ਵਾਰ ਜੁੜੀ ਸੀ। ਸਾਰੀ ਸੰਗਤ ਗੁਰਬਾਣੀ ਦਾ ਸ਼ਬਦ ਕੀਰਤਨ ਕਰਦੀ ਜਾ ਰਹੀ ਸੀ। ਇਸ ਸੋਗੀ ਮਹੌਲ ਨੂੰ ਦੇਖ ਕੇ ਇੰਦਰ ਦੇਵਤਾ ਵੀ ਹੰਝੂ ਕੇਰਨੋਂ ਨਾ ਰਹਿ ਸਕਿਆ ਪਰ ਸੰਗਤ ਨੇ ਮੀਂਹ ਅਤੇ ਚਿੱਕੜ ਦੀ ਕੋਈ ਪ੍ਰਵਾਹ ਨਾ ਕੀਤੀ। ਭਾਈ ਸਾਹਿਬ ਮੇਵਾ ਸਿੰਘ ਦੀ ਮਿਰਤਕ ਦੇਹ ਦਾ ਫਰੇਜ਼ਰ ਮਿਲ ਦੇ ਸਮਸ਼ਾਨ ਘਾਟ ਵਿਚ ਪੂਰਨ ਸਿੱਖ ਮਰਿਆਦਾ ਨਾਲ ਸਸਕਾਰ ਕਰ ਦਿੱਤਾ ਗਿਆ। ਸਸਕਾਰ ਤੋਂ ਬਾਅਦ ਸਾਰੀ ਸੰਗਤ ਗੁਰਦੁਆਰੇ ਵਿਚ ਜੁੜ ਗਈ, ਜਿਥੇ ਭਾਈ ਸਾਹਿਬ ਭਾਈ ਮੇਵਾ ਸਿੰਘ ਦੀ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼ ਕਰਵਾਇਆ ਗਿਆ। ਭੋਗ ਵਾਲੇ ਦਿਨ ਵਿਸ਼ਾਲ ਦੀਵਾਨ ਸਜਿਆ ਜਿਥੇ ਸਾਰੇ ਕੇਨੇਡਾ ਦੀ ਸੰਗਤ ਪੁੱਜੀ ਹੋਈ ਸੀ। ਭਾਈ ਸਾਹਿਬ ਮੇਵਾ ਸਿੰਘ ਦੀ ਯਾਦ ਵਿਚ ਸੱਤ ਦਿਨ ਲਗਾਤਾਰ ਦੀਵਾਨ ਸਜਦਾ ਰਿਹਾ। ਭਾਈ ਸਾਹਿਬ ਦੀ ਸ਼ਹਾਦਤ ਨੇ ਗ਼ਦਰ ਲਹਿਰ ਨੂੰ ਅਜਿਹਾ ਹੁਲਾਰਾ ਦਿੱਤਾ ਕਿ ਬਹੁਤ ਸਾਰੇ ਗ਼ਦਰੀ ਬ੍ਰਿਟਿਸ਼ ਸਾਮਰਾਜ ਤੋਂ ਭਾਈ ਸਾਹਿਬ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਪੰਜਾਬ ਵੱਲ ਵਹੀਰਾਂ ਘੱਤ ਕੇ ਤੁਰ ਪਏ।

## ਗਰਮਖਿਆਲੀਆਂ ਵਲੋਂ ਲਾਈ ਪਾਬੰਦੀ ਵਿਰੁਧ ਭਾਰਤੀ ਦੂਤਾਵਾਸ ਦੇ ਅਧਿਕਾਰੀ ਗੁਰਦੁਆਰਿਆਂ 'ਚ ਜਾ ਕੇ ਕਰਨ ਲੱਗੇ ਲਾਮਬੰਦੀ

ਮੇਲ-ਜੋਲ ਵਧਾਉਣ ਨੂੰ ਜਥੇਬੰਦੀ ਨੇ ਸਿੱਖਾਂ ਦੇ ਮਾਮਲੇ 'ਚ ਦਖ਼ਲ ਅਤੇ ਸਿੱਖ ਵਿਰੋਧੀ ਸਰਗਰਮੀਆਂ ਕਰਾਰ ਦਿੱਤਾ ਸੀ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਸਤੰਬਰ 'ਚ ਲੰਡਨ 'ਚ 'ਆਪਣੀਆਂ ਜੜ੍ਹਾਂ ਨਾਲ ਜੁੜੋ' ਪ੍ਰੋਗਰਾਮ ਸ਼ੁਰੂ ਕੀਤੇ ਜਾਣ ਤੋਂ ਵੀ ਜਥੇਬੰਦੀ ਨਾਰਾਜ਼ ਹੋ ਗਈ ਸੀ। ਪ੍ਰੋਗਰਾਮ ਦਾ ਮਕਸਦ ਬ੍ਰਿਟੇਨ 'ਚ ਨੌਜਵਾਨ ਸਿੱਖ ਪੀੜ੍ਹੀ ਨੂੰ ਗਰਮ ਖ਼ਿਆਲੀ ਜਥੇਬੰਦੀਆਂ ਵੱਲੋਂ ਕਥਿਤ ਤੌਰ 'ਤੇ ਗੁੰਮਰਾਹ ਕਰਨ ਤੋਂ ਰੋਕਣਾ ਸੀ। ਬਰਤਾਨੀਆ ਦੇ ਗਰਮ ਖ਼ਿਆਲੀ ਸਿੱਖ ਇਸ ਗੱਲੋਂ ਵੀ ਨਾਰਾਜ਼ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2015 ਦੇ ਦੌਰੇ ਮੌਕੇ ਕਾਲੀ ਸੂਚੀ ਖ਼ਤਮ ਕਰਨ ਦੇ ਕੀਤੇ ਆਪਣੇ ਵਾਅਦੇ ਨੂੰ ਪੂਗਾ ਨਹੀਂ ਸਕੇ ਹਨ। ਬ੍ਰਿਟਿਸ਼ ਵਿਦੇਸ਼ ਦਫ਼ਤਰ ਨੇ ਗ੍ਰਹਿ ਦਫ਼ਤਰ ਤੋਂ ਪ੍ਰਤੀਕਰਮ ਲੈਣ ਦਾ ਆਖ ਕੇ ਟਾਲਾ ਵੱਟ ਲਿਆ। ਉਂਜ ਵਿਦੇਸ਼ ਦਫ਼ਤਰ ਦੇ ਅਹਿਮ ਸੂਤਰ ਨੇ ਕਿਹਾ ਕਿ ਐਸਐਫਯੂਕੇ ਜਥੇਬੰਦੀ 'ਤੇ ਉਹ ਨਜ਼ਰ ਰੱਖ ਰਹੇ ਹਨ ਅਤੇ ਭਾਰਤ-ਬਰਤਾਨੀਆ ਸਬੰਧਾਂ ਨੂੰ ਖ਼ਰਾਬ ਕਰਨ ਦੀ ਕਿਸੇ ਵੀ ਕੋਸ਼ਿਸ਼ ਦੀ ਉਹ ਇਜਾਜ਼ਤ ਨਹੀਂ ਦੇਣਗੇ। ਸਕਾਟਲੈਂਡ ਯਾਰਡ (ਲੰਡਨ ਮੈਟਰੋਪਾਲਿਟਨ ਪੁਲੀਸ) ਤੋਂ ਜਦੋਂ ਗੁਰਦੁਆਰਿਆਂ 'ਚ ਭਾਰਤੀ ਕੂਟਨੀਤਕਾਂ ਨੂੰ ਸੁਰੱਖਿਆ ਦੇਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਕੋਈ ਜੁਰਮ ਹੋਇਆ ਜਾਂ ਸ਼ਾਂਤੀ ਭੰਗ ਹੋਈ ਤਾਂ ਹੀ ਪੁਲੀਸ ਕੋਈ ਦਖ਼ਲ ਦੇਵੇਗੀ।

## ਆਖ਼ਰ ਕੈਪਟਨ ਨੇ ਕੀਤੀ ਕਰਜ਼ਾ ਮੁਆਫ਼ੀ ਸਕੀਮ ਦੀ ਸ਼ੁਰੂਆਤ

ਵੀ ਉਪਰਾਲਾ ਕਰੇਗੀ ਅਤੇ ਵੱਡਿਆਂ ਦੀ ਥਾਂ ਛੋਟੇ ਅਤੇ ਲੋੜਵੰਦ ਕਿਸਾਨਾਂ ਦੇ ਸਹਿਕਾਰੀ ਅਦਾਰਿਆਂ ਤੋਂ ਇਲਾਵਾ ਕਮਰਸ਼ੀਅਲ ਬੈਂਕਾਂ ਦੇ ਕਰਜ਼ੇ ਵੀ ਆਰਥਿਕ ਹਾਲਤ ਠੀਕ ਹੋਣ ਤੋਂ ਬਾਅਦ ਮੁਆਫ਼ ਕਰ ਦਿੱਤੇ ਜਾਣਗੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫੀ ਦੀ ਅਕਾਲੀਆਂ, ਆਮ ਆਦਮੀ ਪਾਰਟੀ ਅਤੇ ਕੁਝ ਕਿਸਾਨ ਯੂਨੀਅਨਾਂ ਵੱਲੋਂ ਕੀਤੇ ਜਾ ਰਹੇ ਭੰਡੀ ਪ੍ਰਚਾਰ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਬਰਨਾਲਾ ਦੇ ਇਕ ਕਿਸਾਨ ਵੱਲੋਂ ਕੱਲ੍ਹ ਕੀਤੀ ਗਈ ਖੁਦਕੁਸ਼ੀ ਦਾ ਜ਼ਿਕਰ ਕਰਦਿਆਂ ਇਸ ਗੱਲੋਂ ਇਨਕਾਰ ਕੀਤਾ ਹੈ ਕਿ ਉਸ ਕਿਸਾਨ ਨੇ ਕਰਜ਼ਾ ਮੁਆਫੀ ਦੀ ਸੂਚੀ ਵਿੱਚ ਆਪਣਾ ਨਾਂ ਨਾ ਆਉਣ ਕਾਰਨ ਆਤਮ ਹੱਤਿਆ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਇਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ 701 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ ਕੋਲੋਂ ਤਕਰੀਬਨ 47,000 ਕਿਸਾਨਾਂ ਨੇ ਕਰਜ਼ਾ ਲਿਆ ਹੈ ਅਤੇ ਪਹਿਲੇ ਪੜਾਅ ਦੌਰਾਨ 5.63 ਲੱਖ ਕਿਸਾਨਾਂ ਨੂੰ ਲਾਭ ਪਹੁੰਚੇਗਾ, ਜਿਨ੍ਹਾਂ ਨੂੰ 2700 ਕਰੋੜ ਰੁਪਏ ਦੀ ਰਾਹਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਤਕਨੀਕੀ ਨੁਕਸਾਂ ਕਾਰਨ ਕੁਝ ਕਿਸਾਨ ਇਸ ਸਕੀਮ 'ਚੋਂ ਬਾਹਰ ਰਹਿ ਗਏ ਹਨ। ਇਸ ਦਾ ਵੀ ਹੱਲ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਸਬੰਧਤ ਐਸ.ਡੀ.ਐਮ. ਜਾਂ ਡੀ.ਸੀ. ਕੋਲ ਪਹੁੰਚ ਕਰ ਸਕਦੇ ਹਨ। ਕਰਜ਼ਾ ਮੁਆਫੀ ਦੀ ਸਮੁੱਚੀ ਪ੍ਰਕਿਰਿਆ ਚਾਰ ਪੜਾਵਾਂ ਵਿੱਚ ਮੁਕੰਮਲ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਸਬੰਧ ਵਿੱਚ ਮਾੜੀ ਸਿਆਸਤ ਖੇਡਦੇ ਰਹੇ ਹਨ ਜਦੋਂ ਕਿ ਕੈਪਟਨ ਸਰਕਾਰ ਨੇ ਇਸ ਪ੍ਰਤੀ ਆਪਣੀ ਪੂਰੀ ਵਚਨਬੱਧਤਾ ਅਤੇ ਸੰਜੀਦਗੀ ਨੂੰ ਪ੍ਰਗਟਾਇਆ ਹੈ। ਜਾਖੜ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਦੀ ਮੰਗ ਕੀਤੀ।

ਸਵਾਗਤੀ ਭਾਸ਼ਣ ਵਿੱਚ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਦੀ ਮਾੜੀ ਵਿੱਤੀ ਹਾਲਤ ਦੇ ਬਾਵਜੂਦ ਅਮਰਿੰਦਰ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਰਾਹਤ ਦੇਣ ਦੀ ਕੀਤੀ ਵਚਨਬੱਧਤਾ ਨੂੰ ਪੂਰਾ ਕੀਤਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਧੰਨਵਾਦ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਰਾਜ ਦੀ ਵਿੱਤੀ ਸਥਿਤੀ ਨੂੰ ਮੁੜ ਪੈਰਾਂ 'ਤੇ ਲਿਆਉਣ ਲਈ ਯਤਨ ਕਰ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਨੇ 16,000 ਕਿਲੋਮੀਟਰ ਲੰਮੀਆਂ ਸੰਪਰਕ ਸੜਕਾਂ ਦੀ ਮੁਰੰਮਤ ਅਤੇ ਪੱਧਰ ਉੱਚਾ ਚੁੱਕਣ ਵਾਲੇ ਪ੍ਰਾਜੈਕਟ ਦੀ ਵੀ ਸ਼ੁਰੂਆਤ ਕੀਤੀ। ਹੋਰਨਾਂ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਸਾਧੂ ਸਿੰਘ ਧਰਮਸੋਤ, ਅਰੁਨਾ ਚੌਧਰੀ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਅਜੀਤਇੰਦਰ ਸਿੰਘ ਮੋਫਰ ਆਦਿ ਇਸ ਮੌਕੇ ਹਾਜ਼ਰ ਸੀ।

# ਭਾਰਤ ਭੂਸ਼ਣ ਗੁਪਤਾ ਨੇ ਸਿਖਾਈ ਸੀ ਆਧਾਰ ਦੇ ਜਿੰਦਰੇ ਦੀ ਚਾਬੀ

**ਜਲੰਧਰ/ਬਿਊਰੋ ਨਿਊਜ਼:**
ਭਾਰਤ ਭੂਸ਼ਣ ਗੁਪਤਾ (32 ਸਾਲ) ਉਹ ਸ਼ਖਸ ਹੈ ਜਿਸ ਨੇ ਆਧਾਰ ਡੇਟਾ ਤੱਕ ਖੁੱਲ੍ਹੀ ਪਹੁੰਚ ਦਾ ਮਾਮਲਾ 'ਦ ਟ੍ਰਿਬਿਊਨ' ਦੇ ਧਿਆਨ ਵਿੱਚ ਲਿਆਂਦਾ ਸੀ, ਜਿਸ ਤੋਂ ਬਾਅਦ ਅਖ਼ਬਾਰ ਨੇ ਆਪਣੇ ਪੱਧਰ 'ਤੇ ਇਸ ਦੀ ਜਾਂਚ ਕੀਤੀ ਅਤੇ ਮਗਰੋਂ ਉਸ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ। ਸ੍ਰੀ ਗੁਪਤਾ ਨੇ ਪਹਿਲਾਂ ਇਹ ਮਾਮਲਾ ਯੂਆਈਡੀਏਆਈ ਦੇ ਧਿਆਨ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ।
ਜ਼ਿਕਰਯੋਗ ਹੈ ਕਿ ਜਲੰਧਰ ਅਧਾਰਤ ਵਿਲੇਜ ਲੈਵਲ ਆਂਤਰਪ੍ਰੀਨਿਊਰ (ਵੀਐਲਈ) ਨੂੰ 29 ਦਸੰਬਰ ਨੂੰ ਵਟਸਐਪ 'ਤੇ ਅਣਪਛਾਤੇ ਵਿਅਕਤੀ ਨੇ ਆਧਾਰ ਡੇਟਾ ਤਕ ਖੁੱਲ੍ਹੀ ਪਹੁੰਚ ਦੇਣ ਦੀ ਪੇਸ਼ਕਸ਼ ਕੀਤੀ ਸੀ । ਪਰ ਜਦੋਂ ਉਸ ਨੇ ਆਪਣਾ ਆਧਾਰ ਨੰਬਰ ਪਾ ਕੇ ਇਸ ਨੂੰ ਚੈੱਕ ਕੀਤਾ ਤਾਂ ਉਹ ਇਸ ਗੱਲੋਂ ਹੈਰਾਨ ਸੀ ਕਿ ਸਕਰੀਨ 'ਤੇ ਦਿਖਾਈ ਗਈ ਜਾਣਕਾਰੀ ਉਸ ਦੀ ਆਪਣੀ ਪਹੁੰਚ ਤੋਂ ਵੀ ਕਿਤੇ ਵਧ ਸੀ। ਮਗਰੋਂ ਉਸ ਨੇ ਆਪਣੇ ਦੋਸਤਾਂ ਅਤੇ ਜਾਣ ਪਛਾਣ ਵਾਲਿਆਂ ਦੇ ਆਧਾਰ ਨੰਬਰ ਪਾ ਕੇ ਵੀ ਇਸ ਨੂੰ ਚੈੱਕ ਕੀਤਾ। ਗੁਪਤਾ ਕਈ ਦਿਨਾਂ ਤੋਂ ਇਸ ਨੂੰ ਲੈ ਕੇ ਬੇਚੈਨ ਸੀ ਅਤੇ ਅਖੀਰ ਉਸ ਨੇ ਇਹ ਮਾਮਲਾ ਕਿਸੇ ਦੇ ਧਿਆਨ ਵਿਚ ਲਿਆਉਣ ਦਾ ਫੈਸਲਾ ਕੀਤਾ। ਉਸ ਨੇ ਯੂਆਈਡੀਏਆਈ ਹੈਲਪਲਾਈਨ ਦੇ ਟੋਲਫਰੀ ਨੰਬਰ 1947 'ਤੇ ਵੀ ਫੋਨ ਕੀਤਾ, ਜੋ ਅਪਰੇਟਰ ਨਾਲ ਜੁੜ ਰਿਹਾ ਸੀ। ਉਸ ਨੇ ਅਪਰੇਟਰ ਨੂੰ ਦੱਸਿਆ ਕਿ ਇਹ ਬਹੁਤ ਹੀ ਨਾਜ਼ੁਕ ਅਤੇ ਤਕਨੀਕੀ ਮਸਲਾ ਹੈ ਤੇ ਉਹ ਉਸ ਦੀ ਗੱਲ ਕਿਸੇ ਸੀਨੀਅਰ ਅਧਿਕਾਰੀ ਨਾਲ ਕਰਵਾਏ, ਪਰ ਅਪਰੇਟਰ ਨੇ ਉਸ ਨੂੰ ਦੱਸਿਆ ਕਿ ਕੋਈ ਸੀਨੀਅਰ ਅਧਿਕਾਰੀ ਹਾਜ਼ਰ ਨਹੀਂ ਹੈ। ਯੂਏਡੀਏਆਈ ਤੋਂ ਕੋਈ ਜਵਾਬ ਨਾ ਮਿਲਣ 'ਤੇ ਗੁਪਤਾ ਨੇ ਇਸ ਪੱਤਰਕਾਰ ਨਾਲ ਰਾਬਤਾ ਕੀਤਾ। ਪੱਤਰਕਾਰ ਨੇ ਗੁਪਤਾ ਦੀ ਮਦਦ ਨਾਲ ਆਧਾਰ ਡੇਟਾ ਤਕ ਪਹੁੰਚ ਵੇਚਣ ਵਾਲੇ ਨਾਲ ਵਟਸਐਪ 'ਤੇ ਸੰਪਰਕ ਕੀਤਾ ਅਤੇ ਉਸ ਤੋਂ ਅਨਾਮਿਕਾ ਦੇ ਨਾਂ 'ਤੇ ਵੱਖਰਾ ਲੌਗਇਨ ਲਿਆ। ਜਿਸ ਰਾਹੀਂ ਉਸ ਨੂੰ ਆਧਾਰ ਡੇਟਾ ਤਕ ਖੁੱਲ੍ਹੀ ਪਹੁੰਚ ਮਿਲ ਗਈ। ਇਸ ਦਾ ਜ਼ਿਕਰ ਪੱਤਰਕਾਰ ਨੇ ਵੀਰਵਾਰ ਨੂੰ ਆਪਣੀ ਰਿਪੋਰਟ ਵਿੱਚ ਵੀ ਕੀਤਾ ਸੀ।

## ਆਧਾਰ ਖ਼ੁਲਾਸੇ ਬਾਰੇ ਯੂਆਈਡੀਏਆਈ ਨੂੰ ਟ੍ਰਿਬਿਊਨ ਦਾ ਜਵਾਬ

### ਆਧਾਰ ਅਥਾਰਿਟੀ ਵੱਲੋਂ ਪੁੱਛੇ ਗਏ ਸਵਾਲ

**ਚੰਡੀਗੜ੍ਹ/ਬਿਊਰੋ ਨਿਊਜ਼:** ਆਧਾਰ ਬਾਰੇ ਅਹਿਮ ਖ਼ੁਲਾਸੇ ਕਰਨ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਕੀਤੇ ਜਾਣ ਬਾਅਦ ਯੂਆਈਡੀਏਆਈ ਵੱਲੋਂ ਭੇਜੇ ਸਵਾਲਾਂ ਦੇ ਦਿ ਟ੍ਰਿਬਿਊਨ' ਵੱਲੋਂ ਦਿੱਤੇ ਜਵਾਬ। 6 ਜਨਵਰੀ ਨੂੰ ਦਿ ਟ੍ਰਿਬਿਊਨ' ਨੂੰ ਭੇਜੀ ਮੇਲ ਵਿੱਚ ਯੂਆਈਡੀਏਆਈ ਦੇ ਚੰਡੀਗੜ੍ਹ ਸਥਿਤ ਖੇਤਰੀ ਦਫ਼ਤਰ ਵੱਲੋਂ ਹੇਠ ਲਿਖੀ ਜਾਣਕਾਰੀ ਮੰਗੀ ਗਈ ਸੀ।
1) ਕੀ ਤੁਹਾਡੇ ਪੱਤਰਕਾਰ ਲਈ ਯੂਆਈਡੀਏਆਈ ਪੋਰਟਲ 'ਤੇ ਉਂਗਲਾਂ ਦੇ ਨਿਸ਼ਾਨ ਅਤੇ ਅੱਖ ਦੀ ਪੁਤਲੀ ਦੀ ਸਕੈਨ ਪ੍ਰਾਪਤ ਕਰਨੀ ਜਾਂ ਦੇਖਣੀ ਸੰਭਵ ਸੀ ?
2) ਦੱਸੇ ਗਏ ਲੌਗਇਨ ਯੂਜ਼ਰ ਆਈਡੀ ਅਤੇ ਪਾਸਵਰਡ ਰਾਹੀਂ ਇਸ ਪੱਤਰਕਾਰ ਨੇ ਅਸਲ ਵਿੱਚ ਕਿੰਨੇ ਆਧਾਰ ਨੰਬਰਾਂ ਤਕ ਪਹੁੰਚ ਕੀਤੀ ਸੀ ਅਤੇ ਇਹ ਆਧਾਰ ਨੰਬਰ ਕਿੰਨਾਂ ਦੇ ਸਨ ?
ਤੁਹਾਨੂੰ 8 ਜਨਵਰੀ, 2018 ਤਕ ਇਸ ਮੇਲ, ਜਿਸ ਤੋਂ ਤੁਹਾਨੂੰ ਮੇਲ ਆਈ ਹੈ, 'ਤੇ ਯੂਆਈਡੀਏਆਈ ਨੂੰ ਜਵਾਬ ਭੇਜਣ ਲਈ ਬੇਨਤੀ ਕਰਦੇ ਹਾਂ। ਜਵਾਬ ਨਾ ਮਿਲਣ ਦੀ ਸੂਰਤ ਵਿੱਚ ਸਮਝਿਆ ਜਾਵੇਗਾ ਕਿ ਕਿਸੇ ਉਂਗਲ ਦੇ ਨਿਸ਼ਾਨ ਅਤੇ ਅੱਖ ਦੀ ਪੁਤਲੀ ਦੀ ਸਕੈਨ ਤਕ ਪਹੁੰਚ ਨਹੀਂ ਹੋਈ ਸੀ।'

### ਯੂਆਈਡੀਏਆਈ ਨੂੰ ਦਿ ਟ੍ਰਿਬਿਊਨ' ਵੱਲੋਂ ਹੇਠ ਲਿਖਿਆ ਜਵਾਬ ਭੇਜਿਆ ਗਿਆ

**ਦਿ ਏਡੀਜੀ, ਚੰਡੀਗੜ੍ਹ,**
**ਖੇਤਰੀ ਦਫ਼ਤਰ, ਚੰਡੀਗੜ੍ਹ**
ਯੂਨੀਕ ਆਇਡੈਂਟੀਫਿਕੇਸ਼ਨ ਅਥਾਰਿਟੀ ਆਫ ਇੰਡੀਆ,
ਭਾਰਤ ਸਰਕਾਰ।
ਵਿਸ਼ਾ: ਦਿ ਟ੍ਰਿਬਿਊਨ' ਵੱਲੋਂ 4 ਜਨਵਰੀ, 2018 ਨੂੰ ਪੱਤਰਕਾਰ ਰਚਨਾ ਖਹਿਰਾ ਦੀ ਖ਼ਬਰ "500 ਰੁਪਏ, 10 ਮਿੰਟ, ਤੇ ਤੁਸੀਂ ਪਹੁੰਚ ਗਏ ਅਰਬ ਆਧਾਰ ਕਾਰਡਾਂ ਤਕ" ਸਿਰਲੇਖ ਹੇਠ ਪ੍ਰਕਾਸ਼ਿਤ ਕੀਤੀ ਗਈ ਅਤੇ ਟ੍ਰਿਬਿਊਨ ਨਿਊਜ਼ ਸਰਵਿਸ ਵੱਲੋਂ 5 ਜਨਵਰੀ, 2018 ਨੂੰ ਦੂਜੀ ਖ਼ਬਰ 'ਯੂਆਈਡੀਏਆਈ ਨੇ ਕਿਹਾ ਟ੍ਰਿਬਿਊਨ ਦੀ ਖ਼ਬਰ 'ਗਲਤ', ਪੜ੍ਹੋ ਇਹ ਕਿਵੇਂ ਗਲਤ ਹੈ' ਸਿਰਲੇਖ ਹੇਠ ਪ੍ਰਕਾਸ਼ਿਤ ਕੀਤੀ।
**ਸ੍ਰੀ ਮਾਨ,**
ਤੁਹਾਡੇ ਵੱਲੋਂ 6 ਜਨਵਰੀ, 2018 ਨੂੰ ਰਾਤ 11.43 'ਤੇ ਈ-ਮੇਲ ਰਾਹੀਂ ਭੇਜਿਆ ਪੱਤਰ ਸਾਨੂੰ ਮਿਲਿਆ ਹੈ। ਇਸ ਪੱਤਰ ਦਾ ਸਾਡਾ ਜਵਾਬ ਇਹ ਹੈ:
ਅਸੀਂ ਸਮਝਦੇ ਹਾਂ ਕਿ ਇਸ ਮਸਲੇ ਵਿੱਚ ਯੂਆਈਡੀਏਆਈ ਵੱਲੋਂ ਦਿ ਟ੍ਰਿਬਿਊਨ' ਅਤੇ ਜਾਂ ਇਸ ਦੀ ਪੱਤਰਕਾਰ ਰਚਨਾ ਖਹਿਰਾ ਖ਼ਿਲਾਫ਼ ਪਹਿਲਾਂ ਹੀ ਐਫਆਈਆਰ ਦਰਜ ਕਰਾਈ ਜਾ ਚੁੱਕੀ ਹੈ, ਜਿਸ ਲਈ ਇਸ ਪੱਤਰ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ।
ਸਨਿਮਰ ਇਹ ਦੱਸਿਆ ਜਾਂਦਾ ਹੈ ਕਿ ਦਿ ਟ੍ਰਿਬਿਊਨ' ਜ਼ਿੰਮੇਵਾਰ ਅਖ਼ਬਾਰ ਹੈ ਅਤੇ ਇਸ ਦੀਆਂ ਖ਼ਬਰਾਂ ਅਤੇ ਵਿਚਾਰ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਜਾਂ ਪੂਰਵਧਾਰਨਾ ਬਗ਼ੈਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਤੁਹਾਡੇ ਪੱਤਰ ਵਿੱਚ ਜਿਹੜੀਆਂ ਖ਼ਬਰਾਂ ਦਾ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਵਿਚਲੇ ਮਸਲੇ ਦੀ ਅਹਿਮੀਅਤ ਅਤੇ ਨਾਜ਼ੁਕਤਾ ਨਾਲ ਅਸੀਂ ਡੂੰਘਾ ਸਰੋਕਾਰ ਰੱਖਦੇ ਹਾਂ। ਇਸ ਕਾਰਨ ਅਸੀਂ ਆਪਣੇ ਆਪ ਸਾਡੇ ਸੂਤਰ ਨਸ਼ਰ ਕੀਤੇ ਸਨ ਤਾਂ ਜੋ ਅਧਿਕਾਰੀ ਇਸ ਮਸਲੇ ਦੇ ਹੱਲ ਲਈ ਤੁਰੰਤ ਸਬੰਧਤ ਜਗ੍ਹਾ ਪਹੁੰਚ ਸਕਣ। ਹਾਲਾਂਕਿ ਤੁਹਾਡਾ ਪੱਤਰ ਕਹਿ ਰਿਹਾ ਹੈ ਕਿ ਇਨ੍ਹਾਂ ਸਵਾਲਾਂ ਦਾ ਜਾਂ ਤਾਂ ਜਵਾਬ ਦੇਵੋ ਜਾਂ ਤੁਸੀਂ ਸਮਝੋਗੇ ਕਿ ਉਂਗਲਾਂ ਦੇ ਨਿਸ਼ਾਨ ਅਤੇ ਅੱਖ ਦੀ ਪੁਤਲੀ ਸਕੈਨ ਤਕ ਪਹੁੰਚ ਨਹੀਂ ਹੋਈ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।
ਇਹ ਦੁਹਰਾਇਆ ਜਾਂਦਾ ਹੈ ਕਿ ਦਿ ਟ੍ਰਿਬਿਊਨ' ਵੱਲੋਂ ਪ੍ਰਕਾਸ਼ਿਤ ਕੀਤੀਆਂ ਖ਼ਬਰਾਂ 'ਚ ਮੁਕੰਮਲ ਤੱਥ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ। ਸਾਨੂੰ ਅਫ਼ਸੋਸ ਹੈ ਕਿ ਆਧਾਰ 'ਚ ਲੱਗੀ ਇਸ ਸੰਨ੍ਹ ਬਾਰੇ ਕੀਤੇ ਖ਼ੁਲਾਸੇ ਨੂੰ ਅਧਿਕਾਰੀ ਸਕਾਰਾਤਮਕ ਤੌਰ 'ਤੇ ਲੈਣ ਵਿੱਚ ਨਾਕਾਮ ਰਹੇ ਹਨ।
ਫਿਰ ਵੀ, ਤੁਹਾਨੂੰ ਅਜਿਹੀ ਜਾਣਕਾਰੀ ਮੁਹੱਈਆ ਕਰਵਾ ਕੇ ਸਾਨੂੰ ਬੇਹੱਦ ਖ਼ੁਸ਼ੀ ਹੋਵੇਗੀ ਅਤੇ ਆਧਾਰ ਡੇਟਾ ਦੀ ਅਖੰਡਤਾ ਬਰਕਰਾਰ ਰੱਖਣ ਵਿੱਚ ਯੂਆਈਡੀਏਆਈ ਦੀ ਹਰ ਸੰਭਵ ਸਹਿਯੋਗ ਕਰਾਂਗੇ। ਇਸ ਵਾਸਤੇ ਸਾਡਾ ਮੰਨਣਾ ਹੈ ਕਿ ਇਹ ਠੀਕ ਰਹੇਗਾ ਕਿ ਦੋਵੇਂ ਧਿਰਾਂ ਨੂੰ ਮਨਜ਼ੂਰ ਵਿਅਕਤੀ ਆਵੇ ਅਤੇ ਸਾਡੇ ਨਾਲ ਗੱਲਬਾਤ ਕਰੇ ਤਾਂ ਜੋ ਇਸ ਮਸਲੇ ਨੂੰ ਲੰਬੇ ਗੇੜ ਵਿੱਚ ਪਾਉਣ ਬਜਾਏ ਅਸੀਂ ਸਾਰੇ ਸਵਾਲਾਂ ਦੇ ਤਫ਼ਸੀਲ ਵਿੱਚ ਜਵਾਬ ਦੇ ਸਕੀਏ।

## 'ਆਧਾਰ' ਡੇਟਾ ਨੂੰ ਸੰਨ੍ਹ ਲਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ

ਵੱਲੋਂ ਆਧਾਰ ਡੇਟਾ ਨੂੰ ਸੰਨ ਸਬੰਧੀ ਦ ਟ੍ਰਿਬਿਊਨ ਦੀ ਰਿਪੋਰਟ ਦੇ ਅਧਾਰ 'ਤੇ ਐਫਆਈਆਰ ਦਰਜ ਕਰਾਈ ਸੀ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਜਾਂਚ ਟੀਮ ਨੇ ਯੂਆਈਡੀਏਆਈ ਤੋਂ ਕੁਝ ਜਾਣਕਾਰੀ ਮੰਗੀ ਸੀ ਪਰ ਉਨ੍ਹਾਂ ਨੂੰ ਦਿੱਤੀ ਗਈ ਜਾਣਕਾਰੀ ਅਧੂਰੀ ਹੈ।
ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀ ਨੇ ਦੱਸਿਆ ਕਿ ਉਹ ਪੱਤਰਕਾਰ ਨੂੰ ਗ੍ਰਿਫ਼ਤਾਰ ਕਰਨ 'ਤੇ ਵਿਚਾਰ ਨਹੀਂ ਕਰ ਰਹੇ। ਉਸ ਤੋਂ ਸਿਰਫ਼ ਪੁੱਛਗਿਛ ਕੀਤੀ ਜਾਵੇਗੀ। ਉਨ੍ਹਾਂ ਇਸ ਗੱਲ ਦੇ ਕੋਈ ਸੰਕੇਤ ਨਹੀਂ ਦਿੱਤੇ ਕਿ ਇਹ ਪੁੱਛਗਿਛ ਕਦੋਂ ਅਤੇ ਕਿੱਥੇ ਹੋਵੇਗੀ। ਇਕ ਹੋਰ ਜਾਂਚ ਅਧਿਕਾਰੀ ਨੇ ਦੱਸਿਆ ਐਫਆਈਆਰ ਵਿੱਚ ਨਾਮਜ਼ਦ ਹਰ ਇਕ ਵਿਅਕਤੀ ਉਦੋਂ ਤਕ ਮੁਲਜ਼ਮ ਨਹੀਂ ਹੈ, "ਜਦੋਂ ਤਕ ਉਸ ਖ਼ਿਲਾਫ਼ ਨਿਰਪੱਖ ਅਤੇ ਪੂਰੀ ਜਾਂਚ ਨਹੀਂ ਹੋ ਜਾਂਦੀ ਅਤੇ ਉਹ ਕਾਨੂੰਨ ਦੀ ਨਿਗ੍ਹਾ ਵਿੱਚ ਕਸੂਰਵਾਰ ਸਾਬਤ ਨਹੀਂ ਹੋ ਜਾਂਦਾ।"

### ਡੇਟਾ ਵਿੱਚ ਸੰਨ੍ਹ ਖ਼ਿਲਾਫ਼ ਜਨਹਿੱਤ ਪਟੀਸ਼ਨ

ਜਲੰਧਰ: ਮਨੁੱਖੀ ਅਧਿਕਾਰ ਕਾਰਕੁਨ ਤੇ ਸੰਸਾਰ ਮਨੁੱਖੀ ਅਧਿਕਾਰ ਰੱਖਿਆ ਕੌਂਸਲ (ਡਬਲਿਊਐਚਆਰਪੀਸੀ) ਦੇ ਚੇਅਰਮੈਨ ਰੰਜਨ ਲਖਨਪਾਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਇਰ ਕਰਕੇ 'ਦਿ ਟ੍ਰਿਬਿਊਨ' ਵੱਲੋਂ ਪਿਛਲੇ ਦਿਨੀਂ ਨਸ਼ਰ ਅਧਾਰ ਡੇਟਾ 'ਚ ਸੰਨ੍ਹ ਮਾਮਲੇ ਦੀ ਨਿਰਪੱਖ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਪਟੀਸ਼ਨ ਵਿੱਚ ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਵੀ ਰੱਖੀ ਹੈ। ਲਖਨਪਾਲ ਨੇ ਕਿਹਾ ਕਿ ਅਖ਼ਬਾਰ ਖ਼ਿਲਾਫ਼ ਦਰਜ ਕੇਸ ਪ੍ਰੈਸ ਦੀ ਆਜ਼ਾਦੀ ਨੂੰ ਪੈਰਾਂ ਹੇਠ ਮਧੋਲਣ ਦਾ ਯਤਨ ਹੈ। ਇਸ ਦੌਰਾਨ ਪੀਪੀਸੀਸੀ ਦੇ ਉਪ ਪ੍ਰਧਾਨ ਹਿਮਾਂਸ਼ੂ ਪਾਠਕ ਨੇ ਯੂਆਈਡੀਏਆਈ ਦੇ ਸੀਈਓ ਏ.ਬੀ.ਪਾਂਡੇ ਖ਼ਿਲਾਫ਼ ਪੁਲੀਸ ਕਮਿਸ਼ਨਰ ਪ੍ਰਵੀਨ ਸਿਨਹਾ ਨੂੰ ਸ਼ਿਕਾਇਤ ਦਿੱਤੀ ਹੈ। ਸ਼ਿਕਾਇਤ ਵਿੱਚ ਪਾਠਕ ਨੇ ਸੀਈਓ 'ਤੇ ਨਾਗਰਿਕਾਂ ਦੇ ਨਿੱਜੀ ਵੇਰਵੇ ਦੀ ਸੁਰੱਖਿਆ ਕਰਨ 'ਚ ਨਾਕਾਮ ਰਹਿਣ 'ਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਸ੍ਰੀ ਸਿਨਹਾ ਨੇ ਕਿਹਾ ਕਿ ਜਾਂਚ ਸ਼ੁਰੂ ਕਰਨ ਤੋਂ ਪਹਿਲਾਂ ਕਾਨੂੰਨੀ ਰਾਇ ਲਈ ਜਾਵੇਗੀ।

### ਸੰਪਾਦਕਾਂ ਦੀ ਜਥੇਬੰਦੀ ਨੇ ਸਰਕਾਰ ਨੂੰ ਆੜੇ ਹੱਥੀਂ ਲਿਆ

ਆਧਾਰ ਡੇਟਾ ਨਾਲ ਸਬੰਧਤ ਖ਼ੁਲਾਸੇ ਹੋਣ ਮਗਰੋਂ ਯੂਨੀਕ ਆਇਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂਆਈਡੀਏਆਈ) ਦੇ ਡਿਪਟੀ ਡਾਇਰੈਕਟਰ ਬੀ ਐਮ ਪਟਨਾਇਕ ਨੇ 'ਦਿ ਟ੍ਰਿਬਿਊਨ' ਅਤੇ ਉਸ ਦੀ ਰਿਪੋਰਟਰ ਰਚਨਾ ਖਹਿਰਾ ਖ਼ਿਲਾਫ਼ ਦਿੱਲੀ ਪੁਲੀਸ ਦੀ ਕ੍ਰਾਈਮ ਬ੍ਰਾਂਚ ਦੇ ਸਾਈਬਰ ਸੈੱਲ 'ਚ ਐਫਆਈਆਰ ਦਰਜ ਕਰਵਾਈ ਹੈ। ਜਾਇੰਟ ਕਮਿਸ਼ਨਰ ਆਫ਼ ਪੁਲੀਸ ਅਲੋਕ ਕੁਮਾਰ (ਕ੍ਰਾਈਮ ਬ੍ਰਾਂਚ) ਨੇ ਐਤਵਾਰ ਨੂੰ ਦੱਸਿਆ ਕਿ ਐਫਆਈਆਰ 'ਚ ਅਨਿਲ ਕੁਮਾਰ, ਸੁਨੀਲ ਕੁਮਾਰ ਅਤੇ ਰਾਜ ਦੇ ਨਾਮ ਵੀ ਦਰਜ ਹਨ ਜਿਨ੍ਹਾਂ ਬਾਰੇ 'ਦਿ ਟ੍ਰਿਬਿਊਨ' ਦੀ ਰਿਪੋਰਟ 'ਚ ਜ਼ਿਕਰ ਸੀ ਅਤੇ ਖਹਿਰਾ ਨੇ ਆਪਣੀ ਜਾਂਚ ਦੌਰਾਨ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਪੁਲੀਸ ਅਧਿਕਾਰੀ ਨੇ ਕਿਹਾ,"ਐਫਆਈਆਰ ਆਈਪੀਸੀ ਦੀਆਂ ਧਾਰਾਵਾਂ 419, 420 ਅਤੇ 468, ਆਈਟੀ ਐਕਟ ਦੀ ਧਾਰਾ 66 ਅਤੇ ਆਧਾਰ ਐਕਟ ਦੀਆਂ ਧਾਰਾਵਾਂ 36/37 ਤਹਿਤ ਦਰਜ ਕੀਤੀ ਗਈ ਹੈ।" ਸ਼ਿਕਾਇਤਕਰਤਾ ਬੀ ਐਮ ਪਟਨਾਇਕ, ਜੋ ਯੂਆਈਡੀਏਆਈ ਦੇ ਲੌਜਿਸਟਿਕ ਅਤੇ ਸ਼ਿਕਾਇਤ ਨਿਵਾਰਣ ਵਿਭਾਗ 'ਚ ਕੰਮ ਕਰਦੇ ਹਨ, ਨੇ ਐਫਆਈਆਰ 'ਚ ਲਿਖਿਆ, "3 ਜਨਵਰੀ ਦੇ ਦਿ ਟ੍ਰਿਬਿਊਨ ਰਾਹੀਂ ਜਾਣਕਾਰੀ ਮਿਲੀ ਕਿ 'ਦਿ ਟ੍ਰਿਬਿਊਨ' ਨੇ ਵੱਟਸਐਪ 'ਤੇ ਅਣਪਛਾਤੇ ਵਿਅਕਤੀਆਂ ਤੋਂ ਸੇਵਾ ਖ਼ਰੀਦੀ ਜਿਸ ਨਾਲ ਇਕ ਅਰਬ ਆਧਾਰ ਨੰਬਰਾਂ 'ਚੋਂ ਕਿਸੇ ਦੇ ਵੀ ਵੇਰਵਿਆਂ ਤਕ ਪਾਬੰਦੀਸ਼ੁਦਾ ਪਹੁੰਚ ਮੁਹੱਈਆ ਹੋ ਗਈ ਸੀ।" ਅੱਜ ਜਾਰੀ ਤਾਜ਼ਾ ਬਿਆਨ 'ਚ ਯੂਆਈਡੀਏਆਈ ਨੇ ਕਿਹਾ ਕਿ ਉਹ ਪ੍ਰੈੱਸ ਅਤੇ ਮੀਡੀਆ ਦੀ ਆਜ਼ਾਦੀ ਸਮੇਤ ਵਿਚਾਰਾਂ ਦੇ ਪ੍ਰਗਟਾਅ ਦੀ ਆਜ਼ਾਦੀ ਦਾ ਸਤਿਕਾਰ ਕਰਦੇ ਹਨ। ਉਂਜ ਘਟਨਾ ਦੇ ਪੂਰੇ ਵੇਰਵਿਆਂ ਨਾਲ ਐਫਆਈਆਰ ਦਰਜ ਕਰਨ ਨੂੰ ਇਸ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ ਕਿ ਯੂਆਈਡੀਏਆਈ ਮੀਡੀਆ, ਵ੍ਹਿਸਲਬਲੋਅਰ ਜਾਂ ਆਵਾਜ਼ ਉਠਾਉਣ ਵਾਲੇ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਮਝਣ ਵਾਲੀ ਗੱਲ ਹੈ ਕਿ ਜਦੋਂ ਵੀ ਜੁਰਮ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਸਬੰਧਤ ਵਿਅਕਤੀ ਨੂੰ ਐਫਆਈਆਰ ਦੇ ਰੂਪ 'ਚ ਰਿਪੋਰਟ ਦਰਜ ਕਰਾਉਣ ਦੀ ਲੋੜ ਹੈ ਜਿਸ 'ਚ ਅਪਰਾਧ ਦੇ ਪੂਰੇ ਵੇਰਵੇ ਅਤੇ ਘਟਨਾ ਬਾਰੇ ਜਾਣਕਾਰੀ ਪੁਲੀਸ ਨੂੰ ਦੇਣੀ ਪੈਂਦੀ ਹੈ ਤਾਂ ਜੋ ਪੁਲੀਸ ਜਾਂ ਜਾਂਚ ਏਜੰਸੀ ਢੁਕਵੀਂ ਜਾਂਚ ਕਰ ਸਕੇ ਅਤੇ ਦੋਸ਼ੀਆਂ ਨੂੰ ਸਬਕ ਸਿਖਾ ਸਕੇ। ਉਨ੍ਹਾਂ ਇਹ ਵੀ ਕਿਹਾ,"ਇਸ ਦਾ ਮਤਲਬ ਇਹ ਨਹੀਂ ਕਿ ਐਫਆਈਆਰ 'ਚ ਜ਼ਿਕਰ ਕੀਤਾ ਗਿਆ ਹਰ ਸ਼ਖ਼ਸ ਦੋਸ਼ੀ ਹੈ। ਢੁਕਵੀਂ ਅਤੇ ਮੁਕੰਮਲ ਜਾਂਚ ਮਗਰੋਂ ਜਦੋਂ ਤਕ ਉਸ ਸ਼ਖ਼ਸ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਨਹੀਂ ਹੋ ਜਾਂਦੀ ਅਤੇ ਅਦਾਲਤ 'ਚ ਉਸ ਨੂੰ ਦੋਸ਼ੀ ਸਾਬਿਤ ਨਹੀਂ ਕਰ ਦਿੱਤਾ ਜਾਂਦਾ, ਉਸ ਸਮੇਂ ਤਕ ਉਹ ਬੇਕਸੂਰ ਹੀ ਹੁੰਦਾ ਹੈ। ਪਰ ਜਿਹੜੇ ਸਾਰੇ ਘਟਨਾਕ੍ਰਮ ਨਾਲ ਜੁੜੇ ਹੋਏ ਹੁੰਦੇ ਹਨ, ਉਨ੍ਹਾਂ ਦੇ ਨਾਵਾਂ ਦਾ ਅਣਪਛਾਤਿਆਂ ਸਮੇਤ ਐਫਆਈਆਰ 'ਚ ਜ਼ਿਕਰ ਕਰਨਾ ਪੈਂਦਾ ਹੈ ਤਾਂ ਜੋ ਪੁਲੀਸ ਨਿਆਂ ਦੇ ਹਿੱਤ 'ਚ ਢੁਕਵੀਂ ਜਾਂਚ ਕਰ ਸਕੇ।" ਇਕ ਹੋਰ ਮਾਮਲੇ 'ਚ ਸੁਪਰੀਮ ਕੋਰਟ ਦਾ ਹਵਾਲਾ ਦਿੰਦਿਆਂ ਯੂਆਈਡੀਏਆਈ ਨੇ ਕਿਹਾ ਕਿ ਫ਼ੈਸਲੇ 'ਚ ਮੁਢਲੇ ਸਿਧਾਂਤ ਦਾ ਜ਼ਿਕਰ ਕੀਤਾ ਗਿਆ ਸੀ ਕਿ "ਕਿਸੇ ਮਾਮਲੇ ਦੇ ਮਹਿਜ਼ ਜਨਤਕ ਹਿੱਤ 'ਚ ਹੋਣ ਦੇ 'ਕੇਸ

### ਪ੍ਰੈੱਸ ਦੀ ਆਜ਼ਾਦੀ ਪ੍ਰਤੀ ਸਰਕਾਰ ਵਚਨਬੱਧ: ਪ੍ਰਸਾਦ

ਆਧਾਰ ਡੇਟਾ 'ਚ ਸੰਨ੍ਹ ਸਬੰਧੀ ਖ਼ਬਰਾਂ ਲਈ ਦਿ ਟ੍ਰਿਬਿਊਨ ਅਤੇ ਉਸ ਦੀ ਰਿਪੋਰਟਰ ਰਚਨਾ ਖਹਿਰਾ ਖ਼ਿਲਾਫ਼ ਐਫਆਈਆਰ ਦਰਜ ਕੀਤੇ ਜਾਣ 'ਤੇ ਚੁਫੇਰਿਉਂ ਘਿਰਨ ਮਗਰੋਂ ਕੇਂਦਰ ਸਰਕਾਰ ਨੇ ਪ੍ਰੈੱਸ ਦੀ ਆਜ਼ਾਦੀ ਦਾ ਹੋਕਾ ਦਿੰਦਿਆਂ ਅੱਜ ਕਿਹਾ ਕਿ ਐਫਆਈਆਰ ਅਣਪਛਾਤੇ' ਮੁਲਜ਼ਮਾਂ ਖ਼ਿਲਾਫ਼ ਦਰਜ ਕੀਤੀ ਗਈ ਹੈ। ਕੇਂਦਰੀ ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਟਵਿੱਟਰ 'ਤੇ ਸਰਕਾਰ ਦੇ ਪੱਖ ਨੂੰ ਸਪੱਸ਼ਟ ਕੀਤਾ। ਸੋਸ਼ਲ ਮੀਡੀਆ ਸਾਈਟ 'ਤੇ ਉਨ੍ਹਾਂ ਪੋਸਟ ਕੀਤਾ, ਸਰਕਾਰ ਪ੍ਰੈੱਸ ਦੀ ਆਜ਼ਾਦੀ ਅਤੇ ਨਾਲ ਹੀ ਭਾਰਤ ਦੇ ਵਿਕਾਸ ਲਈ ਆਧਾਰ ਦੀ ਸੁਰੱਖਿਆ ਕਾਇਮ ਰੱਖਣ ਪ੍ਰਤੀ ਵਚਨਬੱਧ ਹੈ। ਐਫਆਈਆਰ ਅਣਪਛਾਤਿਆਂ ਖ਼ਿਲਾਫ਼ ਹੋਈ ਹੈ।' ਉਂਜ ਯੂਨੀਕ ਆਇਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂਆਈਡੀਏਆਈ) ਦੀ ਸ਼ਿਕਾਇਤ 'ਚ ਦਿ ਟ੍ਰਿਬਿਊਨ ਅਤੇ ਉਸ ਦੀ ਰਿਪੋਰਟਰ ਸਮੇਤ ਚਾਰ ਜਣਿਆਂ ਦੇ ਨਾਮ ਸ਼ਾਮਲ ਹਨ ਪਰ ਸ੍ਰੀ ਪ੍ਰਸਾਦ ਨੇ ਕਿਹਾ ਕਿ ਐਫਆਈਆਰ ਅਣਪਛਾਤਿਆਂ' ਖ਼ਿਲਾਫ਼ ਹੈ। ਉਨ੍ਹਾਂ ਕਿਹਾ, ਮੈਂ ਯੂਆਈਡੀਏਆਈ ਨੂੰ ਸੁਝਾਅ ਦਿੱਤਾ ਹੈ ਕਿ ਉਹ ਟ੍ਰਿਬਿਊਨ ਅਤੇ ਉਸ ਦੀ ਪੱਤਰਕਾਰ ਨੂੰ ਬੇਨਤੀ ਕਰਨ ਕਿ ਉਹ ਅਸਲ ਗੁਨਾਹਗਾਰਾਂ ਤਕ ਪਹੁੰਚਣ ਲਈ ਪੁਲੀਸ ਨਾਲ ਸਹਿਯੋਗ ਕਰਨ। ਯੂਆਈਡੀਏਆਈ ਨੇ ਵੀ ਕਿਹਾ ਕਿ ਉਹ ਪ੍ਰੈੱਸ ਦੀ ਆਜ਼ਾਦੀ ਪ੍ਰਤੀ ਵਚਨਬੱਧ ਹੈ ਅਤੇ ਉਹ ਵੀ ਅਖ਼ਬਾਰ ਅਤੇ ਉਸ ਦੀ ਰਿਪੋਰਟਰ ਕੋਲ ਜਾਂਚ 'ਚ ਸਹਿਯੋਗ ਕਰਨ ਲਈ ਪਹੁੰਚ ਕਰਨਗੇ। ਯੂਆਈਡੀਏਆਈ ਨੇ ਟਵੀਟ 'ਚ ਕਿਹਾ ਕਿ ਉਹ ਅਸਲ ਦੋਸ਼ੀਆਂ ਨੂੰ ਫੜਨ ਲਈ ਦਿ ਟ੍ਰਿਬਿਊਨ ਚੰਡੀਗੜ੍ਹ ਅਤੇ ਰਚਨਾ ਖਹਿਰਾ ਤੋਂ ਸਹਿਯੋਗ ਮੰਗਣ ਲਈ ਪੱਤਰ ਲਿਖਣ ਜਾ ਰਹੇ ਹਨ। ਜੇਕਰ ਟ੍ਰਿਬਿਊਨ ਅਤੇ ਉਸ ਦੀ ਪੱਤਰਕਾਰ ਕੋਲ ਦੇਣ ਲਈ ਕੋਈ ਠੋਸ ਸੁਝਾਅ ਹਨ ਤਾਂ ਉਹ ਇਸ ਦਾ ਸਵਾਗਤ ਕਰਨਗੇ।

# 'ਦਿ ਟ੍ਰਿਬਿਊਨ' ਦੇ ਹੱਕ ਵਿੱਚ ਨਿੱਤਰੀ ਕੈਪਟਨ ਸਰਕਾਰ

### ਪੱਤਰਕਾਰ ਵਿਰੁੱਧ ਐਫ.ਆਈ. ਆਰ. ਦਰਜ ਕਰਨ ਦੀ ਨਿੰਦਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਆਧਾਰ ਡੇਟਾ 'ਚ ਸੰਨ ਲਾਉਣ ਦੀ ਖ਼ਬਰ ਨਸ਼ਰ ਕਰਨ ਦੇ ਮਾਮਲੇ 'ਚ ਦਿ ਟ੍ਰਿਬਿਊਨ' ਦੀ ਪੱਤਰਕਾਰ ਖਿਲਾਫ ਐਫ.ਆਈ.ਆਰ. ਦਰਜ ਕਰਨ ਵਿਰੁੱਧ ਪੱਤਰਕਾਰ ਭਾਈਚਾਰੇ ਦੇ ਰੋਸ ਪ੍ਰਦਰਸ਼ਨ ਦਾ ਸਮਰਥਨ ਕੀਤਾ ਹੈ।
ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੋਂ ਇਲਾਵਾ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਮੰਗਲਵਾਰ ਨੂੰ ਐਫ.ਆਈ.ਆਰ. ਰੱਦ ਕਰਨ ਦੀ ਮੰਗ ਨੂੰ ਲੈ ਕੇ ਟ੍ਰਿਬਊਨ ਮੁਲਾਜ਼ਮਾਂ ਵੱਲੋਂ ਕੀਤੇ ਰੋਸ ਮੁਜ਼ਾਹਰੇ ਵਿੱਚ ਪਹੁੰਚ ਕੇ ਹਮਾਇਤ ਦਿੱਤੀ।
ਸੁਨੀਲ ਜਾਖੜ ਨੇ ਕੇਂਦਰ ਸਰਕਾਰ ਦੇ ਮੌਜੂਦਾ ਹਾਕਮਾਂ ਵੱਲੋਂ ਮੀਡੀਆ 'ਤੇ ਕੀਤੇ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਪੱਤਰਕਾਰ ਗੌਰੀ ਲੰਕੇਸ਼ ਅਤੇ ਅਜਿਹੀਆਂ ਹੋਰ ਘਟਨਾਵਾਂ ਰਾਹੀਂ ਮੀਡੀਆ 'ਤੇ ਕੀਤੇ ਹਮਲੇ ਦਾ ਵੀ ਜ਼ਿਕਰ ਕੀਤਾ।
ਜਾਖੜ ਨੇ ਕਿਹਾ ਕਿ ਜਦੋਂ ਭਾਜਪਾ ਵਿਰੋਧੀ ਧਿਰ ਵਿੱਚ ਸੀ ਤਾਂ ਉਸ ਨੇ ਆਧਾਰ ਦੀ ਮੁਖ਼ਾਲਫ਼ਤ ਕੀਤੀ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਆਧਾਰ ਪ੍ਰਣਾਲੀ ਵਿਚਲੀਆਂ ਖਾਮੀਆਂ ਨੂੰ ਦਰੁਸਤ ਕਰਨਾ ਚਾਹੀਦਾ ਹੈ ਅਤੇ ਨਿੱਜਤਾ ਦੀ ਸੁਰੱਖਿਆ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਆਧਾਰ ਡੇਟਾ 'ਚ ਸੰਨ ਨਾਲ ਜੁੜੇ ਸਮੁੱਚੇ ਮਾਮਲੇ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।
ਬਾਜਵਾ ਅਤੇ ਜਾਖੜ ਨੇ ਆਖਿਆ ਕਿ ਪੱਤਰਕਾਰ ਨੇ ਤਾਂ ਸਿਰਫ ਆਪਣੀ ਜ਼ਿੰਮੇਵਾਰੀ ਦਾ ਫਰਜ਼ ਨਿਭਾਇਆ ਹੈ।ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਗਲਤੀ ਜਾਂ ਦੋਸ਼ ਦੇ ਇਕ ਪੱਤਰਕਾਰ ਖਿਲਾਫ ਕਾਰਵਾਈ ਕਿਵੇਂ ਕੀਤੀ ਜਾ ਸਕਦੀ ਹੈ। ਠੁਕਰਾਲ ਨੇ ਰੋਸ ਪ੍ਰਦਰਸ਼ਨ ਦੌਰਾਨ ਮੁਜ਼ਾਹਰਾ ਕਰ ਰਹੇ ਟ੍ਰਿਬਊਨ ਮੁਲਾਜ਼ਮਾਂ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਨਿੱਜੀ ਸਮਰਥਨ ਦਾ ਸੰਦੇਸ਼ ਪਹੁੰਚਾਇਆ। ਠੁਕਰਾਲ ਨੇ ਕਿਹਾ ਕਿ ਮੁੱਖ ਮੰਤਰੀ ਦੀ ਸਿਹਤ ਨਾਸਾਜ਼ ਹੋਣ ਕਰਕੇ ਭਾਵੇਂ ਉਹ ਨਿੱਜੀ ਤੌਰ 'ਤੇ ਇੱਥੇ ਆ ਕੇ ਉਨ੍ਹਾਂ ਨੂੰ ਨਹੀਂ ਮਿਲ ਸਕੇ ਪਰ ਮੁੱਖ ਮੰਤਰੀ ਨੇ ਪ੍ਰੈਸ ਦੀ ਆਜ਼ਾਦੀ ਬਰਕਰਾਰ ਰੱਖਣ ਲਈ ਮੀਡੀਆ ਨੂੰ ਸਰਕਾਰ ਵੱਲੋਂ ਪੂਰੀ ਹਮਾਇਤ ਦੇਣ ਦਾ ਭਰੋਸਾ ਦਿੱਤਾ।
ਠੁਕਰਾਲ ਨੇ ਕਿਹਾ ਕਿ ਮੁੱਖ ਮੰਤਰੀ ਇਸ ਗੱਲ ਦੇ ਹੱਕ ਵਿੱਚ ਹਨ ਕਿ ਆਧਾਰ ਡਾਟਾ 'ਚ ਸੰਨ ਲਾਉਣ ਦੀਆਂ ਚੋਰ-ਮੋਰੀਆਂ ਦਾ ਪਰਦਾਫਾਸ਼ ਕਰਨ ਵਾਲਿਆਂ 'ਤੇ ਕਾਰਵਾਈ ਕਰਨ ਦੇ ਬਜਾਏ ਕੇਂਦਰ ਸਰਕਾਰ ਵੱਲੋਂ ਇਹ ਖਾਮੀਆਂ ਮਿਟਾਉਣ ਲਈ ਠੋਸ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਵਿਚਲੀ ਕਾਂਗਰਸ ਸਰਕਾਰ ਜਮਹੂਰੀਅਤ ਦੇ ਚੌਥੇ ਥੰਮ ਦੀ ਰਾਖੀ ਲਈ ਪੂਰੀ ਵਾਹ ਲਾਵੇਗੀ।
ਠੁਕਰਾਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੇਂਦਰ ਵੱਲੋਂ ਕੀਤੀ ਕਾਰਵਾਈ 'ਤੇ ਉਨ੍ਹਾਂ ਨੂੰ ਖ਼ੁਦ ਹੈਰਾਨੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਪੱਤਰਕਾਰ ਖਿਲਾਫ਼ ਦਰਜ ਐਫ.ਆਈ.ਆਰ. ਵਾਪਸ ਲੈ ਕੇ ਦਿ ਟ੍ਰਿਬਿਊਨ' ਵੱਲੋਂ ਆਧਾਰ ਡਾਟੇ 'ਚ ਸੰਨ ਲਾਉਣ ਬਾਰੇ ਨਸ਼ਰ ਕੀਤੀ ਰਿਪੋਰਟ ਦੀ ਤਹਿ ਤੱਕ ਜਾਂਚ ਕਰਵਾਈ ਜਾਵੇ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar

ਤੁਹਾਡੀ ਆਪਣੀ
MJSB ਟਰਾਂਸਪੋਰਟੇਸ਼ਨ



ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ

**Wanted Owner Operators and Experienced Drivers.**

Long and Local Routes, all 50 states.
Drivers: 42 cents to 50 cents per mile.

Owner Operators: With own Truck/Trailer get 92% of gross (6% Dispatch+ Insurance).
Using company trailer get 80% of gross.
Fuel Discount: 25 Cents To 40 Cents Per Gallon @ Pilot, Flying J, TA And Petro.
Direct deposit available.

- ਪੇਮੈਂਟ ਹਰ ਲੋਡ ਤੋਂ ਬਾਅਦ ਆਪਣੇ ਆਪ ਹੀ ਅਕਾਊਂਟਸ ਵਿਚ ਪਾ ਦਿੱਤੀ ਜਾਵੇਗੀ
- ਤੁਸੀਂ ਸਹੂਲਤ ਲਈ ਆਪਣੀ ਲੇਨ ਦੇ ਲੋਡ ਪਿਕ ਕਰ ਸਕਦੇ ਹੋ।

ਜੇ ਤੁਹਾਨੂੰ ਟਰੱਕ ਦੇ ਲੋਡ ਬੁੱਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ। (ਤੁਸੀਂ ਗਾਰੰਟੀ ਨਾਲ $6000 ਤੋਂ $8000 ਪ੍ਰਤੀ ਹਫ਼ਤੇ ਕਮਾ ਸਕਦੇ ਹੋ)

ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ। (ਨਵੇਂ ਲਾਇਸੰਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)

ਸੰਪਰਕ ਕਰੋ:
ਗਗਨ ਸਿੰਘ: 917-518-5125
ਸਿਮਰਨ ਸਿੰਘ: 469-235-3077

# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, الاتحاد ETIHAD AIRWAYS, Lufthansa, QATAR AIRWAYS القطرية

BBB IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com


HAPPY LOHRI
SHER®
BRAR
SWEET CORN FLOUR
CORN FLOUR
ਮੱਕੀ ਦਾ ਆਟਾ • मक्की का आटा
4 lb
1.81 kg
MILLED IN CANADA
MOULU AU CANADA
SHER
DURUM ATTA
DESI
STYLE
20 lb
9.07 kg
www.sherbrarmills.com